@Qpatrika @qaumipatrika punjabi instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 10 February 2024
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 10 ਫਰਵਰੀ 2024, 25 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 71, qpatrika@gmail.com ਫੋਨ : 9971359517 www.qaumipatrika.org

## ਵਿਕਾਸ ਦੇ ਨਾਂ 'ਤੇ ਆਦਿਵਾਸੀਆਂ ਦੀ ਖੋਹੀ ਜਾ ਰਹੀ ਹੈ ਜਮੀਨ : ਰਾਹੁਲ ਗਾਂਧੀ

ਗੁਮਲਾ/ਖੁੰਟੀ 9 ਫਰਵਰੀ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਦੇਸ ਵਿਚ ਵਿਕਾਸ ਦੇ ਨਾਂ 'ਤੇ ਆਦਿਵਾਸੀਆਂ ਦੀ ਜਮੀਨ ਖੋਹੀ ਜਾ ਰਹੀ ਹੈ। ਗਾਂਧੀ ਦੀ 'ਭਾਰਤ ਜੋੜੋ ਨਿਆਏ ਯਾਤਰਾ' ਅੱਜ ਯਾਨੀ ਮੰਗਲਵਾਰ ਸਵੇਰੇ ਫਿਰ ਝਾਰਖੰਡ ਦੇ ਖੁੰਟੀ ਜਿ਼ਲ੍ਹੇ ਤੋਂ ਸ਼ੁਰੂ ਹੋਈ। ਉਨ੍ਹਾਂ ਦੋਸ ਲਾਇਆ ਕਿ



ਸੂਬੇ ਦੀ ਪਿਛਲੀ ਭਾਜਪਾ ਸਰਕਾਰ ਨੇ ਕਈ ਏਕੜ ਆਦਿਵਾਸੀਆਂ ਦੀ ਜਮੀਨ ਐਕਵਾਇਰ ਕੀਤੀ ਸੀ ਪਰ ਇਸ ਜਮੀਨ ਦਾ ਕੋਈ ਇਸਤੇਮਾਲ ਨਹੀਂ ਕੀਤਾ ਗਿਆ। ਯਾਤਰਾ ਦੇ ਅਧੀਨ ਗੁਮਲਾ ਜਿ਼ਲ੍ਹੇ ਦੇ ਕਾਮਡਾਰਾ ਚੌਕ ਵਿਖੇ ਰੋਡ ਸੋਅ ਦੌਰਾਨ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਸੰਸਦ ਮੈਂਬਰ ਨੇ ਕਿਹਾ,"ਮੈਂ ਇੱਥੇ ਝਾਰਖੰਡ ਵਿਚ ਬਹੁਤ ਸਾਰੀਆਂ ਆਦਿਵਾਸੀ ਔਰਤਾਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਵਿਕਾਸ ਦੇ ਨਾਂ 'ਤੇ ਉਨ੍ਹਾਂ ਦੀ ਜਮੀਨ ਖੋਹ ਕੇ ਅੰਤ 'ਚ ਕਾਰੋਬਾਰੀਆਂ ਜਾਂ ਐਨ.ਜੀ.ਓ. ਨੂੰ ਦੇ ਦਿੱਤੀ ਗਈ। ਆਦਿਵਾਸੀਆਂ ਲਈ ਇਹ ਇਕ ਵੱਡਾ ਮੁੱਦਾ ਹੈ।" ਉਨ੍ਹਾਂ ਕਿਹਾ ਕਿ ਕੇਂਦਰ ਦੀ ਕਾਂਗਰਸ ਦੀ ਅਗਵਾਈ ਵਾਲੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਨੇ ਭੂਮੀ ਗ੍ਰਹਿਣ ਕਾਨੂੰਨ ਲਿਆਂਦਾ ਸੀ, ਜਿਸ ਤਹਿਤ ਇਹ ਵਿਵਸਥਾ ਕੀਤੀ ਗਈ ਸੀ ਕਿ ਗ੍ਰਾਮ ਸਭਾ ਦੀ ਸਹਿਮਤੀ ਤੋਂ ਬਿਨਾਂ ਕਿਸੇ ਆਦਿਵਾਸੀ ਦੀ ਜਮੀਨ ਨਹੀਂ ਲਈ ਜਾਵੇਗੀ। ਗਾਂਧੀ ਨੇ ਦਾਅਵਾ ਕੀਤਾ,"ਕਾਨੂੰਨ ਦੇ ਉਪਬੰਧਾਂ ਦੇ ਅਨੁਸਾਰ, ਭਾਵੇਂ ਉਨ੍ਹਾਂ ਦੀ ਜਮੀਨ ਲੈ ਲਈ ਜਾਂਦੀ ਹੈ, ਉਨ੍ਹਾਂ ਨੂੰ ਮਾਰਕੀਟ ਰੇਟ ਤੋਂ ਚਾਰ ਗੁਣਾ ਮੁਆਵਜਾ ਦਿੱਤਾ ਜਾਵੇਗਾ ਅਤੇ ਜੇਕਰ ਐਕੁਆਇਰ ਕੀਤੀ ਜਮੀਨ ਦਾ ਇਸਤੇਮਾਲ ਪੰਜ ਸਾਲਾਂ ਤੱਕ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਸਲ ਮਾਲਕ ਨੂੰ ਸੌਂਪਣਾ ਹੋਵੇਗਾ। ਉਨ੍ਹਾਂ ਨੇ ਝਾਰਖੰਡ ਦੀ ਪਿਛਲੀ ਭਾਜਪਾ ਸਰਕਾਰ 'ਤੇ ਇਹ ਵੀ ਦੋਸ ਲਗਾਇਆ ਕਿ "ਲੈਂਡ ਬੈਂਕ ਬਣਾਉਣ ਲਈ ਆਦਿਵਾਸੀਆਂ ਦੀ ਲੱਖਾਂ ਏਕੜ ਜਮੀਨ ਐਕੁਆਇਰ ਕਰਨ ਅਤੇ ਫਿਰ ਇਸ ਦਾ ਕੋਈ ਇਸਤੇਮਾਲ ਨਹੀਂ ਕਰਨ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਕਿਹਾ,"ਹੁਣ ਆਦਿਵਾਸੀ ਆਪਣੀ ਜਮੀਨ ਵਾਪਸ ਚਾਹੁੰਦੇ ਹਨ।"

## ਜਿਸ ਕਾਂਗਰਸ ਨੂੰ ਆਪਣੇ ਨੇਤਾ ਦੀ ਗਰੰਟੀ ਨਹੀਂ, ਉਹ ਮੇਰੀ ਗਰੰਟੀ 'ਤੇ ਸਵਾਲ ਚੁੱਕ ਰਹੇ: ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 9 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਨੂੰ ਸੰਬੋਧਿਤ ਕੀਤਾ। ਸੰਸਦ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਵਿਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਭਾਸ਼ਣ ਦਿੱਤਾ ਸੀ। ਰਾਸ਼ਟਰਪਤੀ ਦੇ ਭਾਸ਼ਣ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਧੰਨਵਾਦ ਪ੍ਰਸਤਾਵ ਦਾ ਜਵਾਬ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚਰਚਾ ਦੌਰਾਨ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨੇ ਭਾਸ਼ਣ ਦੌਰਾਨ ਕਾਂਗਰਸ 'ਤੇ ਜੰਮ ਕੇ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਖਾਸ ਧੰਨਵਾਦ ਦਿੱਤਾ। ਮੈਂ ਉਨ੍ਹਾਂ ਨੂੰ ਸੁਣ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਆਜਾਦੀ ਮਿਲੀ ਕਿਵੇਂ, ਇੰਨਾ ਬੋਲਣ ਦੀ ਆਜਾਦੀ ਕਿਵੇਂ ਮਿਲੀ। ਖੜਗੇ ਜੀ ਨੂੰ ਚੌਕੇ-ਛੱਕੇ ਮਾਰਨ 'ਤੇ ਮਜਾ ਆ ਰਿਹਾ ਸੀ। ਉਨ੍ਹਾਂ ਨੇ ਨੂੰ 400 ਸੀਟਾਂ ਦਾ ਆਸ਼ੀਰਵਾਦ ਦਿੱਤਾ। ਉਨ੍ਹਾਂ ਦਾ ਆਸ਼ੀਰਵਾਦ ਸਿਰ ਮੱਥੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਆਵਾਜ ਦਾ ਗਲਾ ਘੁੱਟਣ ਦਾ ਪੁਰਾਣੇ ਸਦਨ ਵਿਚ ਕੋਸ਼ਿਸ਼ ਕੀਤੀ ਗਈ ਸੀ। ਮੇਰੀ ਆਵਾਜ ਨੂੰ ਤੁਸੀਂ ਦਬਾਅ ਨਹੀਂ ਸਕਦੇ। ਦੇਸ਼ ਦੀ ਜਨਤਾ ਨੇ ਇਸ ਆਵਾਜ ਨੂੰ ਤਾਕਤ ਦਿੱਤੀ ਹੈ। ਇਸ ਵਾਰ ਮੈਂ ਪੂਰੀ ਤਿਆਰੀ ਨਾਲ ਆਇਆ ਹਾਂ। ਕਾਂਗਰਸ 'ਤੇ ਹਮਲਾ ਬੋਲਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ



ਇਸ ਵਾਰ ਕਾਂਗਰਸ 40 ਪਾਰ ਨਹੀਂ ਕਰ ਸਕੇਗੀ। ਕਾਂਗਰਸ ਪਾਰਟੀ ਸੋਚ ਤੋਂ ਪਰੇ ਹੋ ਗਈ ਹੈ। ਜਦੋਂ ਸੋਚ ਪੁਰਾਣੀ ਹੋ ਗਈ ਹੈ ਤਾਂ ਉਨ੍ਹਾਂ ਨੇ ਆਪਣਾ ਕੰਮ ਵੀ ਆਊਟਸੋਰਸ ਕਰ ਲਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ 10 ਸਾਲਾਂ 'ਚ ਦੇਸ ਨੂੰ 11ਵੇਂ ਨੰਬਰ 'ਤੇ ਲਿਆਉਣ 'ਚ ਕਾਮਯਾਬ ਰਹੀ ਹੈ। ਅਸੀਂ 10 ਸਾਲਾਂ ਵਿਚ ਨੰਬਰ 5 ਲੈ ਆਏ ਹਾਂ। ਇਹ ਕਾਂਗਰਸ ਸਾਨੂੰ ਆਰਥਿਕ ਨੀਤੀਆਂ 'ਤੇ ਭਾਸ਼ਣ ਦੇ ਰਹੀ ਹੈ। ਜਿਨ੍ਹਾਂ ਨੇ ਕਦੇ ਵੀ ਜਨਰਲ ਵਰਗ ਨਾਲ ਸਬੰਧਤ ਗਰੀਬਾਂ ਨੂੰ ਰਾਖਵਾਂਕਰਨ ਨਹੀਂ ਦਿੱਤਾ। ਜਿਸ ਨੇ ਬਾਬਾ ਸਾਹਿਬ ਨੂੰ ਭਾਰਤ ਰਤਨ ਨਹੀਂ ਦਿੱਤਾ, ਜਿਸ ਨੇ ਦੇਸ ਦੀਆਂ ਸੜਕਾਂ ਅਤੇ ਚੌਰਾਹਿਆਂ ਦਾ ਨਾਮ ਆਪਣੇ ਹੀ ਪਰਿਵਾਰ ਦੇ ਨਾਂ 'ਤੇ ਰੱਖਿਆ, ਉਹ ਸਾਨੂੰ ਸਮਾਜਿਕ ਨਿਆਂ ਦਾ ਭਾਸਣ ਦੇ ਰਿਹਾ ਹੈ। ਜਿਸ ਕਾਂਗਰਸ ਕੋਲ ਆਪਣੇ ਨੇਤਾ ਦੀ ਕੋਈ ਗਰੰਟੀ ਨਹੀਂ ਹੈ, ਉਸ ਦੀ ਨੀਤੀ ਦੀ ਕੋਈ ਗਰੰਟੀ ਨਹੀਂ ਹੈ। ਉਹ ਮੋਦੀ ਦੀ ਗਰੰਟੀ 'ਤੇ ਸਵਾਲ ਚੁੱਕ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਸ ਕਾਂਗਰਸ ਨੇ ਸੱਤਾ ਦੇ ਲਾਲਚ 'ਚ ਲੋਕਤੰਤਰ ਦਾ ਗਲਾ ਘੁੱਟ ਦਿੱਤਾ ਸੀ। ਜਿਸ ਕਾਂਗਰਸ ਨੇ ਲੋਕਤੰਤਰੀ ਢੰਗ ਨਾਲ ਚੁਣੀਆਂ ਹੋਈਆਂ ਸਰਕਾਰਾਂ ਨੂੰ ਬਰਖਾਸਤ ਕੀਤਾ ਸੀ, ਜਿਸ ਕਾਂਗਰਸ ਨੇ ਦੇਸ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਮਰਿਆਦਾ ਨੂੰ ਬੰਦੀ ਬਣਾ ਲਿਆ ਸੀ। ਜਿਨ੍ਹਾਂ ਨੇ ਅਖਬਾਰਾਂ ਨੂੰ ਤਾਲੇ ਲਾਉਣ ਦੀ ਕੋਸਿ਼ਸ ਕੀਤੀ। ਹੁਣ ਉੱਤਰ ਅਤੇ ਦੱਖਣ ਨੂੰ ਵੰਡਣ ਦੇ ਬਿਆਨ ਦਿੱਤੇ ਜਾ ਰਹੇ ਹਨ। ਇਹ ਕਾਂਗਰਸ ਸਾਨੂੰ ਲੋਕਤੰਤਰ 'ਤੇ ਭਾਸਣ ਦੇ ਰਹੀ ਹੈ।

## ਜਗਦੀਸ਼ ਟਾਈਟਲਰ ਤੋਂ ਕਾਂਗਰਸ ਨੇ ਕੀਤਾ 'ਕਿਨਾਰਾ'

ਨਵੀਂ ਦਿੱਲੀ 9 ਫਰਵਰੀ। ਕਾਂਗਰਸ ਪਾਰਟੀ ਲੋਕ ਸਭਾ ਚੋਣਾਂ 2024 ਨੂੰ ਵੇਖਦੇ ਹੋਏ ਬੇਕਾਰ ਦੇ ਵਿਵਾਦਾਂ ਤੋਂ ਬਚਣਾ ਚਾਹੁੰਦੀ ਹੈ। ਕਾਂਗਰਸ, ਪਾਰਟੀ ਦੇ ਸੀਨੀਅਰ ਨੇਤਾ ਜਗਦੀਸ਼ ਟਾਈਟਲਰ ਤੋਂ 'ਕਿਨਾਰਾ' ਕਰਦੀ ਨਜਰ ਆ ਰਹੀ ਹੈ। ਦਰਅਸਲ ਕਾਂਗਰਸ ਨੇ ਟਾਈਟਲਰ ਨੂੰ ਲੋਕ ਸਭਾ ਚੋਣਾਂ ਲਈ ਕਿਸੇ ਵੀ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਅਤੇ ਨਾ ਪ੍ਰਚਾਰ ਮੁਹਿੰਮ ਨਾਲ ਜੋੜਿਆ ਹੈ। ਇਸ ਦਾ ਸਿੱਧਾ-ਸਿੱਧਾ ਮਤਲਬ ਹੈ ਕਿ ਕਾਂਗਰਸ ਨੇ ਜਗਦੀਸ਼ ਟਾਈਟਲਰ ਤੋਂ ਕਿਨਾਰਾ ਕਰ ਲਿਆ ਹੈ। ਜਿ਼ਕਰਯੋਗ ਹੈ ਕਿ ਮੰਗਲਵਾਰ ਦੇਰ ਰਾਤ ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਨੇ ਲੋਕ ਸਭਾ ਚੋਣਾਂ ਲਈ ਸੂਬਾ ਕਾਂਗਰਸ ਦੀਆਂ ਚਾਰ ਅਹਿਮ ਕਮੇਟੀਆਂ ਦਾ ਐਲਾਨ ਕੀਤਾ। ਚੋਣ ਕਮੇਟੀ, ਸਿਆਸੀ ਮਾਮਲਿਆਂ ਦੀ ਕਮੇਟੀ, ਮੈਨੀਫੈਸਟੋ ਕਮੇਟੀ ਅਤੇ ਅਨੁਸਾਸਨੀ ਕਮੇਟੀ। ਅਰਵਿੰਦਰ ਸਿੰਘ ਲਵਲੀ ਨੂੰ ਚੋਣ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ ਜਦਕਿ ਉਨ੍ਹਾਂ ਨਾਲ 51 ਹੋਰ ਆਗੂ ਸਾਮਲ ਕੀਤੇ ਗਏ ਹਨ। ਸੂਬਾ ਇੰਚਾਰਜ ਦੀਪਕ ਬਾਬਰੀਆ ਨੂੰ ਸਿਆਸੀ ਮਾਮਲਿਆਂ ਬਾਰੇ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। 45 ਹੋਰ ਆਗੂ ਉਨ੍ਹਾਂ ਦੇ ਨਾਲ ਹੋਣਗੇ। ਮੈਨੀਫੈਸਟੋ ਕਮੇਟੀ ਦੀ ਜਿ਼ੰਮੇਵਾਰੀ ਸਾਬਕਾ ਸੂਬਾ ਪ੍ਰਧਾਨ ਅਨਿਲ ਚੌਧਰੀ ਨੂੰ ਸੌਂਪੀ ਗਈ ਹੈ।

## ਭਾਰਤ ਸਰਕਾਰ ਨੂੰ ਆਪਣੀ ਗਲਤੀ ਸੁਧਾਰਨੀ ਚਾਹੀਦੀ ਹੈ, ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਐਲਾਨ ਵਾਪਿਸ ਲਓ !

**ਏਜੰਸੀਆਂ**

ਨਵੀਂ ਦਿੱਲੀ 9 ਫਰਵਰੀ। ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਅੱਜ ਇੱਕ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਸਰਕਾਰ ਨੇ ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਐਲਾਨ ਕਰਕੇ ਬਹੁਤ ਹੀ ਗਲਤ ਫੈਸਲਾ ਲਿਆ ਹੈ। ਆਲ ਇੰਡੀਆ ਕਾਨਫਰੰਸ ਤੋਂ ਬੱਬਰ ਨੇ ਕਿਹਾ ਹੈ ਕਿ ਨਵੰਬਰ 1984 ਵਿੱਚ ਹਜਾਰਾਂ ਸਿੱਖਾਂ ਦੇ ਕਤਲੇਆਮ ਵਿੱਚ ਭਾਰਤ ਦੇ ਤਤਕਾਲੀ ਗ੍ਰਹਿ ਮੰਤਰੀ ਨਰਸਿਮਹਾ ਰਾਓ ਦੀ ਵੱਡੀ ਭੂਮਿਕਾ ਸੀ।ਉਸ ਸਮੇਂ ਸਵਰਗੀ ਸ੍ਰੀ ਅਟਲ ਬਿਹਾਰੀ ਵਾਜਪਾਈ, ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਸਾਰੇ ਵਿਰੋਧੀ ਨੇਤਾਵਾਂ ਨੇ ਵਾਰ-ਵਾਰ ਨਰਸਿਮਹਾ ਰਾਓ ਦੀ ਆਲੋਚਨਾ ਕੀਤੀ ਟੈਲੀਫੋਨ 'ਤੇ ਮਿਲਣ ਦਾ ਸਮਾਂ ਮੰਗਦੇ ਰਹੇ ਪਰ ਨਰਸਿਮਹਾ ਰਾਓ ਨੇ ਲੰਬੇ ਸਮੇਂ ਬਾਅਦ ਮਿਲਣ ਦਾ ਸਮਾਂ ਦਿੱਤਾ। ਇਸ ਤੋਂ ਪਹਿਲਾਂ ਨਰਸਿਮਹਾ ਰਾਓ ਦਾ ਦਫਤਰ ਵਿਰੋਧੀ ਨੇਤਾਵਾਂ ਨੂੰ ਕਹਿੰਦਾ ਰਿਹਾ ਕਿ ਉਨ੍ਹਾਂ ਕੋਲ ਫਿਲਹਾਲ ਮਿਲਣ ਦਾ ਸਮਾਂ ਨਹੀਂ ਹੈ। ਜਦੋਂ ਨਰਸਿਮਹਾ ਰਾਓ ਨੇ ਵਿਰੋਧੀ ਨੇਤਾਵਾਂ ਨਾਲ ਮੁਲਾਕਾਤ ਕੀਤੀ, ਸਾਰੇ ਵਿਰੋਧੀ ਨੇਤਾਵਾਂ ਨੇ ਨਰਸਿਮਹਾ ਰਾਓ ਨੂੰ ਕਿਹਾ ਕਿ ਸਥਿਤੀ ਬਹੁਤ ਖਰਾਬ ਹੋ ਗਈ ਹੈ, ਕਤਲੇਆਮ ਹੋ ਰਿਹਾ ਹੈ, ਤੁਸੀਂ ਤੁਰੰਤ ਫੌਜ ਨੂੰ ਬੁਲਾਓ। ਉਸ ਸਮੇਂ 5000 ਨਿਰਦੋਸ ਸਿੱਖ ਮਾਰੇ ਗਏ, ਹਜਾਰਾਂ ਸਿੱਖ ਪਰਿਵਾਰ ਮੁਸੀਬਤ ਵਿੱਚ ਸਨ, ਸੈਂਕੜੇ ਗੁਰਦੁਆਰੇ ਜਖਮੀ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ, ਸੈਂਕੜੇ ਔਰਤਾਂ ਨਾਲ ਬਲਾਤਕਾਰ ਕੀਤੇ ਗਏ, ਅਰਬਾਂ ਰੁਪਏ ਦੀ ਸਿੱਖ ਜਾਇਦਾਦ ਨੂੰ ਸਾੜਿਆ ਗਿਆ ਅਤੇ ਲੁੱਟਿਆ ਗਿਆ। ਦਿੱਲੀ ਪੁਲਿਸ ਉਸ ਸਮੇਂ ਗ੍ਰਹਿ ਮੰਤਰੀ ਨਰਸਿਮਹਾ ਰਾਓ ਦੇ ਹੱਥ ਸੀ ਅਤੇ



ਨਰਸਿਮਹਾ ਰਾਓ ਦੇ ਹੁਕਮਾਂ 'ਤੇ ਦਿੱਲੀ ਪੁਲਿਸ ਨੇ ਮਾਰੇ ਗਏ ਸਿੱਖਾਂ ਦੀਆਂ ਲਾਸਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਸੌਂਪੀਆਂ, ਐਫਆਈਆਰ ਨਹੀਂ ਲਿਖੀ ਗਈ, ਪੋਸਟ ਮਾਰਟਮ ਨਹੀਂ ਕਰਵਾਇਆ ਗਿਆ, ਮ੍ਰਿਤਕ ਸਿੱਖਾਂ ਦੀਆਂ ਲਾਸਾਂ ਸਮਸਾਨਘਾਟ ਵਿੱਚ ਰੱਖੀਆਂ ਜਾਂਦੀਆਂ ਸਨ, ਅੰਤਿਮ ਸੰਸਕਾਰ ਨਹੀਂ ਕੀਤਾ ਜਾਂਦਾ ਸੀ, ਸਿੱਖ ਧਰਮ ਅਨੁਸਾਰ ਧਾਰਮਿਕ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕਿਸੇ ਵੀ ਗੁਰਦੁਆਰਾ ਸਾਹਿਬ ਤੋਂ ਭਾਈ ਜੀ ਜਾਂ ਗ੍ਰੰਥੀ ਸਾਹਿਬ ਨਹੀਂ ਬੁਲਾਇਆ ਜਾਂਦਾ ਸੀ। ਸਿੱਖਾਂ ਦਾ ਕਤਲੇਆਮ ਕਰਨ ਵਾਲੇ ਉਨ੍ਹਾਂ ਨੂੰ ਮਾਰ ਕੇ ਚਲੇ ਗਏ।ਉਸ ਤੋਂ ਬਾਅਦ ਨਰਸਿਮਹਾ ਰਾਓ ਦੇ ਹੁਕਮਾਂ 'ਤੇ ਸਿੱਖਾਂ ਦੀਆਂ ਲਾਸਾਂ ਨੂੰ ਟਰੱਕਾਂ ਵਿਚ ਇਕੱਠਾ ਕਰਕੇ, ਅਰਾਵਲੀ ਦੀਆਂ ਪਹਾੜੀਆਂ ਅਤੇ ਦਿੱਲੀ ਦੇ ਆਲੇ-ਦੁਆਲੇ ਦੇ ਜੰਗਲਾਂ ਵਿਚ ਲਿਜਾਇਆ ਗਿਆ ਅਤੇ ਪੈਟਰੋਲ, ਡੀਜਲ ਅਤੇ ਰਸਾਇਣਾਂ ਨਾਲ ਸਾੜ ਦਿੱਤਾ ਗਿਆ। ਹੁਣ ਭਾਰਤ ਸਰਕਾਰ ਨੇ ਹਜਾਰਾਂ ਸਿੱਖਾਂ ਦੇ ਕਾਤਲ ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇ ਕੇ ਦੇਸ ਅਤੇ ਦੁਨੀਆ ਦੇ ਸਿੱਖਾਂ ਨੂੰ ਬੁਰੀ ਤਰ੍ਹਾਂ ਨਾਲ ਜਖਮੀ ਕਰ ਦਿੱਤਾ ਹੈ, ਭਾਰਤ ਸਰਕਾਰ ਦਾ ਇਹ ਬਹੁਤ ਹੀ ਗਲਤ ਫੈਸਲਾ ਹੈ, ਜਿਸ ਦੀ ਸਿੱਖ ਕੌਮ ਸਖਤੀ ਨਾਲ ਵਿਰੋਧ ਕਰੇਗੀ। ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਗਲਤੀ ਸੁਧਾਰੇ ਅਤੇ ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਐਲਾਨ ਵਾਪਸ ਲਵੇ। ਨਹੀਂ ਤਾਂ ਇਸ ਫੈਸਲੇ ਦੀ ਗੂੰਜ ਪੂਰੀ ਦੁਨੀਆ ਵਿਚ ਉੱਚੀ-ਉੱਚੀ ਸੁਣਾਈ ਦੇਵੇਗੀ! ਜੋ ਕਿ ਸਾਡੇ ਪਿਆਰੇ ਰਾਸਟਰ ਦੇ ਹਿੱਤ ਵਿੱਚ ਨਹੀਂ ਹੋਵੇਗਾ!

## ਬੋਰਡ ਪ੍ਰੀਖਿਆ ਨੂੰ ਲੈ ਕੇ ਸਰਕਾਰ ਨੇ ਲਿਆ ਵੱਡਾ ਫੈਸਲਾ, ਬਣਾਉਣ ਜਾ ਰਹੀ ਨਵਾਂ ਬੋਰਡ

ਗੁਹਾਟੀ 9 ਫਰਵਰੀ। ਆਸਾਮ ਸਰਕਾਰ ਨੇ ਸੈਕੰਡਰੀ ਸਿੱਖਿਆ ਦੇ ਪ੍ਰਬੰਧਨ ਲਈ 10ਵੀਂ ਅਤੇ 12ਵੀਂ ਜਮਾਤ ਦੇ ਰਾਜ ਬੋਰਡ ਦਾ ਰਲੇਵਾਂ ਕਰ ਕੇ ਇਕ ਨਵਾਂ ਬੋਰਡ ਬਣਾਉਣ ਦਾ ਬੁੱਧਵਾਰ ਨੂੰ ਪ੍ਰਸਤਾਵ ਰੱਖਿਆ। ਆਸਾਮ ਸਰਕਾਰ ਨੇ ਰਾਜ 'ਚ 12ਵੀਂ ਜਮਾਤ ਤੱਕ ਦੀ ਸਿੱਖਿਆ ਪ੍ਰਣਾਲੀ ਨੂੰ ਕੰਟਰੋਲ ਕਰਨ ਲਈ ਇਕ ਨਵਾਂ ਬੋਰਡ ਬਣਾਉਣ ਲਈ ਵਿਧਾਨ ਸਭਾ 'ਚ 'ਆਸਾਮ ਰਾਜ ਸਕੂਲ ਸਿੱਖਿਆ ਬੋਰਡ ਬਿੱਲ 2024' ਪੇਸ਼ ਕੀਤਾ। ਬਿੱਲ ਅਨੁਸਾਰ, ਆਸਾਮ ਸੈਕੰਡਰੀ ਸਿੱਖਿਆ ਬੋਰਡ, ਆਸਾਮ (ਐੱਸ.ਈ.ਬੀ.ਏ.) ਅਤੇ ਆਸਾਮ ਉੱਚ ਸੈਕੰਡਰੀ ਸਿੱਖਿਆ ਪ੍ਰੀਸ਼ਦ (ਏ.ਐੱਚ.ਐੱਸ.ਈ.ਸੀ.) ਦਾ ਰਲੇਵਾਂ ਕਰ ਕੇ ਇਕ ਨਵਾਂ ਬੋਰਡ 'ਆਸਾਮ ਰਾਜ ਸਕੂਲ ਸਿੱਖਿਆ ਬੋਰਡ' (ਏ.ਐੱਸ.ਐੱਸ.ਈ.ਬੀ.) ਬਣਾਇਆ ਜਾਵੇਗਾ। ਬਿੱਲ ਅਨੁਸਾਰ, ਇਹ ਬਿੱਲ ਮੌਜੂਦਾ ਆਸਾਮ ਸੈਕੰਡਰੀ ਸਿੱਖਿਆ ਬੋਰਡ ਅਤੇ ਆਸਾਮ ਹਾਇਰ ਸੈਕੰਡਰੀ ਸਿੱਖਿਆ ਪ੍ਰੀਸ਼ਦ ਦਾ ਰਲੇਵਾਂ ਕਰ ਕੇ ਰਾਜ 'ਚ ਸੈਕੰਡਰੀ ਸਿੱਖਿਆ ਨੂੰ ਨਿਯਮਿਤ, ਨਿਗਰਾਨੀ ਅਤੇ ਵਿਕਸਿਤ ਕਰਨ ਲਈ ਲਿਆਂਦਾ ਗਿਆ ਹੈ। ਏ.ਐੱਸ.ਐੱਸ.ਈ.ਬੀ. ਦੀ ਅਗਵਾਈ ਸਰਕਾਰ ਵਲੋਂ ਨਾਮਜਦ ਇਕ ਚੇਅਰਮੈਨ ਕਰੇਗਾ। ਉਨ੍ਹਾਂ ਦੇ ਅਧੀਨ ਹਰੇਕ ਡਿਵੀਜਨ ਲਈ ਇਕ ਮੀਤ ਪ੍ਰਧਾਨ ਹੋਵੇਗਾ ਅਤੇ ਉਸ ਨੂੰ ਸਰਕਾਰ ਵਲੋਂ ਨਾਮਜਦ ਕੀਤਾ ਜਾਵੇਗਾ। ਨਵੇਂ ਬੋਰਡ 'ਚ ਕੁੱਲ 21 ਮੈਂਬਰ ਹੋਣਗੇ

## ਗੈਰ-ਕਾਨੂੰਨੀ ਕਾਲੋਨੀਆਂ ਕੱਟਣ ਵਾਲਿਆਂ ਦੀ ਆਵੇਗੀ ਸ਼ਾਮਤ ਹੁਣ, ਮੁੱਖ ਮੰਤਰੀ ਵਲੋਂ ਕਾਰਵਾਈ ਦੇ ਹੁਕਮ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 9 ਫਰਵਰੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ 'ਚ ਭਵਿੱਖ 'ਚ ਗੈਰ ਕਾਨੂੰਨੀ ਕਾਲੋਨੀਆਂ ਬਣਨ ਤੋਂ ਰੋਕਣ ਲਈ ਗੈਰ ਕਾਨੂੰਨੀ ਕਾਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਵਾਸਤੇ ਅਧਿਕਾਰੀਆਂ ਨੂੰ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ। ਜ਼ਮੀਨ/ਜਾਇਦਾਦ ਦੀ ਰਜਿਸਟਰੇਸ਼ਨ ਲਈ ਐੱਨ. ਓ. ਸੀ. ਦੀ ਸ਼ਰਤ ਖ਼ਤਮ ਕਰਨ ਦੇ ਸੂਬਾ ਸਰਕਾਰ ਦੇ ਹਾਲੀਆ ਫੈਸਲੇ ਦੇ ਸੰਦਰਭ 'ਚ ਅੱਜ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਲੇ ਦਾ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ। ਉਨ੍ਹਾਂ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰਾਂ ਦੁਆਲੇ ਸ਼ਿਕੰਜਾ ਕਸਣ ਲਈ ਨਵਾਂ ਕਾਨੂੰਨ ਬਣਾਉਣ ਦੀ ਬੇਹੱਦ ਲੋੜ ਹੈ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਤੋਂ ਪਹਿਲਾਂ ਨਵੇਂ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ ਤਾਂ ਕਿ ਵਿਧਾਨ ਸਭਾ ਤੋਂ ਇਸ ਦੀ ਪ੍ਰਵਾਨਗੀ ਲਈ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰ ਸਬਜ਼ਬਾਗ ਦਿਖਾ ਕੇ ਲੋਕਾਂ ਨੂੰ ਲੁੱਟਦੇ ਹਨ ਅਤੇ



ਆਪਣੀਆਂ ਗੈਰ ਪ੍ਰਵਾਨਿਤ ਕਾਲੋਨੀਆਂ ਵੇਚ ਦਿੰਦੇ ਹਨ। ਉਨ੍ਹਾਂ ਕਿਹਾ ਕਿ ਠੱਗੇ ਗਏ ਲੋਕ ਇਨ੍ਹਾਂ ਕਾਲੋਨੀਆਂ 'ਚ ਬੁਨਿਆਦੀ ਸਹੂਲਤਾਂ ਲਈ ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਲੋਨਾਈਜ਼ਰ ਗੈਰ ਕਾਨੂੰਨੀ ਤਰੀਕੇ ਨਾਲ ਪੈਸਾ ਬਣਾ ਲੈਂਦੇ ਹਨ, ਜਦੋਂ ਕਿ ਉਨ੍ਹਾਂ ਦੀਆਂ ਗਲਤ ਕਾਰਵਾਈਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਪ੍ਰਵਾਨਗੀ ਲਏ ਪਲਾਟ ਵੇਚ ਰਹੇ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ 'ਚ ਗੈਰ ਕਾਨੂੰਨੀ ਕਾਲੋਨੀਆਂ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਇਸ ਜੁਰਮ 'ਚ ਸ਼ਾਮਲ ਸਾਰੇ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ, ਜੋ ਪੰਜਾਬ 'ਚ ਕਿਸੇ ਵੀ ਤਰ੍ਹਾਂ ਗੈਰ ਕਾਨੂੰਨੀ ਕਲੋਨੀ ਬਣਨ ਤੋਂ ਰੋਕਣ ਦਾ ਕੰਮ ਕਰੇਗਾ।

## ਉਮਰ ਅਬਦੁੱਲਾ ਨੇ ਰਾਜੌਰੀ ਜਾਣ ਦੀ ਮਨਜ਼ੂਰੀ ਮਿਲਣ 'ਤੇ ਭਾਜਪਾ 'ਤੇ ਵਿੰਨ੍ਹਿਆ ਨਿਸ਼ਾਨਾ

ਜੰਮੂ 9 ਫਰਵਰੀ। ਨੈਸ਼ਨਲ ਕਾਨਫਰੰਸ (ਨੇਕਾਂ) ਦੇ ਨੇਤਾ ਉਮਰ ਅਬਦੁੱਲਾ ਨੇ ਬੁੱਧਵਾਰ ਨੂੰ ਕਿਹਾ ਕਿ ਇੱਥੇ ਪੁਲਸ ਨੇ ਉਨ੍ਹਾਂ ਦੇ ਘਰ ਦੇ ਦਰਵਾਜੇ 'ਤੇ ਤਾਲਾ ਲਗਾ ਦਿੱਤਾ ਅਤੇ ਉਨ੍ਹਾਂ ਨੂੰ ਰਾਜੌਰੀ ਜਿ਼ਲ੍ਹੇ ਦੇ ਸੁੰਦਰਬਨੀ ਇਲਾਕੇ 'ਚ ਜਾਣ ਤੋਂ ਰੋਕਣ ਲਈ ਉਨ੍ਹਾਂ ਨੂੰ ਇਕ ਅਪਰਾਧੀ ਦੀ ਤਰ੍ਹਾਂ ਉਨ੍ਹਾਂ ਦੇ ਦਫਤਰ ਤੱਕ ਲਿਜਾਇਆ ਗਿਆ। ਭਾਜਪਾ ਅਤੇ ਉੱਪ ਰਾਜਪਾਲ ਮਨੋਜ ਸਿਨਹਾ ਦੀ ਅਗਵਾਈ ਵਾਲੇ ਪ੍ਰਸ਼ਾਸਨ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਸਾਬਕਾ ਮੁੱਖ ਮੰਤਰੀ ਨੇ ਕਿਹਾ,"ਅਜਿਹਾ ਪਹਿਲੀ ਵਾਰ ਨਹੀਂ ਹੋਇਆ ਹੈ।" ਉਨ੍ਹਾਂ ਨੇ ਇੱਥੇ ਪਾਰਟੀ ਹੈੱਡ ਕੁਆਰਟਰ ਤੋਂ ਕਿਹਾ,"ਜਿਵੇਂ-ਜਿਵੇਂ (ਲੋਕ ਸਭਾ) ਚੋਣਾਂ ਨੇੜੇ ਆਉਣਗੀਆਂ, ਮੈਨੂੰ ਯਕੀਨ ਹੈ ਕਿ ਇਸ ਤਰ੍ਹਾਂ ਦੀਆਂ ਹੋਰ ਵੀ ਪਾਬੰਦੀਆਂ ਲਗਾਈਆਂ ਜਾਣਗੀਆਂ।" ਅਬਦੁੱਲਾ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੇ ਨਾਂ 'ਤੇ ਅੱਜ ਸਵੇਰ ਤੋਂ ਮੇਰੇ ਘਰ ਦੇ ਦਰਵਾਜਿ਼ਆਂ 'ਤੇ ਤਾਲਾ ਲਗਾ ਦਿੱਤਾ ਗਿਆ। ਉਨ੍ਹਾਂ ਕਿਹਾ,"ਮੈਂ ਤਸਵੀਰਾਂ ਇਸ ਲਈ ਲਈਆਂ ਕਿਉਂਕਿ ਮੈਨੂੰ ਪਤਾ ਹੈ ਕਿ ਪੁਲਸ ਬਾਅਦ 'ਚ ਮੇਰੇ 'ਤੇ ਪਾਬੰਦੀਆਂ ਲਗਾਉਣ ਦੀ ਗੱਲ ਤੋਂ ਇਨਕਾਰ



ਕਰ ਦੇਵੇਗੀ।" ਨੇਕਾਂ ਦੇ ਉੱਪ ਪ੍ਰਧਾਨ ਨੇ ਕਿਹਾ ਕਿ ਉਹ ਇਕ ਪਾਰਟੀ ਸਮਾਰੋਹ 'ਚ ਹਿੱਸਾ ਲੈਣ ਲਈ ਰਾਜੌਰੀ ਦੇ ਸੁੰਦਰਬਨੀ ਇਲਾਕੇ 'ਚ ਜਾਣ ਦੀ ਯੋਜਨਾ ਬਣਾ ਰਹੇ ਸਨ ਪਰ ਉਨ੍ਹਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ,"ਇੱਥੇ ਤੱਕ ਕਿ ਸਬ-ਡਿਵੀਜਨਲ ਪੁਲਸ ਅਧਿਕਾਰੀ (ਐੱਸ.ਡੀ.ਪੀ.ਓ.) ਵੀ ਮੇਰੇ ਨਾਲ (ਪਾਰਟੀ) ਦਫਤਰ 'ਚ ਗਏ ਜਿਵੇਂ ਕਿਸੇ ਅਪਰਾਧੀ ਨੂੰ ਲਿਜਾਇਆ ਜਾ ਰਿਹਾ ਹੋਵੇ। ਇਹ ਪਹਿਲੀ ਵਾਰ ਹੈ ਕਿ ਐੱਸ.ਡੀ.ਪੀ.ਓ. ਮੇਰੇ ਨਾਲ ਮੇਰੇ ਘਰ ਤੋਂ ਦਫਤਰ ਤੱਕ ਨਿੱਜੀ ਰੂਪ ਨਾਲ ਇਹ ਦੇਖਣ ਲਈ ਗਏ ਕਿ ਮੈਂ ਕਿਤੇ ਹੋਰ ਜਗ੍ਹਾ ਤਾਂ ਨਹੀਂ ਜਾ ਰਿਹਾ।" ਸਾਬਾਕ ਮੁੱਖ ਮੰਤਰੀ ਨੇ ਪਹਿਲੇ ਦੇ ਬਿਆਨ ਨੂੰ ਦੋਹਰਾਇਆ ਕਿ ਲੋਕਤੰਤਰ ਨੂੰ ਜੰਮੂ ਕਸ਼ਮੀਰ ਤੱਕ ਪਹੁੰਚਣ ਦੀ ਮਨਜ਼ੂਰੀ ਨਹੀਂ ਹੈ। ਅਬਦੁੱਲਾ ਨੇ ਕਿਹਾ,'ਉਨ੍ਹਾਂ ਨੇ ਇਕ ਵਾਰ ਫਿਰ ਇਸ ਨੂੰ ਸਾਬਿਤ ਕਰ ਦਿੱਤਾ ਹੈ। ਉਹ ਕਹਿ ਰਹੇ ਹਨ ਕਿ ਹਰ ਕੋਈ ਰਾਜਨੀਤਕ ਗਤੀਵਿਧੀਆਂ ਲਈ ਆਜਾਦ ਹੈ ਪਰ ਇਹ ਸਿਰਫ ਉਨ੍ਹਾਂ ਲਈ ਹੈ ਜੋ ਭਾਜਪਾ ਅਤੇ ਉਸ ਦੀ ਸਰਕਾਰ ਦੀ ਪ੍ਰਸ਼ੰਸਾ ਕਰ ਰਹੇ ਹਨ।" ਉਨ੍ਹਾਂ ਕਿਹਾ,"ਸਾਡੇ ਵਰਗੇ ਲੋਕ ਜੋ ਸਰਕਾਰ ਜਾਂ ਭਾਜਪਾ ਦੇ ਚਾਪਲੂਸ ਨਹੀਂ ਹਨ, ਉਨ੍ਹਾਂ 'ਤੇ ਹੀ ਇਸ ਤਰ੍ਹਾਂ ਦੀ ਪਾਬੰਦੀ ਲਗਾਈ ਜਾ ਰਹੀ ਹੈ। ਹੁਣ ਤਾਂ ਅਸੀਂ ਅਜਿਹੀਆਂ ਚੀਜਾਂ ਦੇ ਆਦੀ ਹੋ ਗਏ ਹਾਂ।"

## ਭਾਜਪਾ 'ਚ ਸ਼ਾਮਲ ਹੋਏ ਤਾਮਿਲਨਾਡੂ ਦੇ 15 ਸਾਬਕਾ ਵਿਧਾਇਕਾਂ ਸਮੇਤ ਕਈ ਨੇਤਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 9 ਫਰਵਰੀ। ਤਾਮਿਲਨਾਡੂ ਦੇ 15 ਸਾਬਕਾ ਵਿਧਾਇਕ ਅਤੇ ਇਕ ਸਾਬਕਾ ਸੰਸਦ ਮੈਂਬਰ ਸਮੇਤ ਕਈ ਨੇਤਾ ਬੁੱਧਵਾਰ ਨੂੰ ਇੱਥੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸਾਮਲ ਹੋ ਗਏ। ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜਰ ਕੇਂਦਰ ਦੀ ਸੱਤਾਧਾਰੀ ਪਾਰਟੀ ਇਸ ਦੱਖਣੀ ਸੂਬੇ ਵਿਚ ਆਪਣੀ ਸਥਿਤੀ ਮਜਬੂਤ ਕਰਨ ਲਈ ਲਗਾਤਾਰ ਯਤਨਸੀਲ ਹੈ। ਭਾਜਪਾ 'ਚ ਸਾਮਲ ਹੋਣ ਵਾਲੇ ਇਨ੍ਹਾਂ ਨੇਤਾਵਾਂ 'ਚੋਂ ਜਿ਼ਆਦਾਤਰ ਭਾਜਪਾ ਦੀ ਸਾਬਕਾ ਸਹਿਯੋਗੀ ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ (ਏ.ਆਈ.ਏ.ਡੀ.ਐੱਮ.ਕੇ.) ਦੇ ਹਨ। ਇਨ੍ਹਾਂ ਆਗੂਆਂ ਨੇ ਕੇਂਦਰੀ ਮੰਤਰੀਆਂ ਰਾਜੀਵ ਚੰਦਰਸੇਖਰ ਅਤੇ ਐਲ ਮੁਰੂਗਨ ਅਤੇ ਪ੍ਰਦੇਸ ਭਾਜਪਾ ਪ੍ਰਧਾਨ ਕੇ ਅੰਨਾਮਲਾਈ ਦੀ ਮੌਜੂਦਗੀ ਵਿਚ ਭਾਜਪਾ ਦੀ ਮੈਂਬਰਸਿ਼ਪ ਲਈ। ਉਨ੍ਹਾਂ ਦਾ ਸਵਾਗਤ ਕਰਦਿਆਂ ਅੰਨਾਮਾਲਾਈ ਨੇ ਕਿਹਾ ਕਿ ਭਾਜਪਾ ਵਿਚ ਸਾਮਲ ਹੋਣ ਵਾਲੇ ਇਹ ਆਗੂ ਬਹੁਤ ਤਜਰਬੇਕਾਰ ਹਨ ਅਤੇ ਸਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜਬੂਤ ਕਰਨਾ ਚਾਹੁੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ ਯਕੀਨੀ ਹੈ ਅਤੇ ਮੋਦੀ ਲਗਾਤਾਰ ਤੀਜੀ ਵਾਰ ਸੱਤਾ ਵਿਚ ਆਉਣਗੇ। ਉਨ੍ਹਾਂ ਨੇ ਰਾਜ ਦੀ ਸੱਤਾਧਾਰੀ ਦ੍ਰਵਿੜ ਮੁਨੇਤਰ ਕੜਗਮ (ਡੀਐੱਮਕੇ) ਅਤੇ ਉਸ ਦੀ ਮੁੱਖ ਵਿਰੋਧੀ ਅੰਨਾਦਰਮੁਕ 'ਤੇ ਅਸਿੱਧੇ ਤੌਰ 'ਤੇ ਨਿਸਾਨਾ



ਵਿੰਨ੍ਹਦੇ ਹੋਏ ਕਿਹਾ ਕਿ ਉਹ ਤਾਮਿਲਨਾਡੂ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਦੇਖ ਰਹੇ ਹਨ। ਦ੍ਰਾਵਿੜ ਰਾਜ ਵਿਚ ਆਪਣੀ ਪਾਰਟੀ ਦੀ ਮਜਬੂਤ ਵਿਚਾਰਧਾਰਕ ਸਥਿਤੀ ਅਤੇ ਦੋਸੀ ਪਾਰਟੀਆਂ ਦੀ ਤਿੱਖੀ ਆਲੋਚਨਾ ਦੇ ਕਾਰਨ, ਨੌਜਵਾਨ ਨੇਤਾ ਨੇ ਦਾਅਵਾ ਕੀਤਾ, "ਤਾਮਿਲਨਾਡੂ ਭਾਰਤੀ ਜਨਤਾ ਪਾਰਟੀ ਦੇ ਰਾਹ ਜਾ ਰਿਹਾ ਹੈ।" ਚੰਦਰਸ਼ੇਖਰ ਨੇ ਕਿਹਾ ਕਿ ਇੰਨੇ ਵੱਡੇ ਪੱਧਰ 'ਤੇ ਪਾਰਟੀ 'ਚ ਸ਼ਾਮਲ ਹੋਣਾ ਤਮਿਲਨਾਡੂ ਵਰਗੇ ਰਾਜ 'ਚ ਮੋਦੀ ਦੀ ਲੋਕਪ੍ਰਿਯਤਾ ਨੂੰ ਦਰਸਾਉਂਦਾ ਹੈ। ਤਾਮਿਲਨਾਡੂ 'ਚ ਭਾਜਪਾ ਰਵਾਇਤੀ ਰੂਪ ਨਾਲ ਕਮਜੋਰ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਆਉਣ ਵਾਲੀਆਂ ਲੋਕ ਸਭਾ 'ਚ 370 ਸੀਟਾਂ ਜਿੱਤੇਗੀ ਅਤੇ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) 400 ਤੋਂ ਵੱਧ ਸੀਟਾਂ ਜਿੱਤੇਗਾ। ਉਨ੍ਹਾਂ ਕਿਹਾ,"ਇਹ ਸਪੱਸਟ ਹੈ ਕਿ ਭਾਰਤ ਦਾ ਹਰ ਨਾਗਰਿਕ ਚਾਹੁੰਦਾ ਹੈ ਕਿ ਦੇਸ਼ 'ਚ ਪਿਛਲੇ 10 ਸਾਲਾਂ 'ਚ ਜੋ ਤਬਦੀਲੀ ਹੋਈ ਉਹ ਪ੍ਰਕਿਰਿਆ ਅੱਗੇ ਵੀ ਜਾਰੀ ਰਹੇ।"

## ਨਵਜੋਤ ਸਿੱਧੂ ਦਾ ਵਿਰੋਧੀਆਂ 'ਤੇ ਹਮਲਾ, ਸ਼ਾਇਰਾਨਾ ਅੰਦਾਜਾ 'ਚ ਦਿੱਤਾ ਜਵਾਬ

ਪਟਿਆਲਾ 9 ਫਰਵਰੀ। ਇਕ ਪਾਸੇ ਜਿੱਥੇ ਪੰਜਾਬ ਕਾਂਗਰਸ ਵਲੋਂ ਨਵਜੋਤ ਸਿੰਘ ਸਿੱਧੂ ਖਿ਼ਲਾਫ ਕਾਰਵਾਈ ਕਰਨ ਲਈ ਹਾਈਕਮਾਂਡ ਨੂੰ ਪੱਤਰ ਲਿਖਿਆ ਗਿਆ ਹੈ। ਉਥੇ ਹੀ ਹੁਣ



ਨਵਜੋਤ ਸਿੱਧੂ ਨੇ ਵੀ ਆਪਣੇ ਸੋਸ਼ਲ ਮੀਡੀਆ ਅਕਾਊਂਟ ਐੱਕਸ 'ਤੇ ਇਕ ਪੋਸਟ ਪਾ ਕੇ ਵਿਰੋਧੀਆਂ ਨੂੰ ਸ਼ਾਇਰਾਨਾ ਢੰਗ ਨਾਲ ਜਵਾਬ ਦਿੱਤਾ ਹੈ। ਸਿੱਧੂ ਨੇ ਲਿਖਿਆ ਹੈ ਕਿ 'ਆਪਣੇ ਖਿ਼ਲਾਫ ਗੱਲਾਂ ਮੈਂ ਅਕਸਰ ਖਾਮੋਸ਼ੀ ਨਾਲ ਸੁਣਦਾ ਹਾਂ, ਜਵਾਬ ਦੇਣ ਦਾ ਹੱਕ ਮੈਂ ਵਕਤ ਨੂੰ ਦੇ ਰੱਖਿਆ ਹੈ। ਇਸ ਤੋਂ ਪਹਿਲਾਂ ਵੀ ਦੋ ਵਾਰ ਸਿੱਧੂ ਨੇ ਇਸੇ ਤਰ੍ਹਾਂ ਵਿਰੋਧੀਆਂ ਨੂੰ ਜਵਾਬ ਦਿੱਤੇ ਸੀ। ਦਰਅਸਲ ਚਾਰ ਦਿਨ ਪਹਿਲਾਂ ਜਦੋਂ ਪਾਰਟੀ ਇੰਚਾਰਜ ਦੇਵੇਂਦਰ ਯਾਦਵ ਵੱਲੋਂ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ 11 ਫਰਵਰੀ ਨੂੰ ਸਮਰਾਲਾ ਵਿਚ ਹੋਣ ਵਾਲੀ ਕਨਵੈਨਸ਼ਨ ਨੂੰ ਲੈ ਕੇ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਸੀਨੀਅਰ ਆਗੂਆਂ ਦੀ ਮੀਟਿੰਗ ਰੱਖੀ ਸੀ ਤਾਂ ਇਸ ਵਿਚ ਨਵਜੋਤ ਸਿੱਧੂ ਹਾਜਰ ਨਹੀਂ ਹੋਏ ਜਦਕਿ ਉਸੇ ਦਿਨ ਦੇਰ ਸ਼ਾਮ ਸਿੱਧੂ ਵਲੋਂ ਖੁਦ ਹੀ ਇਕ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ। ਇਸ ਤਸਵੀਰ ਵਿਚ ਸਿੱਧੂ ਸਮੇਤ ਪਾਰਟੀ ਦੇ ਤਿੰਨ ਸਾਬਕਾ ਪ੍ਰਧਾਨ ਮੌਜੂਦ ਸਨ। ਸਿੱਧੂ ਨੇ ਤਸਵੀਰ ਪੋਸਟ ਕਰਦੇ ਹੋਏ ਲਿਖਿਆ ਕਿ ਰਾਜਨੀਤੀ ਦੇ ਤਾਜਾ ਹਾਲਾਤ 'ਤੇ ਚਰਚਾ ਕਰਦੇ ਹੋਏ। ਇਸ ਤਸਵੀਰ ਦੇ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਕਾਂਗਰਸ ਵੀ ਹਰਕਤ ਵਿਚ ਆ ਗਈ। ਨਾਲ ਹੀ ਸਾਰੇ ਮਾਮਲੇ ਦੀ ਰਿਪੋਰਟ ਬਣਾ ਕੇ ਪਾਰਟੀ ਹਾਈਕਮਾਂਡ ਨੂੰ ਭੇਜੀ ਗਈ।

# ਪਤੰਗ ਚੜ੍ਹਾਉਂਦੇ ਹੋਏ ਛੱਤ ਤੋਂ ਡਿਗਿਆ ਬੱਚਾ, ਡਾਕਟਰਾਂ ਨੇ ਖੁਦ ਚੁੱਕਿਆ ਇਲਾਜ ਦਾ ਖਰਚਾ

ਚੰਡੀਗੜ੍ਹ 9 ਫਰਵਰੀ। ਆਮ ਤੌਰ ’ਤੇ ਪੀ.ਜੀ.ਆਈ. ਵਿਚ ਕਈ ਦੁਰਲੱਭ ਅਤੇ ਬਹੁਤ ਹੀ ਗੰਭੀਰ ਆਪ੍ਰੇਸ਼ਨ ਹੁੰਦੇ ਰਹੇ ਹਨ ਪਰ ਇਹ ਸਰਜਰੀ ਦੁਰਲੱਭ ਹੀ ਨਹੀਂ ਸੀ ਸਗੋਂ ਇਸ ਸਰਜਰੀ ਦੀ ਗੰਭੀਰਤਾ ਅਤੇ ਲੋੜ ਨੂੰ ਦੇਖਦਿਆਂ ਡਾਕਟਰਾਂ ਨੇ ਆਪਣੇ ਖਰਚੇ ’ਤੇ ਇਹ ਦੁਰਲੱਭ ਸਰਜਰੀ ਕਰ ਕੇ ਬੱਚੇ ਨੂੰ ਬਚਾ ਲਿਆ। 4 ਸਾਲਾਂ ਦੇ ਸਹਨ ਨੂੰ ਬਹੁਤ ਗੰਭੀਰ ਸੱਟਾਂ ਅਤੇ ਅਸਹਿ ਦਰਦ ਤੋਂ ਰਾਹਤ ਪਹੁੰਚਾਉਣ ਲਈ ਪੀ.ਜੀ.ਆਈ. ਦੇ ਡਾਕਟਰ ਮਦਦ ਲਈ ਅੱਗੇ ਆਏ। ਦਰਅਸਲ ਇਸ ਮਾਸੂਮ ਬੱਚੇ ਦੇ ਇਲਾਜ ਦਾ ਸਾਰਾ ਖਰਚਾ ਉਸ ਦੇ ਪਰਿਵਾਰ ਦੀ ਔਖੀ ਘੜੀ ਵਿਚ ਡਾਕਟਰਾਂ ਨੇ ਹੀ ਚੁੱਕਿਆ। ਜੇਕਰ ਇਸ ਬੱਚੇ ਦੀ ਸਰਜਰੀ ਵਿਚ ਦੇਰੀ ਹੋ ਜਾਂਦੀ ਤਾਂ ਸਾਇਦ ਚਿਹਰੇ ’ਤੇ ਲੱਗੀ ਗੰਭੀਰ ਸੱਟ ਅਤੇ ਇਨਫੈਕਸਨ ਕਾਰਨ ਹਾਲਤ ਹੋਰ ਗੰਭੀਰ ਹੋ ਜਾਂਦੀ। ਬੱਚੇ ਦਾ ਪਿਤਾ ਸਬਜੀ ਵੇਚਣ ਦਾ ਕੰਮ ਕਰਦਾ ਹੈ, ਜਿਸ ਕਾਰਨ ਉਹ ਇਲਾਜ ਦਾ ਖਰਚਾ ਚੁੱਕਣ ਵਿਚ ਅਸਮਰੱਥ ਸੀ। ਸਰਜਰੀ ਦਾ ਖਰਚਾ ਪੂਰਾ ਨਾ ਹੋਣ ਦੀ ਸਥਿਤੀ ਨੂੰ ਸਮਝਦੇ ਹੋਏ ਡਾਕਟਰਾਂ ਨੇ ਇਲਾਜ ਦਾ ਸਾਰਾ ਖਰਚਾ ਖੁਦ ਚੁੱਕਣ ਦਾ ਫੈਸਲਾ ਕੀਤਾ। ਐਤਵਾਰ ਪੀ.ਜੀ.ਆਈ. ਟਰਾਮਾ ਇੰਟੈਂਸਿਵ ਕੇਅਰ ਯੂਨਿਟ ਦੇ ਨਿਊਰੋ ਐਨੇਸਥੀਸੀਆ ਯੂਨਿਟ ਦੇ ਇੰਚਾਰਜ ਪ੍ਰੋ. ਨਿਧੀ ਪਾਂਡੇ ਦੀ ਟੀਮ ਨੇ ਇਸ ਗੰਭੀਰ ਸਰਜਰੀ ਨੂੰ ਪੂਰਾ ਕੀਤਾ। ਹੁਣ ਇਹ ਬੱਚਾ ਪੀ.ਜੀ.ਆਈ. ਦੇ ਆਈ.ਸੀ.ਯੂ. ਲਾਈਫ ਸਪੋਰਟ ਸਿਸਟਮ ਤੋਂ ਬਾਹਰ ਆ ਚੁੱਕਿਆ ਹੈ ਅਤੇ ਇਸ ਹਫਤੇ ਡਿਸਚਾਰਜ ਵੀ ਕਰ ਦਿੱਤਾ ਜਾਵੇਗਾ। ਆਨੰਦਪੁਰ ਦਾ 4 ਸਾਲ ਦਾ



ਸਹਨ ਆਪਣੀ ਛੱਤ ’ਤੇ ਪਤੰਗ ਉਡਾ ਰਿਹਾ ਸੀ ਅਤੇ ਪਤੰਗ ਉਡਾਉਂਦੇ ਹੋਏ ਛੱਤ ਤੋਂ ਡਿੱਗ ਗਿਆ। ਛੱਤ ਤੋਂ ਡਿੱਗਦੇ ਹੋਏ ਸਹਨ ਹੇਠਾਂ ਰੱਖੇ ਗਿਲਾਸ ’ਤੇ ਡਿੱਗ ਪਿਆ। ਇਹ ਗਲਾਸ ਬੱਚੇ ਦੇ ਮੂੰਹ ਵਿਚ ਇਸ ਤਰ੍ਹਾਂ ਫਸ ਗਿਆ ਸੀ ਕਿ ਦਿਮਾਗ ਅਤੇ ਅੱਖਾਂ ਨੂੰ ਵੀ ਗੰਭੀਰ ਜਖਮੀ ਕਰ ਸਕਦਾ ਸੀ। ਸਹਨ ਦੇ ਮਾਪੇ ਉਸ ਨੂੰ ਆਨੰਦਪੁਰ ਦੇ ਲੋਕਲ ਹਸਪਤਾਲ ਲੈ ਗਏ ਪਰ ਡਾਕਟਰਾਂ ਨੇ ਇਲਾਜ ਕਰਨ ਵਿਚ ਅਸਮਰਥਾ ਜਤਾਈ ਕਿਉਂਕਿ ਇਸ ਸਰਜਰੀ ਲਈ ਸਹੂਲਤਾਂ ਅਤੇ ਸਪੈਸ਼ਲਾਈਜੇਸ਼ਨ ਉਨ੍ਹਾਂ ਕੋਲ ਨਹੀਂ ਸੀ। ਇਸ ਤੋਂ ਬਾਅਦ ਡਾਕਟਰਾਂ ਦੀ ਸਲਾਹ ’ਤੇ ਬੱਚੇ ਦੇ ਮਾਪੇ ਬੱਚੇ ਨੂੰ ਪੀ.ਜੀ.ਆਈ. ਲੈ ਕੇ ਆ ਗਏ। ਇਥੇ ਟ੍ਰਾਮਾ ਦੀ ਇੰਟੈਂਸਿਵ ਕੇਅਰ ਯੂਨਿਟ ਵਿਚ ਡਾਕਟਰਾਂ ਨੇ ਵੇਖਿਆ ਕਿ ਬੱਚੇ ਦੀ ਜਲਦ ਸਰਜਰੀ ਦੀ ਜਰੂਰਤ ਹੈ ਕਿਉਂਕਿ ਗਲਾਸ ਇਸ ਤਰ੍ਹਾਂ ਫਸਿਆ ਸੀ ਕਿ ਦਿਮਾਗ ਅਤੇ ਅੱਖਾਂ ਤਕ ਇਨਫੈਕਸ਼ਨ ਪਹੁੰਚਣ ਕਾਰਨ ਕੇਸ ਗੰਭੀਰ ਹੋ ਸਕਦਾ ਸੀ। ਇਸ ਸਰਜਰੀ ਵਿਚ ਬੱਚੇ ਨੂੰ ਜਨਰਲ ਸਰਜਰੀ ਦੇ ਨਾਲ ਨਿਊਰੋ ਐਨੇਸਥੀਸੀਆ ਅਤੇ ਡੈਂਟਲ ਸਾਇੰਸ ਦੇ ਡਾਕਟਰਾਂ ਦੀ ਯੂਨਿਟ ਦੀ ਵੀ ਜਰੂਰਤ ਸੀ ਕਿਉਂਕਿ ਗਿਲਾਸ ਇਸ ਤਰ੍ਹਾਂ ਮੂੰਹ ਵਿਚ ਫਸਿਆ ਸੀ ਕਿ ਇਨ੍ਹਾਂ ਤਿੰਨਾਂ ਯੂਨਿਟਾਂ ਦੇ ਡਾਕਟਰਾਂ ਦੀ ਜਰੂਰਤ ਸੀ। ਬੱਚੇ ਦੀ ਸਰਜਰੀ ਵੀ ਜਲਦ ਜਰੂਰੀ ਸੀ ਅਤੇ ਇਸ ਸਰਜਰੀ ’ਤੇ ਲਗਭਗ 40 ਹਜ਼ਾਰ ਰੁਪਏ ਦਾ ਖਰਚਾ ਸੀ। ਬੱਚੇ ਦੇ ਮਾਪਿਆਂ ਕੋਲ ਇਸ ਸਰਜਰੀ ਦਾ ਖਰਚਾ ਨਹੀਂ ਸੀ ਪਰ ਡਾਕਟਰਾਂ ਨੂੰ ਇਹ ਸਰਜਰੀ ਜਲਦ ਤੋਂ ਜਲਦ ਕਰਨੀ ਪਈ ਕਿਉਂਕਿ ਲਗਾਤਾਰ ਖੂਨ ਵਗ ਰਿਹਾ ਸੀ ਅਤੇ ਜਖਮ ਨਾਲ ਬੱਚੇ ਦੀ ਜਾਨ ’ਤੇ ਮੁਸ਼ਕਿਲ ਆ ਸਕਦੀ ਸੀ। ਇਸ ’ਤੇ ਟ੍ਰਾਮਾ ਇੰਟੈਂਸਿਵ ਕੇਅਰ ਯੂਨਿਟ ਦੀ ਨਿਊਰੋ ਐਨੇਸਥੀਸੀਆ ਯੂਨਿਟ ਦੀ ਇੰਚਾਰਜ ਪ੍ਰੋ. ਨਿਧੀ ਪਾਂਡੇ ਦੀ ਟੀਮ ਨੇ ਬੱਚੇ ਦੀ ਸਰਜਰੀ ਦਾ ਖਰਚਾ ਖੁਦ ਉਠਾਉਣ ਦਾ ਫੈਸਲਾ ਕੀਤਾ। ਡਾਕਟਰਾਂ ਨੇ ਸਰਜਰੀ ਦਾ ਸਾਰਾ ਸਾਮਾਨ ਅਤੇ ਸਰਜਰੀ ਤੋਂ ਬਾਅਦ ਲੋੜ ਪੈਣ ਵਾਲੀ ਜਰੂਰਤ ਦਾ ਪੂਰਾ ਖਰਚਾ ਆਪਣੇ ਕੋਲੋਂ ਦਿੱਤਾ। ਇਸ ਤਰ੍ਹਾਂ ਬੱਚੇ ਦੀ ਐਤਵਾਰ ਸਰਜਰੀ ਕੀਤੀ ਗਈ। ਇਸ ਸਰਜਰੀ ਵਿਚ ਸ਼ਾਮਲ ਡਾ. ਸਤਨਾਮ ਜੋਜੀ ਅਨੁਸਾਰ ਬੱਚੇ ਦੇ ਮੂੰਹ ਦੀਆਂ ਹੱਡੀਆਂ ਅਤੇ ਚਿਹਰੇ ਦੇ ਜਖਮ ਨੂੰ ਠੀਕ ਕਰਨ ਦੇ ਨਾਲ ਹੀ ਮੂੰਹ ਵਿਚ ਫਸੇ ਗਿਲਾਸ ਨੂੰ ਕੱਢਣਾ ਇਕ ਮੁਸ਼ਕਿਲ ਕੰਮ ਸੀ ਪਰ ਡਾਕਟਰਾਂ ਨੇ ਨਾ ਸਿਰਫ ਬੱਚੇ ਦੇ ਇਲਾਜ ਦਾ ਪੂਰਾ ਖਰਚ ਉਠਾਇਆ, ਸਗੋਂ ਇਸ ਮੁਸ਼ਕਿਲ ਆਪ੍ਰੇਸ਼ਨ ਨੂੰ ਪੂਰਾ ਕਰ ਕੇ ਬੱਚੇ ਦੀ ਜਾਨ ਵੀ ਬਚਾਈ। ਪੀ.ਜੀ.ਆਈ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਅਨੁਸਾਰ ਸਾਡੇ ਲਈ ਹਰ ਮਰੀਜ਼ ਦੀ ਤਰ੍ਹਾਂ ਇਸ ਬੱਚੇ ਦੀ ਜਾਨ ’ਤੇ ਬਣੇ ਜੋਖਿਮ ਨੂੰ ਜਲਦ ਦੂਰ ਕਰਨਾ ਸੀ ਪਰ ਡਾਕਟਰਾਂ ਨੇ ਇਸ ਬੱਚੇ ਦੀ ਸਰਜਰੀ ਵਿਚ ਮਦਦ ਕਰ ਕੇ ਬਹੁਤ ਵਧੀਆ ਕੰਮ ਕੀਤਾ ਹੈ। ਹੁਣ ਇਹ ਬੱਚਾ ਚੰਗੀ ਤਰ੍ਹਾਂ ਰਿਕਵਰ ਕਰ ਰਿਹਾ ਹੈ। ਬੱਚੇ ਦੇ ਮੂੰਹ ’ਤੇ ਆਇਆ ਜਖਮ ਵੀ ਆਉਣ ਵਾਲੇ ਸਮੇਂ ਵਿਚ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ ਅਤੇ ਬੱਚਾ ਆਮ ਜੀਵਨ ਜੀਅ ਸਕਦਾ ਹੈ।

## ਟ੍ਰਾਂਸਫਾਰਮਰਾਂ ’ਚੋਂ ਤੇਲ ਕੱਢਣ ਵਾਲੇ 2 ਮੁਲਜ਼ਮਾਂ ਨੂੰ ਪੁਲਸ ਨੇ ਕੀਤਾ ਕਾਬੂ

ਤਰਨਤਾਰਨ 9 ਫਰਵਰੀ। ਬਿਜਲੀ ਦੇ ਟ੍ਰਾਂਸਫਾਰਮਰਾਂ ’ਚੋਂ ਤੇਲ ਕੱਢਣ ਵਾਲੇ ਦੋ ਮੁਲਜ਼ਮਾਂ ਨੂੰ ਪਿੰਡ ਵਾਸੀਆਂ ਵਲੋਂ ਰਾਤ ਸਮੇਂ ਮੌਕੇ ’ਤੇ ਕਾਬੂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਲੋਕਾਂ ਨੇ ਕਾਬੂ ਕੀਤੇ ਤੇਲ ਚੋਰਾਂ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਪਰ ਵਾਇਰਲ ਕਰ ਦਿੱਤੀ। ਇਸ ਸਬੰਧੀ ਥਾਣਾ ਸਦਰ ਤਰਨਤਰਨ ਦੀ ਪੁਲਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਦੇ ਹੋਏ ਮਾਨਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪੁਲਸ ਨੇ ਮੁਲਜ਼ਮਾਂ ਪਾਸੋਂ ਕੈਨ, ਪਲਾਸਟਿਕ ਦੇ ਡਰੰਮ, ਪਾਈਪਾਂ ਅਤੇ ਟਰਾਂਸਫਾਰਮਰ ਖੋਲ੍ਹਣ ਲਈ ਵਰਤੀਆਂ ਜਾਣ ਵਾਲੀਆਂ ਚਾਬੀਆਂ ਵੀ ਬਰਾਮਦ ਕੀਤੀਆਂ ਹਨ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਬੀਤੇ ਕੱਲ੍ਹ ਥਾਣਾ ਸਦਰ ਤਰਨਤਰਨ ਅਧੀਨ ਆਉਂਦੇ ਪਿੰਡ ਕਲੇਰ ਦੀ ਫਿਰਨੀ ਵਿਖੇ ਰਾਤ ਸਮੇਂ ਟਰਾਂਸਫਾਰਮਰ ਵਿਚੋਂ ਤੇਲ ਕੱਢਣ ਵਾਲੇ ਦੋ ਨੌਜਵਾਨਾਂ ਨੂੰ ਪਿੰਡ ਵਾਸੀਆਂ ਨੇ ਕਾਬੂ ਕਰ ਲਿਆ ਜਿਨ੍ਹਾਂ ਨੂੰ ਬਾਅਦ ਵਿਚ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਤਰਨਤਰਨ ਦੇ ਏ.ਐੱਸ.ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਟਰਾਂਸਫਾਰਮਰ ’ਚੋਂ ਤੇਲ ਕੱਢਣ ਵਾਲੇ ਦੋ ਮੁਲਜ਼ਮਾਂ ਜਿਨ੍ਹਾਂ ਦੀ ਪਹਿਚਾਣ ਮਨਪ੍ਰੀਤ ਸਿੰਘ ਉਰਫ ਮੰਨੂ ਪੁੱਤਰ ਮੇਜਰ ਸਿੰਘ ਵਾਸੀ ਗਲੀ ਅਨੁਸਾਰ ਬੀਤੇ ਕੱਲ੍ਹ ਥਾਣਾ ਸਦਰ ਤਰਨਤਰਨ ਅਧੀਨ ਆਉਂਦੇ ਪਿੰਡ ਕਲੇਰ ਦੀ ਫਿਰਨੀ ਵਿਖੇ ਰਾਤ ਸਮੇਂ ਟਰਾਂਸਫਾਰਮਰ ਵਿਚੋਂ ਤੇਲ ਕੱਢਣ ਵਾਲੇ ਦੋ ਨੌਜਵਾਨਾਂ ਨੂੰ ਪਿੰਡ ਵਾਸੀਆਂ ਨੇ ਕਾਬੂ ਕਰ ਲਿਆ ਜਿਨ੍ਹਾਂ ਨੂੰ ਬਾਅਦ ਵਿਚ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਤਰਨਤਰਨ ਦੇ ਏ.ਐੱਸ.ਆਈ ਸੁਖਦੇਵ ਸਿੰਘ ਨੇ ਬਾਬਾ ਸੇਵਾ ਸਿੰਘ ਵਾਲੀ ਮੁਰਾਦਪੁਰ ਅਤੇ ਮਹਾਂਵੀਰ ਸਿੰਘ ਪੁੱਤਰ ਭਜਨ ਸਿੰਘ ਵਾਸੀ ਗਲੀ ਜੋਗੇ ਵਾਲੀ ਮੁਰਾਦਪੁਰ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੋਵਾਂ ਪਾਸੋਂ ਪੁਲਸ ਨੇ 10 ਲੀਟਰ ਟਰਾਂਸਫਾਰਮਰ ਦਾ ਤੇਲ, ਖਾਲੀ ਕੈਨ, ਡਰੰਮ, ਪਾਈਪਾਂ , ਪਲਾਸਟਿਕ ਦੀਆਂ ਬੋਤਲਾਂ, ਦੋ ਚਾਬੀਆਂ ਨੱਟ ਬੋਲਟ ਖੋਲਣ ਵਾਲੀਆਂ ਆਦਿ ਨੂੰ ਬਰਾਮਦ ਕੀਤਾ ਹੈ।

## ਪੰਜਾਬ ਨੂੰ ਉਦਯੋਗਿਕ ਵਿਕਾਸ ਦਾ ਕੇਂਦਰ ਬਣਾਉਣ ਲਈ ਉਦਯੋਗ ਪੱਖੀ ਮਾਹੌਲ ਬਣਾਇਆ : ਬਲਕਾਰ ਸਿੰਘ

ਜਲੰਧਰ 9 ਫਰਵਰੀ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਪੰਜਾਬ ਨੂੰ ਉਦਯੋਗਿਕ ਵਿਕਾਸ ਦਾ ਕੇਂਦਰ ਬਣਾਉਣ ਲਈ ਸੂਬੇ ਵਿੱਚ ਉਦਯੋਗ ਪੱਖੀ ਮਾਹੌਲ ਸਿਰਜਿਆ ਹੈ। ਐਤਵਾਰ ਇਥੋਂ ਦੀ ਨਵੀਂ ਅਨਾਜ ਮੰਡੀ ਵਿੱਚ ਸਨਅਤੀ ਮਸ਼ੀਨਰੀ ਨਾਲ ਸਬੰਧਤ ਛੇਵੇਂ ਮਸ਼ੀਨ ਐਕਸਪੋ ਦੇ ਆਖਰੀ ਦਿਨ ਮੁੱਖ ਮਹਿਮਾਨ ਵਜੋਂ ਪਹੁੰਚੇ ਕੈਬਨਿਟ ਮੰਤਰੀ ਨੇ ਕਿਹਾ ਕਿ ‘ਆਪ’ ਸਰਕਾਰ ਪੰਜਾਬ ਦੀ ਪਹਿਲੀ ਸਰਕਾਰ ਹੈ, ਜੋ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜੋ ਸਾਰੀਆਂ ਧਿਰਾਂ ਦੀ ਸਲਾਹ ਨਾਲ ਨੀਤੀਆਂ ਬਣਾਉਂਦੀ ਹੈ। ਸਰਕਾਰ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਉਦਯੋਗਪਤੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਕੋਲੋਂ ਸੁਝਾਅ ਲਏ, ਜਿਨ੍ਹਾਂ ਨੂੰ ਸੂਬੇ ਦੇ ਉਦਯੋਗਾਂ ਦੀ ਤਰੱਕੀ ਅਤੇ ਵਿਕਾਸ ਲਈ ਲਾਗੂ ਕੀਤਾ ਜਾ ਰਿਹਾ ਹੈ। ਸੂਬਾ ਸਰਕਾਰ ਨੇ ਇੱਥੇ ਉਦਯੋਗਾਂ ਲਈ ਅਨੁਕੂਲ



ਮਾਹੌਲ ਸਿਰਜਿਆ ਹੈ। ਇਸ ਸਬੰਧੀ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਮਸ਼ੀਨਰੀ ਨਾਲ ਸਬੰਧਤ ਪ੍ਰਦਰਸ਼ਨੀ ਦੇ ਆਯੋਜਨ ਵਿੱਚ ਪ੍ਰਬੰਧਕਾਂ ਦੇ ਯਤਨਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪ੍ਰਦਰਸਨੀਆਂ ਜਿੱਥੇ ਉਦਯੋਗਾਂ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਉੱਥੇ ਨਵੀਂ ਤਕਨੀਕ ਵੇਖਣ ਦਾ ਮੌਕਾ ਵੀ ਦਿੰਦੀਆਂ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਜਲੰਧਰ ਜੋ ਖੇਡਾਂ ਦੇ ਸਮਾਨ, ਚਮੜੇ ਦੇ ਸਮਾਨ, ਹੈਂਡ ਟੂਲਜ, ਪਾਈਪ ਫਿਟਿੰਗ ਅਤੇ ਹੋਰ ਬਹੁਤ ਸਾਰੀਆਂ ਵਸਤਾਂ ਦੇ ਨਿਰਮਾਣ ਲਈ ਜਾਣਿਆ ਜਾਂਦਾ ਹੈ, ਨੂੰ ਇਸ ਪ੍ਰਦਰਸਨੀ ਵਿੱਚ ਪ੍ਰਦਰਸ਼ਿਤ ਮਸੀਨਰੀ ਅਤੇ ਤਕਨਾਲੋਜੀ ਤੋਂ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਆਈ. ਟੀ. ਆਈ. ਅਤੇ ਇੰਜਨੀਅਰਿੰਗ ਦੇ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰਦਰਸਨੀਆਂ ਦਾ ਲਾਭ ਉਠਾਉਣਾ ਚਾਹੀਦਾ ਹੈ। ਇਨ੍ਹਾਂ ਵਿੱਚ ਪ੍ਰਦਰਸ਼ਿਤ ਆਧੁਨਿਕ ਤਕਨੀਕਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਉਨ੍ਹਾਂ ਵੱਖ-ਵੱਖ ਸਟਾਲਾਂ ’ਤੇ ਲਾਈ ਗਈ ਮਸੀਨਰੀ ਨੂੰ ਵੀ ਵੇਖਿਆ।

### ਰੋਪੜ ‘ਚ ਵਾਪਰਿਆ ਦਰਦਨਾਕ ਹਾਦਸਾ, ਕਾਰ ਦੇ ਉੱਡੇ ਪਰਖੱਚੇ, ਲੁਧਿਆਣਾ ਦੇ ਵਿਅਕਤੀ ਦੀ ਮੌਤ

ਰੋਪੜ 9 ਫਰਵਰੀ। ਚੰਡੀਗੜ੍ਹ-ਮਨਾਲੀ ਕੌਮੀ ਮਾਰਗ ‘ਤੇ ਰੋਪੜ ਦੇ ਵਿੱਚ ਗੁਰਦੁਆਰਾ ਭੱਠਾ ਸਾਹਿਬ ਦੇ ਨਜਦੀਕ ਪੁਲ ਦੇ ਰੁਕੇ ਹੋਏ ਨਿਰਮਾਣ ਕਾਰਨ ਇਕ ਕਾਰ ਹਾਦਸਾਗ੍ਰਸਤ ਹੋ ਗਈ। ਇਸ ਹਾਦਸੇ ਵਿਚ ਕਾਰ ਚਾਲਕ ਇਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇਕ ਵਿਅਕਤੀ ਜਖਮੀ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਚੰਡੀਗੜ੍ਹ ਤੋਂ ਕਾਰ ਵਿੱਚ ਸਵਾਰ ਹੋ ਕੇ ਮਨਾਲੀ ਲਈ ਨਿਕਲੇ ਅਕਸ਼ਿਤ ਭੱਲਾ ਅਤੇ ਪੀਉਸ ਜਦੋਂ ਰੋਪੜ ਪੁੱਜੇ ਤਾਂ ਇਥੇ ਪੁਲ ਦੇ ਨਿਰਮਾਣ ਲਈ ਪੱਟੀ ਹੋਏ ਸੜਕ ਦਾ ਪਤਾ ਨਾ ਲੱਗਣ ‘ਤੇ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਕਾਰ ਬੈਰੀਕੇਡ ਵਿਚੋਂ ਲੰਘਦੀ ਹੋਈ ਪੱਟੀ ਹੋਈ ਸੜਕ ਵੱਲ ਚਲੀ ਗਈ ਅਤੇ ਹਾਦਸਾ ਹੋ ਗਿਆ। ਇਸ ਦੌਰਾਨ ਕਾਰ ਚਾਲਕ ਅਕਸ਼ਿਤ ਭੱਲਾ ਵਾਸੀ ਲੁਧਿਆਣਾ ਦੀ ਮੌਤ ਹੋ ਗਈ ਅਤੇ ਪੀਊਸ਼ ਵਾਸੀ ਚੰਡੀਗੜ੍ਹ ਜਖਮੀ ਹੋ ਗਿਆ। ਰਾਹਗੀਰਾਂ ਦਾ ਕਹਿਣਾ ਹੈ ਕਿ ਪੁਲ ਦਾ ਨਿਰਮਾਣ ਰੁਕੇ ਹੋਣ ਕਾਰਨ ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਹਨ ਅਤੇ ਕਈ ਲੋਕ ਜਾਨਾਂ ਗਵਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਵੀ ਸਬੰਧਤ ਵਿਭਾਗ ਗੰਭੀਰਤਾ ਨਹੀਂ ਵਿਖਾ ਰਿਹਾ।

## ਸੀਮੈਂਟ ਫੈਕਟਰੀ ਖੋਲ੍ਹਣ ਦੇ ਵਿਰੋਧ ਲੋਕਾਂ ਨੇ ਕੀਤਾ ਇਕੱਠ

ਸੈਲਾ ਖੁਰਦ 9 ਫਰਵਰੀ। ਨੇੜਲੇ ਪਿੰਡਾਂ ਨਾਰਿਆਲਾ ਵਡੋਵਾਣ ਵਿਖੇ ਲੱਗ ਰਹੀ ਨਵੀਂ ਸੀਮੈਂਟ ਫੈਕਟਰੀ ਦੇ ਵਿਰੋਧ ‘ਚ ਇਲਾਕੇ ਦੇ ਲੋਕ ਵੱਡੀ ਗਿਣਤੀ ‘ਚ ਪਿੰਡ ਨਰਿਆਲਾ ਦੇ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋਏ। ਇਸ ਦੌਰਾਨ ਇਸ ਸੰਘਰਸ਼ ਨੂੰ ਤੇਜ਼ ਕਰਨ ਦਾ ਨਾਅਰਾ ਦਿੱਤਾ ਗਿਆ। ਇਸ ਭਰਵੇਂ ਇਕੱਠ ’ਚ ਜਸਵਿੰਦਰ ਸਿੰਘ ਸਹੋਤਾ, ਪਲਵਿੰਦਰ ਸਿੰਘ ਸਹੋਤਾ, ਤਰਸੇਮ ਸਿੰਘ ਜੱਸੋਵਾਲ, ਹਰਜੀਤ ਸਿੰਘ ਭਾਤਪੁਰੀ, ਗੁਰਮੁਖ ਸਿੰਘ ਜੀਵਨਪੁਰ ਜੱਟਾਂ, ਗੁਰਲਾਲ ਸੈਲਾ, ਜਸਵੀਰ ਕੌਰ ਸਰਪੰਚ ਨਰਿਆਲਾ, ਕਾਮਰੇਡ ਮਹਿੰਦਰ ਕੁਮਾਰ ਵਡੋਵਾਣ, ਲਖਵੀਰ ਸਿੰਘ ਰਾਣਾ ਡਾਨਸੀਵਾਲ, ਇੰਦਰਪਾਲ ਸਿੰਘ ਮਹਿੰਗਰੋਵਾਲ, ਦਯਾ ਸਿੰਘ ਮੇਘੋਵਾਲ, ਦਵਿੰਦਰ ਸਿੰਘ ਫੌਜੀ ਨਰਿਆਲਾ, ਪਰਮਿੰਦਰ ਸਿੰਘ ਕਿੱਤਣਾ, ਇਕਬਾਲ ਸਿੰਘ ਜੱਸੋਵਾਲ ਤੋਂ ਇਲਾਵਾ ਹੋਰ ਵੱਡੀ ਗਿਣਤੀ ’ਚ ਬੁਲਾਰਿਆਂ ਨੇ ਆਖਿਆ ਕੇ 19 ਜਨਵਰੀ ਨੂੰ ਜੋ ਸੀਮੈਂਟ ਫੈਕਟਰੀ ਵੱਲੋਂ ਜਨ ਸੁਣਵਾਈ ਕਰਵਾਈ ਗਈ, ਉਹ ਬਿਲਕੁਲ ਫਰਜ਼ੀ ਸੀ। ਇਸ ਬਾਰੇ ਪਿੰਡਾਂ ਦੇ ਲੋਕਾਂ ਨੂੰ ਕੋਈ ਵੀ ਅਗਾਊਂ ਸੂਚਨਾ ਨਹੀਂ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ



ਅਸੀਂ ਇਸ ਜਨ ਸੁਣਵਾਈ ਦਾ ਵਿਰੋਧ ਕਰਦੇ ਹਾਂ ਤੇ ਇਸ ਤੋਂ ਹੋਣ ਵਾਲੇ ਮਾੜੇ ਪ੍ਰਭਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਅਸੀਂ ਇਹ ਸੀਮੈਂਟ ਫੈਕਟਰੀ ਆਪਣੇ ਪਿੰਡਾਂ ਵਿਚ ਬਿਲਕੁਲ ਵੀ ਲੱਗਣ ਨਹੀਂ ਦਿਆਂਗੇ। ਇਸ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਵੱਧ ਤੋਂ ਵੱਧ ਗਿਣਤੀ ’ਚ 9 ਫਰਵਰੀ ਨੂੰ ਸਵੇਰੇ ਐੱਸ.ਡੀ.ਐੱਮ. ਦਫਤਰ ਗੜ੍ਹਸ਼ੰਕਰ ਵਿਖੇ ਪਹੁੰਚਿਆ ਜਾਵੇਗਾ ਤੇ ਆਪਣਾ ਵਿਰੋਧ ਜਤਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ ਵਡੋਵਾਣ, ਰਾਜਵੀਰ ਸਿੰਘ, ਕੁਲਦੀਪ ਸਿੰਘ, ਰਸ਼ਪਾਲ ਸਿੰਘ ਕੁੱਕੜਾਂ, ਗੁਰਨਾਥ ਸਿੰਘ, ਦਿਲਬਾਗ ਸਿੰਘ, ਪਰਮਜੀਤ ਸਿੰਘ ਮੇਘੋਵਾਲ, ਰਾਜਿੰਦਰ ਸਿੰਘ ਬੱਠਲਾਂ, ਦੇ ਵਿਅਕਤੀ ਹਾਜ਼ਰ ਹੋਏ। ਸਭ ਨੇ ਇਸ ਪ੍ਰਦੂਸ਼ਣ ਵਾਲੀ ਸੀਮੈਂਟ ਫੈਕਟਰੀ ਲਗਾਉਣ ਦਾ ਜ਼ਬਰਦਸਤ ਵਿਰੋਧ ਕੀਤਾ ਤੇ ਆਖਿਆ ਕਿ ਕਿਸੇ ਵੀ ਕੀਮਤ ’ਤੇ ਇਹ ਸੀਮੈਂਟ ਫੈਕਟਰੀ ਆਪਣੇ ਇਲਾਕੇ ਵਿਚ ਨਹੀਂ ਲੱਗਣ ਦੇਣਗੇ।

### ਪੁਰਤਗਾਲ ‘ਚ ਦਸੂਹਾ ਦੇ ਨੌਜਵਾਨ ਦੀ ਸੜਕ ਹਾਦਸੇ ਦੌਰਾਨ ਮੌਤ, ਪਰਿਵਾਰ ‘ਚ ਮਚਿਆ ਚੀਕ-ਚਿਹਾੜਾ

ਦਸੂਹਾ 9 ਫਰਵਰੀ। ਦਸੂਹਾ ਦੇ ਪਿੰਡ ਉਸਮਾਨ ਸ਼ਹੀਦ ਦੇ ਨੌਜਵਾਨ ਦੀ ਬੀਤੇ ਦਿਨ ਪੁਰਤਗਾਲ ਵਿਖੇ ਵਾਪਰੇ ਸੜਕ ਹਾਦਸੇ ਵਿਚ ਮੌਤ ਹੋ ਗਈ. 15 ਮਹੀਨੇ ਪਹਿਲੇ ਰੁਜ਼ਗਾਰ ਲਈ ਪੁਰਤਗਾਲ ਗਏ 26 ਵਰ੍ਹਿਆਂ ਦੇ ਨੌਜਵਾਨ ਤਜਿੰਦਰ ਸਿੰਘ ਤੇਜੀ ਪੁੱਤਰ ਭਗਵੰਤ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਦੀ ਖਬਰ ਮਿਲਣ ਉਪਰੰਤ ਪਿੰਡ ਵਿਚ ਸੋਗ ਦੀ ਲਹਿਰ ਹੈ। ਪਰਿਵਾਰ ਸਦਮੇ ਵਿਚ ਹੈ. ਇਸ ਦੁਖਾਂਤ ਤੋਂ ਬਾਅਦ ਵਿਧਾਇਕ ਕਰਮਵੀਰ ਸਿੰਘ ਘੁੰਮਣ, ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਹਲਕਾ ਇੰਚਾਰਜ ਉੜਮੁੜ ਮਨਜੀਤ ਸਿੰਘ ਦਸੂਹਾ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਖਵਿੰਦਰ ਸਿੰਘ ਮੂਨਕ ਅਤੇ ਯੁਵਕ ਸੇਵਾਵਾਂ ਕਲੱਬ ਦੀ ਸਮੂਹ ਟੀਮ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ. ਇਸ ਦੌਰਾਨ ਪਰਿਵਾਰ ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਨੌਜਵਾਨ ਤਜਿੰਦਰ ਸਿੰਘ ਤੇਜੀ ਦੀ ਮ੍ਰਿਤਕ ਦੇਹ ਨੂੰ ਭਾਰਤ ਮੰਗਵਾਉਣ ਲਈ ਮਦਦ ਦੀ ਅਪੀਲ ਕੀਤੀ ਹੈ .

### ਰਾਹੋਂ ਵਿਖੇ ਦਿਨ-ਦਿਹਾੜੇ ਘਰ ‘ਚ ਦਾਖਲ ਹੋ ਕੇ ਮਾਂ-ਪੁੱਤ ‘ਤੇ ਕੀਤਾ ਹਮਲਾ

ਰਾਹੋਂ 9 ਫਰਵਰੀ। ਮਾਛੀਵਾੜਾ ਰੋਡ ਰਾਹੋਂ ਦੇ ਸਮਸਾਨਘਾਟ ਦੀ ਬੈਂਕ ਸਾਈਡ ’ਤੇ ਕਾਲੋਨੀ ਵਿੱਚ ਸੂਰ ਫਾਰਮ ਬਣਾ ਕੇ ਰਹਿ ਰਹੇ ਇਕ ਮਾਂ-ਪੁੱਤ ਨੂੰ ਘਰ ’ਚ ਵੜ ਕੇ ਕੁਝ ਵਿਅਕਤੀਆਂ ਵੱਲੋਂ ਕੁੱਟਮਾਰ ਕਰਕੇ ਜਖਮੀ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਮਾਛੀਵਾੜਾ ਰੋਡ ਕਾਲੋਨੀ ’ਚ ਰਹਿ ਰਹੇ ਕਰਮਜੀਤ ਸਿੰਘ ਪੁੱਤਰ ਜਗਤਾਰ ਸਿੰਘ ਨੇ ਦੱਸਿਆ ਕਿ ਇਕ ਔਰਤ ਦੇ ਨਾਲ ਤਿੰਨ ਵਿਅਕਤੀਆਂ ਨੇ ਇਨ੍ਹਾਂ ਦੇ ਘਰ ਆ ਕੇ ਹਮਲਾ ਕਰ ਦਿੱਤਾ ਅਤੇ ਮੇਰੀ ਭੈਣ ਜੋਤੀ ਜੋਕਿ ਗਰਭਵਤੀ ਸੀ, ਉਸ ਨੂੰ ਧੱਕਾ ਮਾਰਿਆ ਅਤੇ ਉਸ ਦੇ ਢਿੱਡ ਵਿਚ ਕੂਹਣੀਆਂ ਵੀ ਮਾਰੀਆਂ। ਇੰਨੇ ਨੂੰ ਮੈਂ ਅੰਦਰੋਂ ਆ ਗਿਆ ਤਾਂ ਉਨ੍ਹਾਂ ਨੇ ਮੈਨੂੰ ਅਤੇ ਮੇਰੀ ਮਾਂ ਬਲਜੀਤ ਕੌਰ ਦੇ ਸਿਰ ’ਚ ਇੱਟਾਂ ਨਾਲ ਹਮਲਾ ਕਰ ਦਿੱਤਾ। ਮੇਰਾ ਅਤੇ ਮੇਰੀ ਮਾਂ ਦੇ ਸਿਰ ਪਾੜ ਦਿੱਤਾ। ਸਾਨੂੰ ਗੁਆਂਢੀਆਂ ਨੇ ਚੱਕ ਕੇ ਸਿਵਲ ਹਸਪਤਾਲ ਰਾਹੋਂ ਵਿਖੇ ਇਲਾਜ ਲਈ ਦਾਖਲ ਕਰਵਾਇਆ।

## 66 ਫੁੱਟੀ ਰੋਡ, ਅਲੀਪੁਰ ਅਤੇ ਖੁਰਲਾ ਕਿੰਗਰਾ ਇਲਾਕੇ ’ਚ ਹੀ ਨਿਗਮ ਦਾ ਕਰੋੜਾਂ ਰੁਪਏ ਦਾ ਰੈਵੇਨਿਊ ਹੋ ਰਿਹੈ ਚੋਰੀ

ਜਲੰਧਰ 9 ਫਰਵਰੀ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੀ ਸੱਤਾ ਸੰਭਾਲਣ ਤੋਂ ਬਾਅਦ ਬਦਲਾਅ ਦੇ ਦੌਰ ਦੀ ਸ਼ੁਰੂਆਤ ਕਰਦੇ ਹੋਏ ਕਈ ਸਰਕਾਰੀ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਨੂੰ ਬਿਲਕੁਲ ਖਤਮ ਤਾਂ ਨਹੀਂ ਕੀਤਾ ਪਰ ਕਾਫੀ ਹੱਦ ਤਕ ਘੱਟ ਕਰ ਦਿੱਤਾ ਹੈ ਅਤੇ ਕਈ ਸਰਕਾਰੀ ਵਿਭਾਗਾਂ ਵਿਚ ਤਾਂ ਹੁਣ ਸਿਸਟਮ ਨੇ ਵੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਪਰ ਜਲੰਧਰ ਨਗਰ ਨਿਗਮ ਅਜਿਹਾ ਸਰਕਾਰੀ ਵਿਭਾਗ ਹੈ, ਜਿਸ ਦੇ ਰੈਵੇਨਿਊ ਨੂੰ ਅਜੇ ਵੀ ਕਰੋੜਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ ਪਰ ਸਬੰਧਤ ਨਿਗਮ ਅਧਿਕਾਰੀ ਇਸ ਮਾਮਲੇ ਵਿਚ ਕੁਝ ਨਹੀਂ ਕਰ ਪਾ ਰਹੇ। ਜਲੰਧਰ ਨਿਗਮ ਦੇ ਬਿਲਡਿੰਗ ਵਿਭਾਗ ਦੀ ਗੱਲ ਕਰੀਏ ਤਾਂ ਪਿਛਲੇ ਲੰਮੇ ਸਮੇਂ ਤੋਂ ਇਹ ਵਿਭਾਗ ਵਿਹਲਾ ਬੈਠਾ ਹੋਇਆ ਸੀ ਅਤੇ ਇਸ ਵਿਭਾਗ ਨਾਲ ਸਬੰਧਤ ਅਧਿਕਾਰੀ ਫੀਲਡ ਵਿਚ ਨਹੀਂ ਨਿਕਲ ਪਾ ਰਹੇ ਸਨ। ਪਿਛਲੇ ਕੁਝ ਹਫਤਿਆਂ ਤੋਂ ਨਿਗਮ ਦੇ ਇਸ ਵਿਭਾਗ ਵਿਚ ਹਲਚਲ ਦੇਖੀ ਜਾ ਰਹੀ ਹੈ ਅਤੇ ਹੁਣ ਜਿਸ ਤਰ੍ਹਾਂ 1-2 ਸੈਕਟਰਾਂ ਵਿਚ ਜਾ ਕੇ ਚੈਕਿੰਗ ਹੋ ਰਹੀ ਹੈ, ਉਸ ਤੋਂ ਸਾਹਮਣੇ ਆਇਆ ਹੈ ਕਿ ਸਿਰਫ 66 ਫੁੱਟੀ ਰੋਡ ਨੇੜਲੇ ਇਲਾਕੇ, ਖੁਰਲਾ ਕਿੰਗਰਾ ਅਤੇ ਅਲੀਪੁਰ ਵਰਗੇ ਇਲਾਕੇ ਵਿਚ ਹੀ ਨਗਰ ਨਿਗਮ ਦੇ ਕਰੋੜਾਂ ਰੁਪਏ ਦੇ ਰੈਵੇਨਿਊ ਦਾ ਨੁਕਸਾਨ ਹੋ ਰਿਹਾ ਹੈ ਅਤੇ ਇਨ੍ਹਾਂ ਇਲਾਕਿਆਂ ਵਿਚ ਧੜਾਧੜ ਨਾਜਾਇਜ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਨਾ ਤਾਂ ਸੀ. ਐੱਲ. ਯੂ. ਪਾਸ ਕਰਵਾਇਆ ਜਾਂਦਾ ਹੈ ਅਤੇ ਨਾ ਹੀ ਕਮਰਸ਼ੀਅਲ ਨਕਸ਼ੇ ਆਦਿ ਦੀ ਫੀਸ ਦਿੱਤੀ ਜਾਂਦੀ ਹੈ। ਰਿਹਾਇਸ਼ੀ ਇਲਾਕਿਆਂ ਵਿਚ ਵੀ 2-2 ਮੰਜ਼ਿਲਾ ਦੁਕਾਨਾਂ ਸ਼ਰੇਆਮ ਬਣ ਰਹੀਆਂ ਹਨ ਅਤੇ ਅਲੀਪੁਰ ਇਲਾਕੇ ਵਿਚ ਤਾਂ ਕਿਤੇ ਆਲੀਸ਼ਾਨ ਫਾਰਮ ਹਾਊਸ ਕੱਟੇ ਜਾ ਰਹੇ ਹਨ ਅਤੇ ਕਿਤੇ ਨਾਜਾਇਜ



ਕਾਲੋਨੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਨਗਰ ਨਿਗਮ ਦੇ ਬਿਲਡਿੰਗ ਵਿਭਾਗ ਦੀ ਟੀਮ ਨੇ ਪਿਛਲੇ ਦਿਨੀਂ ਪਿੰਡ ਅਲੀਪੁਰ ਵਿਚ ਭੱਟੀ ਕੋਲਡ ਸਟੋਰ ਵਾਲੀ ਜਗ੍ਹਾ ’ਤੇ ਕੱਟੀ ਜਾ ਰਹੀ ਕਾਲੋਨੀ ਦਾ ਕੰਮ ਰੁਕਵਾ ਦਿੱਤਾ ਸੀ ਅਤੇ ਕਿਹਾ ਸੀ ਕਿ ਇਸ ਜਮੀਨ ਦਾ ਸਿਰਫ ਸੀ. ਐੱਲ. ਯੂ. ਹੋਇਆ ਹੈ, ਅਜੇ ਤਕ ਕਾਲੋਨੀ ਦਾ ਲਾਇਸੈਂਸ ਇਸ਼ੂ ਨਹੀਂ ਹੋਇਆ ਅਤੇ ਨਾ ਹੀ ਫੀਸਾਂ ਆਦਿ ਭਰੀਆਂ ਗਈਆਂ ਹਨ। ਇਸਦੇ ਬਾਵਜੂਦ ਭੱਟੀ ਕੋਲਡ ਸਟੋਰ ਵਾਲੀ ਜਗ੍ਹਾ ’ਤੇ ਨਾਜਾਇਜ ਕਾਲੋਨੀ ਕੱਟਣ ਅਤੇ ਪਲਾਟ ਆਦਿ ਤਿਆਰ ਕਰਨ ਦਾ ਕੰਮ ਜ਼ੋਰਾਂ ’ਤੇ ਹੈ। ਅੱਜ ਨਿਗਮ ਦੀ ਟੀਮ ਨੇ ਉਕਤ ਇਲਾਕੇ ਵਿਚ ਫਿਰ ਛਾਪੇਮਾਰੀ ਕੀਤੀ ਅਤੇ ਕੋਲਡ ਸਟੋਰ ਦੇ ਨਾਲ ਬਣੇ ਇਕ ਫਾਰਮ ਹਾਊਸ ਨੂੰ ਨੋਟਿਸ ਜਾਰੀ ਕੀਤਾ। ਨਿਗਮ ਅਧਿਕਾਰੀਆਂ ਨੇ ਦੱਸਿਆ ਕਿ ਫਾਰਮ ਹਾਊਸ ਤਿਆਰ ਕਰਨ ਵਾਲੀ ਧਿਰ ਮੌਕੇ ’ਤੇ ਕੋਈ ਨਕਸ਼ਾ ਆਦਿ ਨਹੀਂ ਦਿਖਾ ਸਕੀ। ਪਿੰਡ ਅਲੀਪੁਰ ਵਿਚ ਭੱਟੀ ਕੋਲਡ ਸਟੋਰ ਦੇ ਨੇੜੇ ਤਿਆਰ ਇਕ ਆਲੀਸ਼ਾਨ ਫਾਰਮ ਹਾਊਸ, ਜਿਸ ਦੇ ਦਸਤਾਵੇਜ ਨਿਗਮ ਵੱਲੋਂ ਤਲਬ ਕੀਤੇ ਗਏ ਹਨ। ਨਗਰ ਨਿਗਮ ਦੇ ਏ. ਟੀ. ਪੀ. ਸੁਖਦੇਵ ਵਸ਼ਿਸ਼ਟ ਨੇ ਅੱਜ ਛੁੱਟੀ ਵਾਲੇ ਦਿਨ ਆਪਣੀ ਟੀਮ ਨਾਲ ਖੁਰਲਾ ਕਿੰਗਰਾ ਅਤੇ ਵਡਾਲਾ ਰੋਡ ਆਦਿ ਇਲਾਕਿਆਂ ਦਾ ਦੌਰਾ ਕੀਤਾ ਅਤੇ ਐੱਸ. ਏ. ਐੱਸ. ਨਗਰ ਵਿਚ ਗ੍ਰੀਨ ਲੈਂਡ ਪ੍ਰਾਪਰਟੀ ਡੀਲਰ ਦੇ ਨੇੜੇ ਇਕ ਨਾਜਾਇਜ ਕਮਰਸ਼ੀਅਲ ਨਿਰਮਾਣ ਨੂੰ ਨੋਟਿਸ ਜਾਰੀ ਕੀਤਾ, ਜਿਥੇ ਨਾਜਾਇਜ ਢੰਗ ਨਾਲ 2 ਮੰਜ਼ਿਲਾ 6 ਦੁਕਾਨਾਂ ਤਿਆਰ ਕਰ ਲਈਆਂ ਗਈਆਂ ਹਨ। ਇਸੇ ਟੀਮ ਨੇ ਗ੍ਰੀਨ ਐਵੇਨਿਊ ਵਿਚ ਵੀ 2 ਮੰਜ਼ਿਲਾ ਨਾਜਾਇਜ ਕਮਰਸ਼ੀਅਲ ਨਿਰਮਾਣ ਨੂੰ ਨੋਟਿਸ ਜਾਰੀ ਕੀਤਾ। ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿਚ ਵੀ ਨਾਜਾਇਜ ਕਮਰਸ਼ੀਅਲ ਨਿਰਮਾਣ ਕਰ ਕੇ ਨਿਗਮ ਦੇ ਰੈਵੇਨਿਊ ਨੂੰ ਮੋਟਾ ਚੂਨਾ ਲਾਇਆ ਜਾ ਰਿਹਾ ਹੈ।

### ਲੁਧਿਆਣਾ ‘ਚ ਪਲਾਸਟਿਕ ਡੋਰ ਦਾ ਕਹਿਰ, ਬੱਚੇ ਦੇ ਗਲੇ ਨੂੰ ਚੀਰਦੀ ਨਿਕਲ ਗਈ, ਕਰਨਾ ਪਿਆ ਆਪਰੇਸ਼ਨ

ਲੁਧਿਆਣਾ 9 ਫਰਵਰੀ। ਪੁਲਸ ਦੇ ਲੱਖ ਯਤਨਾਂ ਤੋਂ ਬਾਅਦ ਵੀ ਜਾਨਲੇਵਾ ਪਲਾਸਟਿਕ ਡੋਰ ਸ਼ਹਿਰ ’ਚ ਵਿਕਣੀ ਬੰਦ ਨਹੀਂ ਹੋਈ। ਪਲਾਸਟਿਕ ਡੋਰ ਨੇ ਆਪਣਾ ਕਹਿਰ ਵਰ੍ਹਾਉਂਦੇ ਹੋਏ ਸਾਈਕਲ ’ਤੇ ਜਾ ਰਹੇ ਇਕ ਬੱਚੇ ਨੂੰ ਆਪਣੀ ਲਪੇਟ ’ਚ ਲੈ ਲਿਆ ਅਤੇ ਉਸ ਦੇ ਗਲੇ ਨੂੰ ਚੀਰਦੀ ਹੋਈ ਨਿਕਲ ਗਈ। ਇਸ ਕਾਰਨ ਬੱਚੇ ਦੇ ਗਲੇ ਦੀ ਉੱਪਰਲੀ ਪਰਤ ਬੁਰੀ ਤਰ੍ਹਾਂ ਕੱਟ ਗਈ ਅਤੇ ਸਾਹ ਦੀ ਨਲੀ ਤੱਕ ਪੁੱਜ ਗਈ। ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਆਪਰੇਸ਼ਨ ਕਰ ਕੇ ਗਲੇ ’ਤੇ ਟਾਂਕੇ ਲਗਾਏ ਤਾਂ ਬੱਚੇ ਦੀ ਜਾਨ ਬਚ ਸਕੀ। ਜਾਣਕਾਰੀ ਮੁਤਾਬਕ ਜਸਕਰਨ ਸਿੰਘ (13) ਪੱਖੋਵਾਲ ਰੋਡ ਸਥਿਤ ਪਿੰਡ ਫੱਲੇਵਾਲ ਦਾ ਰਹਿਣ ਵਾਲਾ ਹੈ। ਉਹ ਸਾਈਕਲ ’ਤੇ ਦਵਾਈ ਲੈਣ ਜਾ ਰਿਹਾ ਸੀ। ਅਚਾਨਕ ਰਸਤੇ ’ਚ ਪਲਾਸਟਿਕ ਡੋਰ ਉਸ ਦੀ ਧੌਣ ’ਚ ਫਸ ਗਈ। ਡੋਰ ਨੇ ਜੈਕੇਟ ਨੂੰ ਚੀਰਦੇ ਹੋਏ ਉਸ ਦਾ ਗਲਾ ਹੀ ਕੱਟ ਦਿੱਤਾ। ਡੋਰ ਦਾ ਕੱਟ ਇੰਨਾ ਡੂੰਘਾ ਸੀ ਕਿ ਗਲੇ ਦੀ ਉੱਪਰਲੀ ਪਰਤ ਪੂਰੀ ਤਰ੍ਹਾਂ ਕੱਟੀ ਗਈ ਸੀ। ਹਸਪਤਾਲ ਦੇ ਡਾ. ਅਸ਼ੀਸ਼ ਗੁਪਤਾ ਮੁਤਾਬਕ ਬੱਚੇ ਨੂੰ ਵੀ ਹਸਪਤਾਲ ਲਿਆਂਦਾ ਗਿਆ ਤਾਂ ਉਸ ਦੀ ਹਾਲਤ ਕਾਫੀ ਨਾਜ਼ੁਕ ਸੀ। ਉਸ ਦੀ ਧੌਣ ਦਾ ਕੱਟ ਦੇਖ ਕੇ ਉਸ ਦੀ ਸਰਜਰੀ ਕਰਨੀ ਪਈ। ਬੱਚੇ ਦੀ ਸਾਹ ਦੀ ਨਲੀ ਤੱਕ ਕੱਟ ਕੇ ਪੁੱਜ ਚੁੱਕਾ ਸੀ, ਜਿਸ ਕਾਰਨ ਉਸ ਦੀ ਸਰਜਰੀ ਕਰ ਕੇ ਜਾਨ ਬਚਾਉਣਾ ਇਕ ਚੁਣੌਤੀ ਸੀ। ਉਨ੍ਹਾਂ ਨੇ ਆਪਰੇਸ਼ਨ ਕਰ ਕੇ ਸਾਹ ਦੀ ਨਲੀ ਨੂੰ ਜੋੜਿਆ। ਫਿਰ ਉੱਪਰਲੀ ਪਰਤ ’ਤੇ ਟਾਂਕੇ ਲਗਾਏ ਗਏ। ਬਹੁਤ ਮੁਸ਼ਕਲ ਨਾਲ ਬੱਚੇ ਦੀ ਜਾਨ ਬਚਾਈ ਜਾ ਸਕੀ। ਬੇਸਹਾਰਿਆਂ ਦਾ ਸਹਾਰਾ ਟਰੱਸਟ ਦੇ ਮੁੱਖ ਸੇਵਾਦਾਰ ਗਗਨ ਢੰਡ ਦਾ ਕਹਿਣਾ ਹੈ ਕਿ ਪਲਾਸਟਿਕ ਡੋਰ ਦਾ ਬਾਈਕਾਟ ਹੋਣਾ ਚਾਹੀਦਾ ਹੈ। ਕੁੱਝ ਲੋਕ ਮਾਮੂਲੀ ਲਾਲਚ ਕਾਰਨ ਇਹ ਜਾਨਲੇਵਾ ਡੋਰ ਵੇਚਦੇ ਹਨ ਅਤੇ ਕੁੱਝ ਲੋਕ ਆਪਣੇ ਕੁੱਝ ਦੇਰ ਦੇ ਆਨੰਦ ਲਈ ਇਹ ਡੋਰ ਖਰੀਦ ਕੇ ਪਤੰਗਬਾਜ਼ੀ ਕਰਦੇ ਹਨ ਪਰ ਇਨ੍ਹਾਂ ਸਭ ’ਚ ਨੁਕਸਾਨ ਆਮ ਜਨਤਾ ਦਾ ਹੁੰਦਾ ਹੈ। ਇਹ ਆਪਣੇ ਆਪ ’ਚ ਕੋਈ ਪਹਿਲਾਂ ਹਾਦਸਾ ਨਹੀਂ, ਇਸ ਤੋਂ ਪਹਿਲਾਂ ਵੀ ਕਈ ਅਜਿਹੇ ਹਾਦਸੇ ਵਾਪਰ ਚੁੱਕੇ ਹਨ, ਜਿਨ੍ਹਾਂ ’ਚ ਲੋਕਾਂ ਨੂੰ ਜਾਨ ਤੱਕ ਗੁਆਉਣੀ ਪੈ ਗਈ। ਕੁਝ ਦਿਨ ਪਹਿਲਾਂ ਲੋਹੜੀ ਦੇ ਆਸ-ਪਾਸ ਹੋਏ ਇਕ ਹਾਦਸੇ ’ਚ ਇਕ ਨੌਜਵਾਨ ਅਪਾਹਜ ਹੋ ਗਿਆ। ਡੋਰ ਨਾਲ ਉਸ ਦਾ ਪੈਰ ਹੀ ਕੱਟ ਗਿਆ। ਲੋਕਾਂ ਨੂੰ ਚਾਹੀਦਾ ਹੈ ਕਿ ਪਲਾਸਟਿਕ ਡੋਰ ਵੇਚਣ ਅਤੇ ਖਰੀਦਣ ਵਾਲਿਆਂ ਦੀ ਸੂਚਨਾ ਪੁਲਸ ਨੂੰ ਦੇਣ ਤਾਂ ਕਿ ਉਨ੍ਹਾਂ ’ਤੇ ਕਾਰਵਾਈ ਹੋ ਸਕੇ।

**NAME CHANGE**
I, Jitender Kumar S/o Kaptan Singh R/o House No 127, Near Dps School , Sector 45, Gurgaon Haryana-122003, I Have Changed My Name To Jitender Kumar Singh For All Purpose

**NAME CHANGE**
I, nizamuddIN S/O SALAUDIN residing at G-8/80, GALI NO-8, SANGAM VIHAR, DELHI-110060 have changed my name to MD NIZAMUDDIN for all future purpose.

**PUBLIC NOTICE**
Information is given to general public at large that our client Mr. Ravinder Giri is the owner of Freehold Residential Property/House No. 234, area measuring 100 sq. yd. i.e., 83.61 sq. mtr. out of Khasra No. 104/17/1/1, situated at Gali No. 6, C-Block, Parvatiya Anchal, Sant Nagar, Burari North Delhi-110084. By Virtue of Authorization Slip dated 08.11.2023 executed by DDA (Under PM Unauthorized Colonies in Delhi Awas Adhikar Yojna Cell) in favour of Mr. Gulab Lal Giri duly registered in SR- I New Delhi as doc. No. 2023/19/I/12554, Book No. I, Vol. No. 10089, Page No. 27 to 32, dated 08.11.2023.now our client is declaring that that any other Person does not have any right over the said property, and same has been financed by Suryoday Small Finance Bank Limited Branch-Green Park New Delhi. If any person(s) has any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by anyone. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**DATE OF BIRTH CHANGE**
I, RAZNI DEVI Wife of No-14443040Y Rank-HAV (DMT) Name-SATISH SINGH R/O VILL-MULO CHAK, TEH-SUCHETGARH, DIST-JAMMU, J&K-181131, in my husband's service records my date of birth wrongly mentioned as 16/03/1984 instead of my correct date of birth as 25/04/1980 vide affidavit dated 30/01/2024 before Addl. Special Mobile Magistrate JMIC, R S Pura.

**NAME CHANGE**
I, Husan Ban Wife of Sh Sher Ali R/O House Number C-12/446, Yamuna Vihar, Delhi-110053, have changed my name Husan Bano for all future purpose

**DATE OF BIRTH CHANGE**
I hitherto known as TEJASVIR SINGH alias TEJASVIR SINGH WALIA S/o MANVIR SINGH WALIA, R/o 42, Second Floor, Hemkunt Colony, Greater Kailash-1, Greater Kailash, South Delhi, Delhi-110048, have changed my name and shall hereafter be known as TEJASVIR SINGH WALIA.

**PUBLIC NOTICE**
BE IT KNOWN TO THE PUBLIC IN GENERAL THAT MY CLIENT DEVENDER SINGH SON OF SHRI ISHWAR SINGH RESIDENT OF HOUSE NO. 218, SULTANPUR DABAS, DELHI -110039 HAS SEVERED HIS ALL RELATION WITH HIS DAUGHTER KAJAL DABAS AND ALSO DISOWNED FROM HIS MOVABLE AND IMMOVABLE PROPERTY THEM RIGHT NOW. FURTHER, ANY PERSON DEALING WITH THEM IN ANY MANNER WHATSOEVER SHALL BE THE SOLE RESPONSIBLE FOR THE CONSEQUENCES IN THE EVENT THE SAME GOES AGAINST ONE AND VICE- VERSA. MY CLIENT SHALL NOT BE RESPONSIBLE FOR THE CONSEQUENCES OF THE TRANSACTION WITH THEM IN ANY MANNER.
MOHIT Advocate
Ch. No. 02, Near District Magistrate (North-West) Office, 100 Ft. Road, Kanjhawala Delhi-110081

**NAME CHANGE**
I, PRITI MISHRA W/O RAJ KUMAR MISHRA residing at C-90/A BLOCK-C NEW ASHOK NAGAR, VASUNDHRA ENCLAVE, DELHI-110096 have changed my minor daughter name from AADYA to ailey preet for all future purpose

**NAME CHANGE**
I FATIMA W/O MOHD INAM R/O B-100 KANCHAN KUNJ NEAR BILAL MASJID MADANPUR, KHADAR VISTAR PART-2 DELHI-110076 HAVE CHANGE MY NAME TO FATIMA BEGUM FOR ALL PURPOSE.

**NAME CHANGE**
I, Rahul Kumar S/O Ramesh Chandra 31/10, Pocket-7, Sector-82 Noida Uttar Pradesh 201305, I have changed my name to Rahul Kumar Rana for all the future purposes.

**NAME CHANGE**
I, KASI RATNAM Mother of No-15331794H Rank-HAV Name-L A S MURTHY AINAPARTHI R/O 6-41(1), K VENKATAPURAM, KODAVATIPUDI, VISAKHAPATNAM, ANDHRA PRADESH-531085, have changed my name from KASI RATNAM to AYINAPARTI KASIRATNAM for all future purposes and in my son's service records my date of birth wrongly mentioned as 01/01/1961 instead of my correct date of birth as 28/12/1966 vide affidavit dated 08/02/2024 before Notary Public, Delhi.

**NAME CHANGE**
I, APPA RAO Father of No-15331794H Rank-HAV Name-L A S MURTHY AINAPARTHI R/O 6-41(1), K VENKATAPURAM, KODAVATIPUDI, VISAKHAPATNAM, ANDHRA PRADESH-531085, have changed my name from APPA RAO to AYINAPARTI APPARAO for all future purposes and in my son's service records my date of birth wrongly mentioned as 01/07/1955 instead of my correct date of birth as 12/03/1961 vide affidavit dated 08/02/2024 before Notary Public, Delhi.

**NAME CHANGE**
I, hitherto known as KM GUN GUN alias MUSKAN GUPTA D/o SUSHIL KUMAR residing at K-851, Sector-23, Sanjay Nagar, Ghaziabad, Uttar Pradesh - 210002 have changed my name and shall hereafter be known as MUSKAN GUPTA.

**NAME CHANGE**
I, VIRAAJ SUBODH AKULWAR S/O SUBODH VASANTRAO AKULWAR residing at 57 KAUTILYA APT DDA MIG SEC-14 PKT B DWARKA DELHI-110078 have changed my name to VIRAAJ AKULWAR for all future purpose.

**NAME CHANGE**
I, PRITY MISHRA W/O RAJ KUMAR MISHRA residing at C-90/A BLOCK-C NEW ASHOK NAGAR, VASUNDHRA ENCLAVE, DELHI-110096 have changed my name to PRITI MISHRA for all future purpose

**NAME CHANGE**
I, DHANYA SADISH wife of JC-313891L Rank-NB/SUB Name-D. SADISH R/O HOUSE NAME-MUKKAT KUNIYIL, VPO- ORKKATTERI, DIST-KOZHIKODE, KERALA-673501, in my husband's service records my date of birth wrongly mentioned as 09/07/1986 instead of my correct date of birth as 31/05/1986 vide Affidavit Dated 08/02/2024 before Notary Public, Delhi.

**NAME CHANGE**
I, KM SHANTHI wife of No-14681007P Rank-SEP Name-VELU K R/O VPO-SIVANATHAPURAM, TEH+DIST-VELLORE, TAMIL NADU-632105, have changed my name from KM SHANTHI to SHANTHI V for all future purposes and in my husband's service records my date of birth wrongly mentioned as 27/09/1988 instead of my correct date of birth as 11/05/1989 vide affidavit dated 08/02/2024 before Notary Public, Delhi.

**NAME CHANGE**
I, KUMARI KARUNA SAH Daughter of JC-671853Y Rank-SUB Name-SHANKAR SAH R/o VPO-JOGIARA, TEH-KAMTAUL, DIST-DARBHANGA, BIHAR-847303 have changed my name from KUMARI KARUNA SAH to KARUNA KUMARI SAH for all future purposes vide affidavit dated 08/02/2024 before Executive Magistrate, Delhi.

**NAME CHANGE**
I, SUJATA wife of NO-15492116N DRF AMARJEET KUMAR R/O VILL-KHARAUNA DIH, PO- KHARAUNA, DIST-MUZAFFARPUR, BIHAR-843113 have changed my name from SUJATA to SUJATA KUMARI for all future purposes vide Affidavit Dated 08/04/2023 before Notary Public, Delhi.

**NAME CHANGE**
I, POOJA D/O SHIVJI CHOUDHARY residing at HOUSE NO-C-268 J J COLONY MADI PUR PASCHIM VIHAR DELHI110063 have changed my name to POOJA CHOUDHARY for all future purpose.

**NAME CHANGE**
I, SUNITA DEVI Wife of No-15812390N Rank-L/NK Name-SANJAY KUMAR R/O VILL-SHITALPUR (ITWAN), PO-BISHUNPUR, TEH-WAZIRGANJ, DIST-GAYA, BIHAR, PIN-805131 have changed my name from SUNITA DEVI to SUNITA KUMARI for all future purposes vide Affidavit Dated 08/02/2024 before Notary Public, Delhi.

**ਉੱਤਰ ਰੇਲਵੇ**
ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
**ਈ-ਟੈਂਡਰ (ਈ-ਖਰੀਦ) ਦੇ ਦੁਵਾਰਾ ਤੋਂ ਟੈਂਡਰ ਮੰਗ**
ਹੇਠਾ ਲਿਖੇ ਕੰਮ ਦੇ ਲਈ ਸੀਨੀਅਰ ਮੰਡਲ ਇੰਜੀਨੀਅਰ/III, ਉੱਤਰ ਰੇਲਵੇ, ਦਿੱਲੀ ਮੰਡਲ ਵਿਚ ਈ-ਟੈਂਡਰ ਮੰਗ।

| | |
|---|---|
| 1. | **ਕੰਮ ਦਾ ਨਾਮ :** ਏਡੀਈਐਨ/ਡੀਐਲਆਈ ਦੇ ਤਹਿਤ ਐਸਐਸਈ/ਵਰਕਸ/ਐਨਡੀਐਲਐਸ ਵਿਚ ਪਹਾੜਗੰਜ, ਰਾਮ ਨਗਰ ਜਲ ਪਰਿਸਰ, ਐਮਐਸਆਰਆਰ, ਡੀਐਲਟੀ, ਲਾਹੋਰੀ ਗੇਟ, ਥਾਮਸਨ ਰੋਡ, ਪੀਐਫ-16 ਅਤੇ ਆਰਪੀਐਸਐਫ ਜਲ ਪਰਿਸਰ ਵਿਚ ਰੇਤ ਫਿਲਟਰ, ਕੀਟਾਣੂਸ਼ੋਧਣ ਪ੍ਰਣਾਲੀ ਅਤੇ ਵਾਲਵ ਸੰਚਾਲਨ ਦਾ ਸਲਾਨਾ ਸੰਚਾਲਨ ਅਤੇ ਰੱਖ-ਰੱਖਾਵ। |
| 2. | **ਕੰਮ ਦੀ ਅਨੁਮਾਨਿਤ ਲਾਗਤ (ਰੁਪਏ) :** ਰੁ: 1,99,69,077.52/- (ਕੇਵਲ ਇਕ ਕਰੋੜ ਨਿਨਯਾਨਵੇ ਲੱਖ ਉਨਹਤਰ ਹਜ਼ਾਰ ਸਤਹਤਰ ਅਤੇ ਬਾਵਨ ਪੈਸੇ) |
| 3. | **ਬਿਆਨਾ ਰਾਸ਼ੀ (ਰੁਪਏ) :** ਰੁ: 2,49,900/- (ਦੋ ਲੱਖ ਉਨਚਾਸ ਹਜ਼ਾਰ ਨੌ ਸੋ ਰੁਪਏ) |
| 4. | **ਟੈਂਡਰ ਪ੍ਰਪੱਤਰ ਦਾ ਮੁਲ (ਰੁਪਏ) :** ਰੁ: 0.00 |
| 5. | **ਟੈਂਡਰ ਬੋਲੀ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 28.02.2024 ਨੂੰ 15:00 ਵਜੇ ਤਕ |
| 6. | **ਵੇਬਸਾਈਟ ਵੇਰਵਾ ਜਿਥੋਂ ਟੈਂਡਰ ਦਸਤਾਵੇਜ਼ਾਂ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ :** ਟੈਂਡਰ www.ireps.gov.in ਵੇਬਸਾਈਟ ਉਤੇ ਉਪਲਬਧ। |
| 7. | **ਅਲਾਟਮੈਂਟ :** 04-400-32 |

- ਠੇਕੇਦਾਰਾਂ ਨੂੰ ਈ-ਟੈਂਡਰ ਪ੍ਰਣਾਲੀ ਵਿਚ ਭਾਗ ਲੈਣ ਦੇ ਲਈ ਭਾਰਤੀਯ ਰੇਲਵੇ ਈ-ਖਰੀਦ ਸਿਸਟਮ (IREPS) ਸਾਇਟ ਯਾਨੀ www.ireps.gov.in ਦੇ ਅੰਤਰਗਤ ਰਜਿਸਟਰਡ ਹੋਣਾ ਚਾਹੀਦਾ।
- ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕ੍ਰਿਪਾ ਟੈਂਡਰ ਦਸਤਾਵੇਜ ਦੇਖੋ।
- ਮੈਨੂੰਅਲ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ।
- ਟੈਂਡਰ ਦਸਤਾਵੇਜ ਅਤੇ ਬਿਆਨਾ ਰਾਸ਼ੀ ਦੀ ਲਾਗਤ ਕੇਵਲ ਨੇਟ ਬੈਂਕਿੰਗ ਜਾਂ ਭੁਗਤਾਨ ਗੇਟਵਗੇ ਦੇ ਦੁਵਾਰਾ ਤੋਂ ਸਵੀਕਾਰ ਹੋਵੇਗੀ।

ਨੰ : 128-W/280/ਈ-ਟੈਂਡਰ ਸੂਚਨਾ/82/2023-24/W-3 ਮਿਤੀ : 08.02.2024 434/24
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਕੌਮੀ ਪਤ੍ਰਿਕਾ**
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

Punjab Unlimited

# ਭਗਵੰਤ ਸਿੰਘ ਮਾਨ

ਮੁੱਖ ਮੰਤਰੀ, ਪੰਜਾਬ

ਵੱਲੋਂ

# ਘਰ-ਘਰ ਮੁਫ਼ਤ ਰਾਸ਼ਨ

ਦੀ ਸ਼ੁਰੂਆਤ



✓ ਪਹਿਲੇ ਗੇੜ 'ਚ **24.49 ਲੱਖ ਲਾਭਪਾਤਰੀ**

✓ ਹਰ ਮਹੀਨੇ ਮਿਲੇਗਾ **ਤਾਜ਼ਾ ਰਾਸ਼ਨ**

ਮੁੱਖ ਮਹਿਮਾਨ

## ਸ੍ਰੀ ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ, ਦਿੱਲੀ

10 ਫ਼ਰਵਰੀ, 2024 | ਸਵੇਰੇ 11:00 ਵਜੇ
ਅਨਾਜ ਮੰਡੀ, ਪਿੰਡ ਰਹੌਣ, ਸਮਰਾਲਾ ਰੋਡ,
ਖੰਨਾ (ਲੁਧਿਆਣਾ)



## ਸੁਚੱਜਾ ਸ਼ਾਸਨ, ਮੁਫ਼ਤ ਰਾਸ਼ਨ

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ

# ਵਿੱਤੀ ਸਾਲ ਦੇ 10 ਮਹੀਨਿਆਂ ਦੌਰਾਨ ਪੰਜਾਬ ਦਾ ਜੀ.ਐਸ.ਟੀ, ਆਬਕਾਰੀ ਤੇ ਵੈਟ ਤੋਂ ਮਾਲੀਆ ਹੋਇਆ 30 ਹਜ਼ਾਰ ਕਰੋੜ ਤੋਂ ਪਾਰ : ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਪੰਜਾਬ ਦੀ ਆਰਥਿਕਤਾ ਸਹੀ ਦਿਸ਼ਾ ਵੱਲ ਵਧ ਰਹੀ ਹੈ ਅਤੇ ਵਿੱਤੀ ਸਾਲ 2023-24 ਦੇ 10 ਮਹੀਨਿਆਂ ਦੌਰਾਨ ਸੂਬੇ ਦਾ ਵਸਤੂਆਂ ਤੇ ਸੇਵਾਵਾਂ ਕਰ (ਜੀ.ਐਸ.ਟੀ), ਆਬਕਾਰੀ ਅਤੇ ਵੈਟ ਤੋਂ ਪ੍ਰਾਪਤ ਮਾਲੀਆ 30 ਹਜ਼ਾਰ ਕਰੋੜ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜੀ.ਐਸ.ਟੀ ਅਤੇ ਆਬਕਾਰੀ ਤੋਂ ਪ੍ਰਾਪਤ ਮਾਲੀਏ ਵਿੱਚ ਵਿੱਤੀ ਸਾਲ 2022-23 ਦੇ ਮੁਕਾਬਲੇ ਕ੍ਰਮਵਾਰ 15.67 ਫੀਸਦੀ ਅਤੇ 10 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ।

ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਸ ਸਾਲ ਜਨਵਰੀ ਦੇ ਅੰਤ ਤੱਕ ਵੈਟ, ਸੀ.ਐਸ.ਟੀ, ਜੀ.ਐਸ.ਟੀ, ਪੀ.ਐਸ.ਡੀ.ਟੀ ਅਤੇ ਆਬਕਾਰੀ ਤੋਂ ਕੁੱਲ 31003.14 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤਾ ਹੈ ਜਦੋਂ ਕਿ ਵਿੱਤੀ ਸਾਲ 2022-23 ਦੌਰਾਨ 27342.84 ਕਰੋੜ ਰੁਪਏ ਇਕੱਤਰ ਕੀਤੇ ਗਏ ਸਨ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਸੂਬੇ ਵੱਲੋਂ ਇਸ ਕਰ ਮਾਲੀਏ ਵਿੱਚ 13.39 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਵਿੱਤੀ ਹਾਲਤ ਸੁਧਾਰਨ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਮਾਰਚ 2022 ਵਿੱਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਸੂਬੇ ਨੇ ਬਿਹਤਰ ਯੋਜਨਾਬੰਦੀ ਅਤੇ ਪ੍ਰਭਾਵੀ ਅਮਲ ਨਾਲ ਰਿਕਾਰਡ ਮਾਲੀਆ ਇਕੱਤਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਦੇ 10 ਮਹੀਨਿਆਂ ਵਿੱਚ ਜੀ.ਐਸ.ਟੀ ਤੋਂ 17354.26 ਕਰੋੜ ਰੁਪਏ ਸ਼ੁੱਧ ਮਾਲੀਆ ਅਤੇ ਆਬਕਾਰੀ ਤੋਂ 7370.49 ਕਰੋੜ ਰੁਪਏ ਦਾ ਸ਼ੁੱਧ ਮਾਲੀਆ ਇਕੱਤਰ ਕੀਤਾ ਗਿਆ।

ਵਿੱਤ ਮੰਤਰੀ ਨੇ ਅੱਗੇ ਕਿਹਾ ਕਿ ਵਿੱਤੀ ਵਰ੍ਹੇ 2022-23 ਦੇ ਮੁਕਾਬਲੇ ਇਸ ਵਰ੍ਹੇ ਜੀ.ਐਸ.ਟੀ ਵਿੱਚ 2351.12 ਕਰੋੜ ਰੁਪਏ ਅਤੇ ਆਬਕਾਰੀ ਤੋਂ ਪ੍ਰਾਪਤ ਮਾਲੀਏ ਵਿੱਚ 669.47 ਕਰੋੜ ਰੁਪਏ ਦਾ ਵਾਧਾ ਦਰਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਦੌਰਾਨ ਸੂਬੇ ਨੇ ਵੈਟ ਵਿੱਚ 10.89 ਪ੍ਰਤੀਸ਼ਤ, ਸੀ.ਐਸ.ਟੀ ਵਿੱਚ 28.14 ਪ੍ਰਤੀਸ਼ਤ ਅਤੇ ਪੀ.ਐਸ.ਡੀ.ਟੀ ਵਿੱਚ 5.53 ਪ੍ਰਤੀਸ਼ਤ ਵਾਧਾ ਦਰਜ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਲੋਕਾਂ 'ਤੇ ਕੋਈ ਨਵਾਂ ਬੋਝ ਪਾਏ ਬਿਨਾਂ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਨੂੰ ਯਕੀਨੀ ਬਣਾ ਕੇ ਇਹ ਪ੍ਰਾਪਤੀ ਹਾਸਿਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਟੈਕਸ ਇੰਟੈਲੀਜੈਂਸ ਯੂਨਿਟ ਦੀ ਸਥਾਪਨਾ ਕਰਨ ਤੋਂ ਇਲਾਵਾ 'ਬਿੱਲ ਲਿਆਓ ਇਨਾਮ ਪਾਓ ਸਕੀਮ', ਵਨ ਟਾਈਮ ਸੈਟਲਮੈਂਟ ਸਕੀਮ, 2023, ਪੰਜਾਬ ਜੀ.ਐਸ.ਟੀ ਸੋਧ ਐਕਟ, 2023, ਸੂਚਨਾ ਦੇਣ ਵਾਲਿਆਂ ਲਈ ਇਨਾਮ ਸਕੀਮ ਅਤੇ ਹੋਰ ਬਹੁਤ ਸਾਰੇ ਉਪਾਅ ਕੀਤੇ ਹਨ।

# ਆਮ ਆਦਮੀ ਕਲੀਨਿਕਾਂ ਦਾ ਨਵਾਂ ਕੀਰਤੀਮਾਨ; ਪਿਛਲੇ 18 ਮਹੀਨਿਆਂ ਵਿੱਚ 1 ਕਰੋੜ ਲੋਕਾਂ ਨੇ ਕਰਵਾਇਆ ਇਲਾਜ

## ਸਰਕਾਰੀ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਨੂੰ ਵਾਜਿਬ ਦਰਾਂ 'ਤੇ ਮਿਲ ਰਹੀ ਹੈ ਐਕਸ-ਰੇ ਅਤੇ ਅਲਟਰਾਸਾਊਂਡ ਦੀ ਸਹੂਲਤ : ਡਾਕਟਰ ਬਲਬੀਰ ਸਿੰਘ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁੱਢਲੀ ਸਿਹਤ ਸੰਭਾਲ ਨੂੰ ਹੋਰ ਬਿਹਤਰ ਤੇ ਪੁਖ਼ਤਾ ਬਣਾਉਣ ਅਤੇ ਕਾਇਆ-ਕਲਪ ਕਰਨ ਦੇ ਮੱਦੇਨਜ਼ਰ ਸ਼ੁਰੂ ਕੀਤੇ ਗਏ ਮਹੱਤਵਪੂਰਨ ਪ੍ਰਾਜੈਕਟ 'ਆਮ ਆਦਮੀ ਕਲੀਨਿਕਸ' ਨੇ ਇੱਕ ਹੋਰ ਮੀਲ ਪੱਥਰ ਹਾਸਲ ਕੀਤਾ ਹੈ ਕਿਉਂਕਿ ਆਊਟਪੇਸ਼ੈਂਟ ਵਿਭਾਗ (ਓਪੀਡੀ) ਦਾ ਅੰਕੜਾ ਮੰਗਲਵਾਰ ਨੂੰ ਇੱਕ ਕਰੋੜ ਨੂੰ ਪਾਰ ਕਰ ਗਿਆ ਹੈ। ਇਹ ਜਾਣਕਾਰੀ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਦਿੱਤੀ।

ਮੰਤਰੀ ਨੇ ਕਿਹਾ, ਪਿਛਲੇ ਡੇਢ ਸਾਲ ਵਿੱਚ ਸੂਬੇ ਵਿੱਚ 1 ਕਰੋੜ ਤੋਂ ਵੱਧ ਲੋਕਾਂ ਨੇ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਮੁਫ਼ਤ ਇਲਾਜ ਦਾ ਲਾਭ ਲਿਆ ਹੈ। "

ਜ਼ਿਕਰਯੋਗ ਹੈ ਕਿ, ਰਾਜ ਵਿੱਚ ਕੁੱਲ 664 ਆਮ ਆਦਮੀ ਕਲੀਨਿਕ ਹਨ- 236 ਸ਼ਹਿਰੀ ਖੇਤਰਾਂ ਵਿੱਚ ਅਤੇ 428 ਪੇਂਡੂ ਖੇਤਰਾਂ ਵਿੱਚ- ਜੋ ਕਿ ਮੁਫਤ ਇਲਾਜ ਪ੍ਰਦਾਨ ਕਰਨ ਦੇ ਨਾਲ-ਨਾਲ 80 ਕਿਸਮਾਂ ਦੀਆਂ ਮੁਫਤ ਦਵਾਈਆਂ ਅਤੇ 38 ਕਿਸਮਾਂ ਦੇ ਮੁਫਤ ਡਾਇਗਨੌਸਟਿਕ ਟੈਸਟਾਂ ਦੀ ਸਹੂਲਤ ਦੇ ਰਹੇ ਹਨ। ਸਾਰੇ ਕਲੀਨਿਕ ਆਈਟੀ ਇਨੇਬਲਡ ਹਨ ਅਤੇ ਡਿਜੀਟਲ ਢੰਗ ਰਾਹੀਂ ਰਜਿਸਟਰੇਸ਼ਨ, ਡਾਕਟਰੀ ਸਲਾਹ, ਜਾਂਚ ਅਤੇ ਦਵਾਈ ਸਬੰਧੀ ਸੁਝਾਅ ਦੀ ਸਹੂਲਤ ਨਾਲ ਲੈਸ ਹਨ।

ਸਿਹਤ ਮੰਤਰੀ ਮੁਫਤ ਦਵਾਈਆਂ, ਐਕਸ-ਰੇ, ਅਲਟਰਾਸਾਊਂਡ, ਫਰਿਸ਼ਤੇ ਸਕੀਮ ਅਤੇ ਆਮ ਆਦਮੀ ਕਲੀਨਿਕਾਂ ਸਮੇਤ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਲਈ ਸਾਰੇ ਸਿਵਲ ਸਰਜਨਾਂ, ਡਿਪਟੀ ਮੈਡੀਕਲ ਸੁਪਰਡੈਂਟਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ (ਐਸਐਮਓ) ਨਾਲ ਇੱਕ ਉੱਚ-ਪੱਧਰੀ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹੱਤਵਪੂਰਨ 'ਫਰਿਸ਼ਤੇ ਸਕੀਮ' ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਸੜਕੀ ਹਾਦਸਿਆਂ ਦੇ ਪੀੜਤਾਂ ਦੀ ਕੌਮੀਅਤ, ਜਾਤ ਜਾਂ ਸਮਾਜਿਕ-ਆਰਥਿਕ ਸਥਿਤੀ ਵਿਚਾਰੇ ਬਿਨਾਂ ਪੀੜਤਾਂ ਦਾ ਮੁਫਤ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਸੜਕ ਹਾਦਸੇ ਦੇ ਪੀੜਤ ਨੂੰ ਇਲਾਜ ਲਈ ਹਸਪਤਾਲ ਲੈ ਕੇ ਜਾਵੇਗਾ, ਉਸ ਨੂੰ 2000 ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ, ਜਦਕਿ ਸੜਕ ਹਾਦਸੇ ਦੇ ਪੀੜਤ ਨੂੰ ਹਸਪਤਾਲ ਪਹੁੰਚਾਉਣ ਵਾਲੇ ਵਿਅਕਤੀ ਕੋਲੋਂ , ਬਿਨ੍ਹਾਂ ਉਸਦੀ ਰਜ਼ਾਮੰਦੀ ,ਤੋਂ ਪੁਲਿਸ ਜਾਂ ਹਸਪਤਾਲ ਪ੍ਰਸ਼ਾਸਨ ਵੱਲੋਂ ਕੋਈ ਪੁੱਛਗਿੱਛ ਨਹੀਂ ਕੀਤੀ ਜਾਵੇਗੀ।

ਸਰਕਾਰੀ ਸਿਹਤ ਕੇਂਦਰਾਂ ਵਿਖੇ ਦਵਾਈਆਂ ਦੀ ਸਪਲਾਈ ਦਾ ਜਾਇਜ਼ਾ ਲੈਂਦਿਆਂ ਡਾ. ਬਲਬੀਰ ਸਿੰਘ ਨੇ ਸਿਵਲ ਸਰਜਨਾਂ ਅਤੇ ਐਸ.ਐਮ.ਓਜ਼ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕਿਸੇ ਵੀ ਮਰੀਜ਼ ਨੂੰ ਦਵਾਈਆਂ ਖਰੀਦਣ ਲਈ ਬਾਹਰ ਨਾ ਜਾਣਾ ਪਵੇ। ਉਨ੍ਹਾਂ ਕਿਹਾ ਕਿ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫਤ ਦਵਾਈਆਂ ਦਾ ਕਾਫੀ ਸਟਾਕ ਉਪਲੱਬਧ ਹੈ।

ਸਿਵਲ ਸਰਜਨਾਂ ਅਤੇ ਐਸ.ਐਮ.ਓਜ਼ ਨੂੰ ਵੀ ਦਵਾਈਆਂ ਦੀ ਖਰੀਦ ਲਈ ਫੰਡ ਅਲਾਟ ਕੀਤੇ ਗਏ ਹਨ ਤਾਂ ਜੋ ਕਿਸੇ ਖਾਸ ਦਵਾਈ ਦੀ ਘਾਟ ਹੋਣ 'ਤੇ ਉਸਦੀ ਖਰੀਦ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸਹੂਲਤਾਂ (ਜਿਨ੍ਹਾਂ ਵਿੱਚ ਐਕਸ-ਰੇ ਅਤੇ ਅਲਟਰਾਸਾਊਂਡ ਮਸ਼ੀਨਾਂ ਨਹੀਂ ਹਨ) ਵਿਖੇ ਆਉਣ ਵਾਲੇ ਮਰੀਜ਼ਾਂ ਨੂੰ ਐਕਸ-ਰੇ ਅਤੇ ਅਲਟਰਾਸਾਊਂਡ ਦੀ ਸਹੂਲਤ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੇ ਪ੍ਰਾਈਵੇਟ ਡਾਇਗਨੌਸਟਿਕ ਸੈਂਟਰਾਂ ਨੂੰ ਸੂਚੀਬੱਧ ਕੀਤਾ ਹੈ ,ਜਿੱਥੇ ਮਰੀਜ਼ ਮਾਮੂਲੀ ਜਿਹੀ ਕੀਮਤ ਅਦਾ ਕਰਕੇ ਇਹ ਸਹੂਲਤਾਂ ਲੈ ਸਕਦੇ ਹਨ।

ਇਸ ਮੀਟਿੰਗ ਵਿੱਚ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਅਜੋਏ ਸ਼ਰਮਾ, ਨੈਸ਼ਨਲ ਹੈਲਥ ਮਿਸ਼ਨ ਦੇ ਐਮ.ਡੀ. ਡਾ. ਅਭਿਨਵ ਤ੍ਰਿਖਾ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਦੇ ਐਮ.ਡੀ ਵਰਿੰਦਰ ਕੁਮਾਰ ਸ਼ਰਮਾ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਆਦਰਸ਼ਪਾਲ ਕੌਰ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਦੇ ਡਾਇਰੈਕਟਰ ਡਾ. ਅਨਿਲ ਗੋਇਲ ਵੀ ਮੀਟਿੰਗ ਵਿੱਚ ਮੌਜੂਦ ਸਨ।

# ਕਿਸਾਨਾਂ ਨੂੰ ਖੇਤੀ ਲਈ ਟਿਊਬਵੈਲਾਂ ਦੇ ਨਾਲ-ਨਾਲ ਬਦਲਵੀਆਂ ਸਿੰਜਾਈ ਸਹੂਲਤਾਂ ਮੁਹੱਈਆ ਕਰਵਾ ਰਹੇ ਹਾਂ: ਚੇਤਨ ਸਿੰਘ ਜੌੜਾਮਾਜਰਾ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਟਿਊਬਵੈਲਾਂ ਦੇ ਨਾਲ-ਨਾਲ ਬਦਲਵੀਆਂ ਸਿੰਜਾਈ ਸਹੂਲਤਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਸੂਬੇ ਵਿੱਚ 15 ਲੱਖ ਤੋਂ ਵੱਧ ਟਿਊਬਵੈਲ ਖੁੱਲ੍ਹੇ ਖਾਲਾਂ ਰਾਹੀਂ 50 ਤੋਂ 55 ਫ਼ੀਸਦੀ ਕੁਸ਼ਲਤਾ ਨਾਲ 29 ਲੱਖ ਹੈਕਟੇਅਰ ਰਕਬੇ ਦੀ ਸਿੰਜਾਈ ਕਰਦੇ ਹਨ ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ। ਅੰਦਾਜ਼ਨ 20 ਤੋਂ 25 ਫ਼ੀਸਦੀ ਪਾਣੀ ਖੁੱਲ੍ਹੇ ਖਾਲਾਂ, ਜੋ ਜ਼ਿਆਦਾਤਰ ਕੱਚੇ ਹਨ, ਵਿੱਚ ਵਿਅਰਥ ਜਾਂਦਾ ਹੈ। ਇਸ ਤੋਂ ਇਲਾਵਾ ਸੂਬੇ ਵਿੱਚ ਕਰੀਬ 10 ਹਜ਼ਾਰ ਹੈਕਟੇਅਰ ਰਕਬਾ ਖੁੱਲ੍ਹੇ ਖਾਲਾਂ ਅਧੀਨ ਹੋਣ ਕਰਕੇ ਖੇਤੀ ਉਤਪਾਦਕਤਾ ਤੋਂ ਵਾਂਝਾਂ ਰਹਿ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਨ ਦੇ ਸਨਮੁਖ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਖੇਤੀ ਲਈ ਨਹਿਰੀ ਪਾਣੀ ਮੁਹੱਈਆ ਕਰਾਉਣ ਦਾ ਤਹੱਈਆ ਕੀਤਾ ਹੈ ਜਿਸ ਤਹਿਤ ਸਰਕਾਰ ਨੇ 13471 ਨਹਿਰੀ ਖਾਲਿਆਂ ਨੂੰ ਬਹਾਲ ਕੀਤਾ ਹੈ ਅਤੇ ਹੁਣ ਹਰ ਕਿਸਾਨ ਦੇ ਖੇਤ ਤੱਕ ਪਾਣੀ ਪਹੁੰਚਣ ਲੱਗਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਿੰਜਾਈ ਲਈ ਟਿਊਬਵੈਲਾਂ ਅਤੇ ਨਹਿਰੀ ਸਰੋਤਾਂ ਤੋਂ ਇਲਾਵਾ ਕਿਸਾਨਾਂ ਨੂੰ ਜ਼ਮੀਨਦੋਜ਼ ਪਾਈਪਲਾਈਨ ਪ੍ਰਣਾਲੀ (ਯੂ.ਜੀ.ਪੀ.ਐਸ) ਰਾਹੀਂ ਸਿੰਜਾਈਯੋਗ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਹ ਪਾਈਪਾਂ, ਨਹਿਰੀ ਮੋਘਿਆਂ, ਸਾਂਝੇ ਜਾਂ ਨਿੱਜੀ ਟਿਊਬਵੈਲਾਂ, ਪਿੰਡਾਂ ਦੇ ਛੱਪੜਾਂ, ਫਾਰਮ ਵਾਟਰ ਸਟੋਰੇਜ ਟੈਂਕਾਂ, ਸੀਵੇਜ ਟਰੀਟਮੈਂਟ ਪਲਾਂਟਾਂ, ਸਾਲਾਨਾ ਜਾਂ ਮੌਸਮੀ ਨਦੀਆਂ ਤੋਂ ਖੇਤਾਂ ਤੱਕ ਜ਼ਮੀਨ ਤੋਂ ਘੱਟੋ-ਘੱਟ 3 ਫੁੱਟ ਹੇਠਾਂ ਦੱਬੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਤਕਨੀਕ ਕਈ ਦਹਾਕਿਆਂ ਤੋਂ ਖੇਤਾਂ ਅਤੇ ਸਿੰਜਾਈ ਪਾਣੀ ਦੀ ਸੁਚੱਜੀ ਵਰਤੋਂ ਲਈ ਬਹੁਤ ਕਾਮਯਾਬ ਹੈ ਅਤੇ ਜ਼ਿਆਦਾਤਰ ਕਿਸਾਨਾਂ ਦੀ ਪਸੰਦ ਵੀ ਹੈ।

ਉਨ੍ਹਾਂ ਕਿਹਾ ਕਿ ਆਈ.ਸੀ.ਏ.ਆਰ, ਨਾਬਾਰਡ ਅਤੇ ਪੀ.ਏ.ਯੂ. ਲੁਧਿਆਣਾ ਦੀਆਂ ਰਿਪੋਰਟਾਂ ਅਨੁਸਾਰ ਜ਼ਮੀਨਦੋਜ਼ ਪਾਈਪਲਾਈਨ ਪ੍ਰਣਾਲੀ ਭੂਮੀ ਦੀ ਸਮਰੱਥਾ ਅਨੁਸਾਰ 10 ਤੋਂ 20 ਫ਼ੀਸਦੀ ਪਾਣੀ ਤੇ ਮਜ਼ਦੂਰੀ ਦੀ ਬੱਚਤ ਕਰਦੀ ਹੈ ਅਤੇ ਘੱਟ ਸਮੇਂ ਵਿੱਚ ਸਿੰਜਾਈ ਲਈ ਕੁਸ਼ਲ ਤਕਨੀਕ ਹੈ। ਇਸ ਤੋਂ ਇਲਾਵਾ ਖੁੱਲ੍ਹੇ ਖਾਲਾਂ ਨੂੰ ਜ਼ਮੀਨਦੋਜ਼ ਪਾਈਪਲਾਈਨ ਨਾਲ ਬਦਲ ਕੇ ਲਗਭਗ 1 ਫ਼ੀਸਦੀ ਜ਼ਮੀਨ ਨੂੰ ਖੇਤੀ ਅਧੀਨ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਣਾਲੀ ਨਾ-ਕੇਵਲ ਸਤਹੀ ਪਾਣੀ ਦੀ ਸੁਚੱਜੀ ਵਰਤੋਂ ਕਰਦੀ ਹੈ, ਸਗੋਂ ਜ਼ਮੀਨਦੋਜ਼ ਪਾਣੀ ਦੀ ਬੱਚਤ ਲਈ ਵੀ ਮਦਦਗਾਰ ਹੈ।

ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਦੇ ਪਿਛਲੇ ਕਰੀਬ 22 ਮਹੀਨਿਆਂ ਦੌਰਾਨ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਵਿਭਾਗਾਂ ਰਾਹੀਂ 2945.72 ਕਿਲੋਮੀਟਰ ਤੋਂ ਵੱਧ ਪਾਈਪਲਾਈਨਾਂ ਵਿਛਾ ਕੇ ਸੂਬੇ ਵਿੱਚ 67,926 ਹੈਕਟੇਅਰ ਤੋਂ ਵੱਧ ਰਕਬੇ ਨੂੰ ਲਾਭ ਪਹੁੰਚਾਇਆ ਹੈ।

# ਕੁਸ਼ਟ ਰੋਗ ਦੀ ਜਾਗਰੂਕਤਾ ਲਈ ਕੱਢੀ ਰੈਲੀ

## ਕੁਸ਼ਟ ਰੋਗ ਚਮੜੀ ਦਾ ਰੋਗ ਹੈ : ਸਿਵਲ ਸਰਜਨ ਡਾ. ਰਮਿੰਦਰ ਕੌਰ



ਸਿਵਲ ਸਰਜਨ ਡਾ. ਰਮਿੰਦਰ ਕੌਰ ਕੁਸ਼ਟ ਰੋਗ ਦੀ ਜਾਗਰੂਕਤਾ ਸਬੰਧੀ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾਂ ਕਰਦੇ ਹੋਏ।

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਸਿਹਤ ਵਿਭਾਗ ਵੱਲੋਂ ਕੁਸ਼ਟ ਰੋਗ ਦੀ ਜਾਗਰੂਕਤਾ ਲਈ ਸਰਕਾਰੀ ਨਰਸਿੰਗ ਸਕੂਲ ਮਾਤਾ ਕੁਸ਼ਲਿਆ ਹਸਪਤਾਲ ਦੀਆਂ ਵਿਦਿਆਰਥਣਾਂ ਦੁਆਰਾ ਇੱਕ ਜਾਗਰੂਕਤਾ ਰੈਲੀ ਕੱਢੀ ਗਈ। ਜਿਸ ਨੂੰ ਸਿਵਲ ਸਰਜਨ ਡਾ. ਰਮਿੰਦਰ ਕੌਰ ਵੱਲੋਂ ਸਰਕਾਰੀ ਨਰਸਿੰਗ ਸਕੂਲ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਜਿਲਾ ਟੀਕਾਕਰਨ ਅਫਸਰ ਡਾ. ਗੁਰਪ੍ਰੀਤ ਕੌਰ , ਜਿਲਾ ਮਾਸ ਮੀਡੀਆ ਅਫਸਰ ਕੁਲਬੀਰ ਕੌਰ, ਡਿਪਟੀ ਮਾਸ ਮੀਡੀਆ ਅਫਸਰ ਭਾਗ ਸਿੰਘ ਅਤੇ ਜਸਜੀਤ ਕੌਰ ਸੁਪਰਵਾਈਜਰ ਕੁਲਦੀਪ ਕੌਰ, ਗੀਤਾ ਰਾਣੀ,ਬਿਟੂ,ਗੁਰਪ੍ਰੀਤ ਕੌਰ ਅਤੇ ਨਰਸਿੰਗ ਸਕੂਲ ਦਾ ਫੈਕਲਟੀ ਸਟਾਫ ਮੈਡਮ ਸੁਨੀਤਾ,ਹਰਵਿੰਦਰ ਕੌਰ, ਸੰਤੋਸ਼ ਸੋਢੀ,ਰਜਨੀ ਬਾਲਾ, ਸਲਵਿੰਦਰ ਕੌਰ,ਮਨਦੀਪ ਕੌਰ ਮੌਜੂਦ ਸੀ।ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਡਾ. ਰਮਿੰਦਰ ਕੌਰ ਨੇ ਕਿਹਾ ਕਿ ਕੁਸ਼ਟ ਰੋਗ ਵਿਸ਼ੇਸ਼ ਕਿਟਾਣੂ ਲੈਪਰਾ ਬੈਸੀਲਾਈ ਦੁਆਰਾ ਹੁੰਦਾ ਹੈ।ਕੁਸ਼ਟ ਰੋਗ ਕੁਦਰਤ ਦੀ ਕਰੋਪੀ ਜਾਂ ਪੁਰਾਣੇ ਜਨਮਾਂ ਦਾ ਫਲ ਨਹੀਂ ਹੈ, ਬਲਕਿ ਇਹ ਚਮੜੀ ਦਾ ਰੋਗ ਹੈ ਅਤੇ ਜੇਕਰ ਰੋਗ ਦਾ ਸਮੇਂ ਸਿਰ ਇਲਾਜ ਹੋ ਜਾਵੇ ਤਾਂ ਕਈ ਕਿਸਮ ਦੀ ਕਰੂਪਤਾਂ ਅਤੇ ਅਪਾਹਜਪਣ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ, ਸਿਹਤ ਕੇਂਦਰਾਂ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਮਲਟੀ ਡਰੱਗ ਥਰੈਪੀ ਰਾਹੀ ਬਿਲਕੁੱਲ ਮੁਫਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਬਿਮਾਰੀ ਦੇ ਹਿਸਾਬ ਨਾਲ 6 ਮਹੀਨੇ ਤੋਂ ਲੈ ਕੇ 1 ਸਾਲ ਤੱਕ ਇਲਾਜ ਚਾਲੂ ਰੱਖਣਾ ਪੈਂਦਾ ਹੈ।

ਸੁਪਰਵਾਈਜਰ ਕੁਲਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਦੱਸਿਆ ਕਿ ਕੁਸ਼ਟ ਰੋਗ ਦੇ ਲੱਛਣ ਜਿਵੇਂ ਚਮੜੀ ਉਤੇ ਹਲਕੇ ਤਾਂਬੇ ਰੰਗ ਦੇ ਸੁੰਨ ਧੱਬੇ ਹੋਣਾ, ਪ੍ਰਭਾਵਤ ਹਿੱਸੇ ਤੇਂ ਮਰੀਜ ਨੂੰ ਠੰਡਾ ਤੱਤਾ ਨਾ ਲਗਣਾ, ਤੱਤੇ ਠੰਡੇ ਵਿੱਚ ਭੇਦ ਨਾ ਹੋਣ ਕਾਰਣ ਨਾ ਠੀਕ ਹੋਣ ਵਾਲੇ ਜਖਮ ਹੋਣਾ ਆਦਿ ਵਾਲੇ ਮਰੀਜਾਂ ਨੂੰ ਨਜਦੀਕੀ ਸਿਹਤ ਕੇਂਦਰ ਜਾਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਕੁਸ਼ਟ ਰੋਗੀ ਨਾਲ ਬਿਨ੍ਹਾਂ ਕਿਸੇ ਭੇਦ ਭਾਵ ਦੇ ਸਮਾਨ ਵਿਵਹਾਰ ਕੀਤਾ ਜਾਵੇ।ਰੈਲੀ ਮੌਕੇ ਵਿਦਿਆਰਥਣਾਂ ਦੇ ਹੱਥਾਂ ਵਿਚ ਕੁੱਸ਼ਟ ਰੋਗ ਸਬੰਧੀ ਸਲੋਗਨ ਕੁਸ਼ਟ ਰੋਗ ਤੋਂ ਨਾ ਘਬਰਾਓ, ਤੁਰੰਤ ਇਸ ਦਾ ਇਲਾਜ ਕਰਵਾਓ , ਕੁਸਟ ਰੋਗ ਨਹੀਂ ਲਾ-ਇਲਾਜ, ਐਮ.ਡੀ.ਟੀ ਹੈ ਇਸ ਦਾ ਸਹੀ ਇਲਾਜ ,ਆਓ ਰਲ ਮਿਲ ਕਦਮ ਵਧਾਈਏ ਕੁਸ਼ਟ ਰੋਗ ਤੋਂ ਮੁਕਤੀ ਪਾਈਏ ਆਦਿ ਲਿਖੀਆਂ ਤਖਤੀਆਂ ਤੇ ਬੈਨਰ ਹੱਥਾਂ ਵਿਚ ਫੜੇ ਹੋਏ ਸਨ।

# ਸਾਥ ਚਲੇ ਫਾਊਂਡੇਸ਼ਨ ਨੇ ਸਿਹਤ ਅਤੇ ਸਿੱਖਿਆ ਸਬੰਧੀ ਜਾਗਰੂਕਤਾ ਕੈਂਪ ਲਗਾਇਆ



**ਕਾਲਾਂਵਾਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਸਿਰਸਾ ਦੇ ਦੇ ਟੈਕਸ ਸਲਾਹਕਾਰਾਂ ਦੁਆਰਾ ਬਣਾਈ ਗਈ ਸੰਸਥਾ ਸਾਥ ਚਲੋ ਫਾਊਂਡੇਸ਼ਨ ਅਤੇ ਡਿਯਰ ਸਿਰਸਾ ਫਾਊਂਡੇਸ਼ਨ ਨੇ ਸੋਨੀ ਧਰਮਸ਼ਾਲਾ, ਬੇਗੂ ਰੋਡ ਵਿਖੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਮੁਫ਼ਤ ਸਿਹਤ ਜਾਂਚ ਅਤੇ ਕਰੀਅਰ ਕਾਊਂਸਲਿੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਸਚਿਨ ਗੋਇਲ ਕਾਲਾਂਵਾਲੀ ਨੇ ਇਸ ਪੱਤਰਕਾਰ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਫ਼ਤ ਸਿਹਤ ਕੈਂਪ ਵਿੱਚ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਟੈਸਟ ਕਰਨ ਦੇ ਨਾਲ-ਨਾਲ ਮੁਫ਼ਤ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਪੂਰੇ ਪ੍ਰੋਗਰਾਮ ਵਿੱਚ ਸਰਸਵਤੀ ਹਸਪਤਾਲ ਤੋਂ ਡਾ: ਭੀਮ ਅਤੇ ਉਨ੍ਹਾਂ ਦੀ ਟੀਮ, ਆਰ.ਐਸ ਕਲੀਨਿਕ ਤੋਂ ਡਾ: ਦੇਵੇਂਦਰ ਮਿੱਡਾ, ਅੱਖਾਂ ਦੇ ਹਸਪਤਾਲ ਤੋਂ ਡਾ: ਵਿਵੇਕ ਅਤੇ ਟੀਮ ਦਾ ਸ਼ਲਾਘਾਯੋਗ ਯੋਗਦਾਨ ਰਿਹਾ । ਸਿੱਖਿਆ ਨਾਲ ਸਬੰਧਤ ਸੈਮੀਨਾਰ ਵਿੱਚ ਸੀਏ ਦਰਵੇਸ਼ ਸਵਾਮੀ ਅਤੇ ਸਾਥ ਚਲੇ ਫਾਊਂਡੇਸ਼ਨ ਦੇ ਸੰਸਥਾਪਕ ਪ੍ਰਧਾਨ ਸੀਏ ਵਿਕਾਸ ਸਚਦੇਵਾ ਨੇ ਬੱਚਿਆਂ ਨੂੰ ਸਿੱਖਿਆ ਦੇ ਹਰ ਖੇਤਰ, ਭਾਵੇਂ ਉਹ ਆਰਟਸ, ਕਾਮਰਸ, ਸਾਇੰਸ ਜਾਂ ਕਿਸੇ ਹੋਰ ਵਰਗ ਨਾਲ ਸਬੰਧਤ ਹੋਣ, ਬਾਰੇ ਜਾਗਰੂਕ ਕੀਤਾ। ਚਲੋ ਇਕੱਠੇ ਚੱਲੀਏ ਫਾਊਂਡੇਸ਼ਨ ਅਤੇ ਪਿਆਰੇ ਸਿਰਸਾ ਫਾਊਂਡੇਸ਼ਨ ਸਿਰਸਾ ਵਿੱਚ ਲੰਬੇ ਸਮੇਂ ਤੋਂ ਸਿਹਤ, ਸਿੱਖਿਆ, ਨਸ਼ਾ ਛੁਡਾਊ, ਅੰਗਹੀਣ ਅਤੇ ਅਪਾਹਜ ਲੋਕਾਂ ਲਈ ਕੰਮ ਕਰ ਰਹੇ ਹਨ। ਤੇ ਹੋਰ ਲੋਕ ਭਲਾਈ ਦੇ ਕੰਮ ਵਿੱਚ ਮਾਨਸਿਕ ਤੰਦਰੁਸਤੀ ਸਭ ਤੋਂ ਅੱਗੇ ਰਹੀ ਹੈ। ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਐਡਵੋਕੇਟ ਸਚਿਨ ਗੋਇਲ, ਡਿਯਰ ਸਿਰਸਾ ਫਾਊਂਡੇਸ਼ਨ ਦੇ ਪ੍ਰਧਾਨ ਸੀਏ ਦਰਵੇਸ਼ ਸਵਾਮੀ ਦੇ ਨਾਲ ਸੀਏ ਹੇਮੰਤ ਗੋਇਲ, ਸੀਏ ਸੁਮਿਤ ਗੋਇਲ, ਸੀਏ ਵਿਕਾਸ ਸਚਦੇਵਾ, ਐਡਵੋਕੇਟ ਦੀਪਕ ਗੁਪਤਾ, ਐਡਵੋਕੇਟ ਮਨੀਸ਼, ਐਡਵੋਕੇਟ ਰਾਹੁਲ ਵਰਮਾ, ਸੀਏ ਚੇਤਨ ਝੁੰਥਰਾ, ਸੀਏ ਯੋਗੇਸ਼ ਅਗਰਵਾਲ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ,

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ 'ਚ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਪੰਜਾਬ ਵਿਲੇਜ ਤੇ ਸਮਾਲ ਟਾਊਨ ਪੈਟਰੋਲ ਐਕਟ, 1918 ਦੀ ਧਾਰਾ 3 ਦੇ ਸਬ ਸੈਕਸ਼ਨ 1 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਅੰਦਰ ਪੈਂਦੇ ਪਿੰਡਾਂ, ਰੇਲਵੇ ਟਰੈਕ, ਨਹਿਰਾਂ ਦੇ ਪੁਲ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ, ਰਜਬਾਹੇ, ਇੰਡੀਅਨ ਆਇਲ ਪਾਈਪ ਲਾਈਨ, ਅਹਿਮ ਪਲਾਂਟ, ਗੈਸ ਪਾਈਪ ਲਾਈਨ ਦੀ ਪ੍ਰਾਪਰਟੀ ਅਤੇ ਬਿਜਲੀ ਦੀਆਂ ਟਰਾਂਸਮਿਸ਼ਨ ਲਾਈਨਾਂ, ਅਨਾਜ ਦੇ ਭੰਡਾਰ, ਪੈਟਰੋਲ ਪੰਪ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪੈਂਦੇ ਬੈਂਕ, ਡਾਕਖਾਨਿਆਂ, ਸਰਕਾਰੀ/ਗੈਰ ਸਰਕਾਰੀ ਪ੍ਰਾਪਰਟੀ ਆਦਿ 'ਤੇ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀਆਂ ਨੂੰ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਆਦੇਸ਼ ਦਿੱਤੇ ਹਨ ਕਿ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀ ਬਿਜਲੀ ਸਟੇਸ਼ਨ ਅਤੇ ਸਪਲਾਈ ਲਾਈਨਾਂ, ਰੇਲ ਪਟੜੀਆਂ, ਜਲ ਸਪਲਾਈ ਸਕੀਮਾਂ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ ਨੂੰ ਨੁਕਸਾਨ ਪਹੁੰਚਾਣ ਤੋਂ ਬਚਾਉਣ ਲਈ ਅਤੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਠੀਕਰੀ ਪਹਿਰੇ ਲਗਾ ਕੇ ਡਿਊਟੀ ਨਿਭਾਉਣਗੇ। ਇਹ ਹੁਕਮ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

**ਧਾਰਮਿਕ ਸਥਾਨਾਂ 'ਤੇ ਠੀਕਰੀ ਪਹਿਰੇ ਲਗਾਉਣ ਸਬੰਧੀ ਹੁਕਮ ਜਾਰੀ:**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਨੇ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਪੰਜਾਬ ਵਿਲੇਜ਼ ਅਤੇ ਸਮਾਲ ਟਾਊਨਜ਼-ਪੈਟਰੋਲ ਐਕਟ 1918 ਦੀ ਧਾਰਾ 3 ਅਤੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਵਿੱਚ ਸਮੂਹ ਧਾਰਮਿਕ ਸਥਾਨਾਂ 'ਤੇ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡਾਂ/ਟਰੱਸਟ ਦੇ ਮੁਖੀਆਂ ਨੂੰ ਠੀਕਰੀ ਪਹਿਰਾ ਲਗਾਉਣ ਦੀ ਜਿੰਮੇਵਾਰੀ ਲਗਾਈ ਹੈ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

# ਪੰਜਾਬ ਨੂੰ ਲੁੱਟਣ ਲਈ ਦਿੱਲੀ ਤੋਂ ਆਉਣ ਵਾਲੀਆਂ ਪਾਰਟੀਆਂ ਤੋਂ ਬਚਾਉਣ ਲਈ ਪੰਜਾਬੀ ਅੱਗੇ ਆਉਣ : ਚੰਦੂਮਾਜਰਾ

**ਫਤਹਿਗੜ੍ਹ ਸਾਹਿਬ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਕੋਈ ਅਜਿਹੀ ਪਾਰਟੀ ਨਹੀਂ ਹੈ ਜੋ ਪੰਜਾਬ ਦੇ ਹਿੱਤਾਂ ਲਈ ਕਾਰਜ ਕਰਨ ਲਈ ਸਹਾਈ ਹੋਵੇ ਕਿਉਂਕਿ ਹੁਣ ਤੱਕ ਪੰਜਾਬ ਨੂੰ ਲੁੱਟਣ ਲਈ ਮੁਗਲਾਂ ਵਾਂਗ ਦਿੱਲੀ ਤੋਂ ਪਾਰਟੀਆਂ ਆਉਂਦੀਆਂ ਰਹੀਆਂ ਹਨ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ ਨੇ ਫਤਿਹਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨਾ ਕਿਹਾ ਕਿ ਪੰਜਾਬ ਦੇ ਦਰਦ ਨੂੰ ਸਮਝਣ ਵਾਲੀ ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਇਕ ਪਾਰਟੀ ਹੈ ਜਿਸ ਨੂੰ ਮਜਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਪੰਜਾਬੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਡੱਟ ਕੇ ਖੜਨ ਲਈ ਅੱਗੇ ਆਉਣਾ ਚਾਹੀਦਾ ਹੈ ।

ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿੱਚ ਸ਼ੁਰੂ ਕੀਤੀ ਗਈ ਪੰਜਾਬ ਬਚਾਓ ਯਾਤਰਾ ਨੂੰ ਅਥਾਹ ਪਿਆਰ ਅਤੇ ਹੁੰਗਾਰਾ ਦੇਖਣ ਨੂੰ ਮਿਲ ਰਿਹਾ ਹੈ ਤੇ ਥਾਂ ਥਾਂ ਤੇ ਪਾਰਟੀ ਵਰਕਰਾਂ ਅਤੇ ਆਮ ਲੋਕਾਂ ਦੇ ਹੋ ਰਹੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਤੋਂ ਅੱਕੇ ਹੋਏ ਪੰਜਾਬ ਨਿਵਾਸੀ ਹੁਣ ਸ਼੍ਰੋਮਣੀ ਅਕਾਲੀ ਦਲ ਨਾਲ ਆ ਕੇ ਖੜ ਰਹੇ ਹਨ। ਆਗੂਆਂ ਨੇ ਸਿਆਸੀ ਵਿਰੋਧੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਬਚਾਓ ਯਾਤਰਾ ਨੂੰ ਅਕਾਲੀ ਦਲ ਬਚਾਓ ਯਾਤਰਾ ਕਰਾਰ ਦਿੱਤੇ ਜਾਣ ਤੇ ਆਪਣਾ ਪ੍ਰਤੀਕਰਮ ਜਾਹਰ ਕਰਦਿਆਂ ਕਿਹਾ ਕਿ ਜੇਕਰ ਅਕਾਲੀ ਦਲ ਬਚੇਗਾ ਤਾਂ ਹੀ ਪੰਜਾਬ ਬਚ ਸਕੇਗਾ, ਕਿਉਂਕਿ ਪੰਜਾਬ ਦਾ ਜੇਕਰ ਕੋਈ ਵਾਲੀ ਵਾਰਸ ਤੇ ਰਾਖਾ ਹੀ ਨਹੀਂ ਹੋਵੇਗਾ ਤਾਂ ਪੰਜਾਬ ਕਿਸ ਤਰਾਂ ਬਚ ਸਕੇਗਾ ?

ਅਕਾਲੀ ਆਗੂਆਂ ਨੇ ਕਿਹਾ ਕਿ ਇਹ ਜਗ ਜਾਹਰ ਹੈ ਕਿ ਪੰਜਾਬ ਨੂੰ ਬਚਾਉਣ ਵਾਲਾ ਪੰਜਾਬ ਦਾ ਰਾਖਾ, ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਤੇ ਪੰਜਾਬ ਦਾ ਦਰਦ ਸਮਝਣ ਵਾਲਾ ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਹੈ ਤੇ ਇਹ ਸੱਚ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਬਚੇਗਾ ਤਾਂ ਹੀ ਪੰਜਾਬ ਇਹਨਾਂ ਦਿੱਲੀ ਤੋਂ ਰਿਮੋਟ ਕੰਟਰੋਲ ਨਾਲ ਚੱਲਣ ਵਾਲੀਆਂ ਪਾਰਟੀਆਂ ਤੋਂ ਬਚ ਸਕੇਗਾ।

ਉਹਨਾਂ ਕਿਹਾ ਕਿ ਪੰਜਾਬ ਤੋਂ ਬਾਹਰਲੀਆਂ ਨੈਸ਼ਨਲ ਪਾਰਟੀਆਂ ਦੀ ਸੋਚ ਪੰਜਾਬ ਦੀ ਸੋਚ ਤੋਂ ਕਿਤਾਂ ਦੂਰ ਹੈ ਤੇ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰ ਕਰਨ ਵਾਲੀ ਪਾਰਟੀ ਸੀ, ÷ਹੈ÷ ਅਤੇ ਭਵਿੱਖ ਵਿੱਚ ਸਦਾ ਕਾਇਮ ਰਹੇਗੀ। ਕਿਉਂਕਿ ਪੰਜਾਬ ਤੋਂ ਬਾਹਰੋਂ ਆਉਣ ਵਾਲੀਆਂ ਪਾਰਟੀਆਂ ਦਾ ਰਿਮੋਟ ਕੰਟਰੋਲ ਦਿੱਲੀ ਦੇ ਹੱਥ ਹੁੰਦਾ ਹੈ ਤੇ ਉਥੋਂ ਹੀ ਜੋ ਨਿਰਦੇਸ਼ ਮਿਲਦੇ ਹਨ ਉਸੇ ਤਰ੍ਹਾਂ ਇਹ ਪਾਰਟੀਆਂ ਪੰਜਾਬ ਦੇ ਹੱਕਾਂ ਨੂੰ ਦਰਕਿਨਾਰ ਕਰਦੀਆਂ ਹੋਈਆਂ ਕੰਮ ਕਰਦੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਸ਼੍ਰੋਮਣੀ ਅਕਾਲੀ ਦਲ ਜਿਲਾ ਫਤਿਹਗੜ੍ਹ ਸਾਹਿਬ ਦੇ ਸ਼ਹਿਰੀ ਪ੍ਰਧਾਨ ਮਨਮੋਹਨ ਸਿੰਘ ਮਕਾਰੋਂਪੁਰ, ਐਡਵੋਕੇਟ ਜਸਪ੍ਰੀਤ ਸਿੰਘ ਝਬਾਲੀ, ਸੁਖਵਿੰਦਰ ਸਿੰਘ ਘਮੰਡਗੜ੍ਹ, ਗੁਰਦੀਪ ਸਿੰਘ ਘੁਮਾਣ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਖਮਾਣੋ ਅਤੇ ਹੋਰ ਪਾਰਟੀ ਆਗੂ ਵੀ ਹਾਜ਼ਰ ਸਨ।

# ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ ਤ੍ਰੈ-ਭਾਸ਼ੀ ਕਵੀ ਦਰਬਾਰ; ਪੰਜਾਬੀ, ਹਿੰਦੀ ਤੇ ਉਰਦੂ ਦੇ 22 ਕਵੀਆਂ ਨੇ ਬੰਨ੍ਹਿਆ ਰੰਗ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਤ੍ਰੈ-ਭਾਸ਼ੀ ਕਵੀ ਦਰਬਾਰ ਦੇ ਮੁੱਖ ਮਹਿਮਾਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਉੱਘੇ ਸ਼ਾਇਰ ਸਰਦਾਰ ਪੰਛੀ ਤੇ ਪਦਮ ਸ੍ਰੀ ਪ੍ਰਾਣ ਸੱਭਰਵਾਲ ਦਾ ਸਨਮਾਨ ਕਰਦੇ ਹੋਏ ਡਾਇਰੈਕਟਰ ਭਾਸ਼ਾ ਵਿਭਾਗ ਹਰਪ੍ਰੀਤ ਕੌਰ। ਨਾਲ ਖੜੇ ਹਨ ਡਿਪਟੀ ਡਾਇਰੈਕਟਰ ਹਰਭਜਨ ਕੌਰ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਤੇ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ।

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭਾਸ਼ਾ ਵਿਭਾਗ ਪੰਜਾਬ ਵੱਲੋਂ ਅੱਜ ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਮੁੱਖ ਦਫ਼ਤਰ ਵਿਖੇ ਤ੍ਰੈ-ਭਾਸ਼ੀ ਕਵੀ ਦਰਬਾਰ ਵਿਭਾਗ ਦੀ ਨਿਰਦੇਸ਼ਕਾਂ ਸ੍ਰੀਮਤੀ ਹਰਪ੍ਰੀਤ ਕੌਰ ਦੀ ਦੇਖ-ਰੇਖ 'ਚ ਕਰਵਾਇਆ ਗਿਆ। ਇਸ ਕਵੀ ਦਰਬਾਰ 'ਚ ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਸ. ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਮੁੱਖ ਮਹਿਮਾਨ ਵਜੋਂ ਪੁੱਜੇ। ਸਮਾਗਮ ਦੀ ਪ੍ਰਧਾਨਗੀ ਸ਼੍ਰੋਮਣੀ ਉਰਦੂ ਸਾਹਿਤਕਾਰ ਸਰਦਾਰ ਪੰਛੀ ਨੇ ਕੀਤੀ ਅਤੇ ਪਦਮ ਸ੍ਰੀ ਪ੍ਰਾਣ ਸੱਭਰਵਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਡਾਇਰੈਕਟਰ ਹਰਪ੍ਰੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਅਤੇ ਹੋਰਨਾਂ ਭਾਸ਼ਾਵਾਂ ਦੇ ਸਤਿਕਾਰ ਲਈ ਚਲਾਏ ਜਾ ਰਹੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਸ. ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਨਵੀਂ ਪੀੜ੍ਹੀ ਨੂੰ ਪੁਸਤਕ ਤੇ ਖੇਡ ਸੱਭਿਆਚਾਰ ਨਾਲ ਜੋੜਨ ਲਈ ਯਤਨਸ਼ੀਲ ਹੈ। ਜਿਸ ਕਰਕੇ ਭਾਸ਼ਾ ਵਿਭਾਗ ਵਰਗੀਆਂ ਸੰਸਥਾਵਾਂ ਦੀ ਜ਼ਿੰਮੇਵਾਰੀ ਬਹੁਤ ਵਧ ਜਾਂਦੀ ਹੈ ਕਿਉਂਕਿ ਭਾਸ਼ਾ ਵਿਭਾਗ ਅਤੇ ਯੂਨੀਵਰਸਿਟੀਆਂ ਨੇ ਹੀ ਸਾਡੀ ਮਾਂ ਬੋਲੀ ਦੇ ਪ੍ਰਸਾਰ 'ਚ ਸਭ ਨੂੰ ਅਗਵਾਈ ਦੇਣੀ ਹੈ। ਕਵੀ ਦਰਬਾਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇੱਕ ਅਜਿਹੀ ਪਰੰਪਰਾ ਹੈ ਜੋ ਸਦੀਆਂ ਤੋਂ ਸਾਡੇ ਵਿਰਸੇ ਦਾ ਹਿੱਸਾ ਬਣੀ ਹੋਈ ਹੈ। ਸਾਡੇ ਕੋਲ ਸ੍ਰੀ ਗੁਰੂ ਗਰੰਥ ਸਾਹਿਬ ਦੇ ਰੂਪ 'ਚ ਦੁਨੀਆ ਦਾ ਮਹਾਨ ਸ਼ਬਦ ਗੁਰੂ ਮੌਜੂਦ ਹੈ ਜੋ ਕਾਵਿ ਦੀ ਉੱਤਮ ਦਰਜੇ ਦੀ ਮਿਸਾਲ ਹੈ। ਇਸ ਤੋਂ ਇਲਾਵਾ ਪੰਜਾਬ ਦੀ ਧਰਤੀ 'ਤੇ ਲਿਖੇ ਗਏ ਉੱਚ ਪਾਏ ਦੇ ਕਿੱਸੇ-ਵਾਰਾਂ ਵੀ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਚੰਗੀ ਸ਼ਾਇਰੀ ਨਾਲ ਜੋੜਨ ਲਈ ਲਿਖਾਰੀਆਂ ਵਰਗੀਆਂ ਦੀ ਜ਼ਿੰਮੇਵਾਰੀ ਬਹੁਤ ਵਧ ਜਾਂਦੀ ਹੈ। ਇਸ ਕਰਕੇ ਭਾਸ਼ਾ ਵਿਭਾਗ ਵਧਾਈ ਦਾ ਪਾਤਰ ਹੈ ਜੋ ਨਵੀਂ ਪੀੜ੍ਹੀ ਨੂੰ ਵਧੀਆ ਸਾਹਿਤ ਨਾਲ ਜੋੜਨ ਤੇ ਚੰਗੀ ਸੇਧ ਦੇਣ ਲਈ ਇਸ ਤਰ੍ਹਾਂ ਦੇ ਸਮਾਗਮ ਰਚਾਉਂਦਾ ਹੈ। ਇਸ ਕਾਰਜ ਲਈ ਉਨ੍ਹਾਂ ਭਾਸ਼ਾ ਵਿਭਾਗ ਦੀ ਨਿਰਦੇਸ਼ਕਾਂ ਸ੍ਰੀਮਤੀ ਹਰਪ੍ਰੀਤ ਕੌਰ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ। ਅਖੀਰ ਵਿੱਚ ਸਭ ਨੂੰ ਅਪੀਲ ਕੀਤੀ ਕਿ ਪੰਜਾਬੀ ਮਾਂ ਬੋਲੀ ਨੂੰ ਢੁਕਵਾਂ ਸਥਾਨ ਦੇਣ ਲਈ ਪੰਜਾਬ ਸਰਕਾਰ ਦਾ ਭਰਪੂਰ ਸਾਥ ਦਿਓ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ਼ਾਇਰ ਸਰਦਾਰ ਪੰਛੀ ਨੇ ਆਪਣੇ ਸ਼ਾਇਰਾਨਾ ਅੰਦਾਜ਼ 'ਚ ਮਾਂ ਬੋਲੀ ਦੀਆਂ ਸਿਫ਼ਤਾਂ ਕੀਤੀਆਂ। ਉਨ੍ਹਾਂ ਉਰਦੂ ਅਤੇ ਹਿੰਦੀ ਸ਼ਾਇਰੀ ਦੀਆਂ ਚੋਣਵੀਂਆਂ ਵੰਨਗੀਆਂ ਵੀ ਸੁਣਾਈਆਂ। ਵਿਸ਼ੇਸ਼ ਮਹਿਮਾਨ ਪਦਮ ਸ਼੍ਰੀ ਸ੍ਰੀ ਪ੍ਰਾਣ ਸੱਭਰਵਾਲ ਨੇ ਕਿਹਾ ਕਿ ਭਾਸ਼ਾ ਵਿਭਾਗ ਨਾਲ ਉਨ੍ਹਾਂ ਦਾ ਨਾਤਾ ਬਹੁਤ ਪੁਰਾਣਾ ਹੈ। ਉਨ੍ਹਾਂ ਦੀਆਂ ਜ਼ਿਆਦਾਤਰ ਰੰਗਮੰਚ ਪੇਸ਼ਕਾਰੀਆਂ ਦੀ ਤਿਆਰੀ ਭਾਸ਼ਾ ਵਿਭਾਗ 'ਚ ਹੀ ਹੁੰਦੀ ਹੈ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਰਾਜਵੰਤ ਕੌਰ ਪੰਜਾਬੀ ਦੀ ਪੁਸਤਕ 'ਨਾਰੀ ਪਰਵਾਜ਼' ਅਤੇ ਸ੍ਰੀਮਤੀ ਸੁਨੀਤਾ ਸੱਭਰਵਾਲ ਦੀ ਪੁਸਤਕ 'ਕੁਝ ਬੋਲ ਅਨੀਤਾ' ਵੀ ਲੋਕ ਅਰਪਣ ਕੀਤੀਆਂ ਗਈਆਂ। ਅਖੀਰ ਵਿੱਚ ਡਿਪਟੀ ਡਾਇਰੈਕਟਰ ਹਰਭਜਨ ਕੌਰ ਤੇ ਸਮਾਗਮ ਦੇ ਆਯੋਜਕ ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਡਾ. ਸੁਖਦਰਸ਼ਨ ਸਿੰਘ ਚਹਿਲ ਖੋਜ ਅਫ਼ਸਰ ਨੇ ਕੀਤਾ। ਸਮਾਗਮ 'ਚ ਹਿੱਸਾ ਲੈਣ ਵਾਲੇ ਸਾਰੇ ਕਵੀਆਂ ਨੂੰ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਕੀਤਾ ਗਿਆ। ਕਵੀ ਦਰਬਾਰ 'ਚ ਡਾ. ਰੂਬੀਨਾ ਸ਼ਬਨਮ, ਸਰਬਜੀਤ ਕੌਰ ਜਸ, ਅੰਮ੍ਰਿਤਪਾਲ ਸਿੰਘ ਸੈਦਾ, ਕੁਲਵੰਤ ਸੈਦੋਕੇ, ਬਿਮਲਾ ਗੁਗਲਾਨੀ, ਬਲਵਿੰਦਰ ਸਿੰਘ ਸੰਧੂ, ਜਸਪ੍ਰੀਤ ਫ਼ਲਕ, ਅਵਤਾਰਜੀਤ ਅਟਵਾਲ, ਪਰਵਿੰਦਰ ਸ਼ੋਖ, ਧਰਮ ਕੰਮੇਆਣਾ, ਜਸਵਿੰਦਰ ਚਾਹਲ ਮਾਨਸਾ, ਤ੍ਰੈਲੋਚਨ ਲੋਚੀ, ਸ਼ਤੀਸ਼ ਵਿਦਰੋਹੀ, ਹਰਜੀਤ ਸਿੰਘ ਸੱਧਰ, ਗੁਰਮੇਲ ਸਿੰਘ ਵਿਰਕ, ਸਾਗਰ ਸੂਦ, ਬਲਰਾਜ ਓਬਰਾਏ, ਹਰਦੀਪ ਸੱਭਰਵਾਲ, ਸੁਖਵਿੰਦਰ ਚਹਿਲ, ਜੋਰਾਵਰ ਸਿੰਘ ਪੰਛੀ, ਚਮਕੌਰ ਸਿੰਘ ਚਹਿਲ ਤੇ ਬਲਵੀਰ ਜਲਾਲਾਬਾਦੀ ਨੇ ਆਪੋ-ਆਪਣੇ ਕਲਾਮ ਪੇਸ਼ ਕੀਤੇ। ਇਸ ਮੌਕੇ ਵਿਭਾਗ ਦੇ ਡਿਪਟੀ ਡਾਇਰੈਕਟਰ ਹਰਭਜਨ ਕੌਰ ਤੇ ਸਤਨਾਮ ਸਿੰਘ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਅਲੋਕ ਚਾਵਲਾ, ਤੇਜਿੰਦਰ ਸਿੰਘ ਗਿੱਲ, ਜਸਪ੍ਰੀਤ ਕੌਰ, ਸੁਰਿੰਦਰ ਕੌਰ, ਪ੍ਰਿੰ. ਮਨਮੋਹਨ ਸਿੰਘ, ਸ਼੍ਰੋਮਣੀ ਸਾਹਿਤਕਾਰ ਡਾ. ਦਰਸ਼ਨ ਸਿੰਘ ਆਸ਼ਟ, ਜੀ.ਐਸ. ਅਨੰਦ, ਜ਼ਿਲ੍ਹਾ ਭਾਸ਼ਾ ਅਫਸਰ ਫਤਹਿਗੜ੍ਹ ਸਾਹਿਬ ਜਗਜੀਤ ਸਿੰਘ ਜਟਾਣਾ ਅਤੇ ਪਟਿਆਲਾ ਡਾ. ਮਨਜਿੰਦਰ ਸਿੰਘ ਤੇ ਭਾਸ਼ਾ ਵਿਭਾਗ ਦਾ ਸਟਾਫ ਹਾਜ਼ਰ ਸੀ।

# ਸੇਵਾ ਮੁਕਤ ਡਿਪਟੀ ਰਜਿਸਟਰਾਰ ਵੱਲੋਂ ਯੂਨੀਵਰਸਿਟੀ ਵਾਸਤੇ 25000 ਦਾ ਚੈੱਕ ਵਾਈਸ ਚਾਂਸਲਰ ਨੂੰ ਭੇਟ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਡਿਪਟੀ ਰਜਿਸਟਰਾਰ ਸ੍ਰੀ ਰਾਜਿੰਦਰ ਸਿੰਘ ਜੋਸਨ ਨੇ ਯੂਨੀਵਰਸਿਟੀ ਦੀ ਬੇਹਤਰੀ ਵਾਸਤੇ ਆਪਣੀ ਪੈਨਸ਼ਨ ਵਿੱਚੋਂ 25000 ਰੁਪਏ ਦਾ ਚੈੱਕ ਅੱਜ ਸਵੇਰੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੂੰ ਭੇਟ ਕੀਤਾ। ਸ੍ਰੀ ਜੋਸਨ ਨੇ ਕਿਹਾ ਕਿ ਉਹ ਇਸ ਯੂਨੀਵਰਸਿਟੀ ਨਾਲ਼ ਪੂਰੀ ਤਰ੍ਹਾਂ ਭਾਵਨਾਤਮਿਕ ਤੌਰ 'ਤੇ ਜੁੜੇ ਹੋਏ ਹਨ ਅਤੇ ਹੁਣ ਯੂਨੀਵਰਸਿਟੀ ਆਪਣੀਆਂ ਮੁਸ਼ਕਲਾਂ ਵਿੱਚੋਂ ਨਿਕਲ ਕੇ ਅੱਗੇ ਵਧ ਰਹੀ ਹੈ। ਇਸ ਕਰ ਕੇ ਉਨ੍ਹਾਂ ਨੇ ਆਪਣੀ ਨੇਕ ਕਮਾਈ ਵਿੱਚੋਂ ਯੂਨੀਵਰਸਿਟੀ ਲਈ ਹਿੱਸਾ ਕੱਢਿਆ ਹੈ।

ਇਸ ਦੌਰਾਨ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਹੋਰਨਾਂ ਦਾਨੀ ਸੱਜਣਾਂ ਨੂੰ ਯੂਨੀਵਰਸਿਟੀ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਨਾਲ਼-ਨਾਲ਼ ਪੰਜਾਬ ਦੇ ਬੌਧਿਕ ਵਿਕਾਸ ਵਿੱਚ ਹੋਰ ਵੀ ਪ੍ਰਭਾਵੀ ਢੰਗ ਨਾਲ਼ ਹਿੱਸਾ ਪਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਭਾਵੇਂ ਸੂਬਾ ਸਰਕਾਰ ਨੇ ਆਰਥਿਕ ਸੰਕਟ ਵਿੱਚ ਘਿਰੀ ਯੂਨੀਵਰਸਿਟੀ ਨੂੰ ਬਾਹਰ ਕੱਢਣ ਦੀ ਕਾਫ਼ੀ ਕੋਸ਼ਿਸ਼ ਕੀਤੀ ਹੈ ਪਰ ਫਿਰ ਵੀ ਇਸ ਯੂਨੀਵਰਸਿਟੀ ਨੂੰ ਪੱਕੇ ਪੈਰੀਂ ਕਰਨ ਲਈ ਅਵਾਮ ਦੇ ਸਹਿਯੋਗ ਦੀ ਵੀ ਜ਼ਰੂਰਤ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਹੋਰ ਵੀ ਲੋਕ ਇਸ ਦੀ ਮਦਦ ਲਈ ਅੱਗੇ ਆਉਣਗੇ।

# ਯਾਤਰਾ



> ਖ਼ਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਇਆ ਗਿਆ ਵਿਰਾਸਤ-ਏ-ਖ਼ਾਲਸਾ ਇਮਾਰਤਸਾਜ਼ੀ ਦਾ ਇਕ ਵਿਲੱਖਣ ਨਮੂਨਾ ਹੋਣ ਦੇ ਨਾਲ-ਨਾਲ ਪੰਜਾਬ ਦੀ ਅਮੀਰ ਵਿਰਾਸਤ ਦਾ ਦਰਪਣ ਵੀ ਹੈ। ਇਹ ਦੇਸ਼ ਦਾ ਬਿਹਤਰੀਨ ਮਿਊਜ਼ੀਅਮ ਬਣ ਚੁੱਕਾ ਹੈ, ਜਿਸ ਦੀ ਪੁਸ਼ਟੀ ਲਿਮਕਾ ਬੁੱਕ ਆਫ ਰਿਕਾਰਡ ਨੇ ਵੀ ਕਰ ਦਿੱਤੀ ਹੈ। 7 ਸਾਲ 'ਚ ਇਸ ਨੂੰ ਦੇਖਣ ਵਾਲਿਆਂ ਦੀ ਗਿਣਤੀ 97 ਲੱਖ ਤੋਂ ਵੱਧ ਹੈ...

## ਖ਼ਾਲਸੇ ਦਾ ਦਰਪਣ
## ਵਿਰਾਸਤ-ਏ-ਖ਼ਾਲਸਾ

• ਇੰਦਰਪ੍ਰੀਤ ਸਿੰਘ

ਘੁੰਮਣਾ ਫਿਰਨਾ ਕਿਸ ਨੂੰ ਚੰਗਾ ਨਹੀਂ ਲੱਗਦਾ। ਘੁੰਮਣ ਫਿਰਨ ਦੀ ਗੱਲ ਆਵੇ ਤਾਂ ਮਨ 'ਚ ਸਿਰਫ਼ ਪਹਾੜ, ਝਰਨੇ ਹੀ ਆਉਂਦੇ ਹਨ ਜਾਂ ਫਿਰ ਪੁਰਾਤਨ ਇਮਾਰਤਾਂ, ਜਿਨ੍ਹਾਂ ਨੂੰ ਦੇਖ ਕੇ ਉਥੋਂ ਦੀਆਂ ਕਹਾਣੀਆਂ ਯਾਦ ਆਉਂਦੀਆਂ ਹਨ। ਬਚਪਨ 'ਚ ਇਤਿਹਾਸ ਦੀਆਂ ਕਿਤਾਬਾਂ ਰਾਹੀ ਇਨ੍ਹਾਂ ਨੂੰ ਆਪਣੇ ਜ਼ਿਹਨ 'ਚ ਉਤਾਰਿਆ ਸੀ। ਅਜਿਹੇ ਹੀ ਇਤਿਹਾਸ ਦੇ ਪੰਨਿਆਂ 'ਤੇ ਉਕਰੀ ਖ਼ਾਲਸਾ ਪੰਥ ਦੀ ਇਬਾਰਤ ਨੂੰ ਵਿਰਾਸਤ ਦੇ ਰੂਪ 'ਚ ਸੰਜੋਇਆ ਹੈ ਵਿਰਾਸਤ-ਏ-ਖ਼ਾਲਸਾ 'ਚ। ਹਿਮਾਚਲ ਦੇ ਪਹਾੜਾਂ ਦੀ ਗੋਦ 'ਚ ਵਸਿਆ ਹੈ ਪੰਜਾਬ ਦਾ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ। ਇਹ ਖ਼ਾਲਸਾ ਪੰਥ ਦੀ ਜਨਮ ਭੂਮੀ ਵੀ ਹੈ। ਇਥੇ ਬਣਾਇਆ ਗਿਆ ਵਿਰਾਸਤ-ਏ-ਖ਼ਾਲਸਾ ਇਮਾਰਤਸਾਜ਼ੀ ਦਾ ਇਕ ਵਿਲੱਖਣ ਨਮੂਨਾ ਹੋਣ ਦੇ ਨਾਲ-ਨਾਲ ਪੰਜਾਬ ਦੀ ਅਮੀਰ ਵਿਰਾਸਤ ਦਾ ਦਰਪਣ ਵੀ ਹੈ। ਅੱਜ ਇਹ ਦੇਸ਼ ਦਾ ਬਿਹਤਰੀਨ ਮਿਊਜ਼ੀਅਮ ਬਣ ਚੁੱਕਾ ਹੈ, ਜਿਸ ਦੀ ਪੁਸ਼ਟੀ ਲਿਮਕਾ ਬੁੱਕ ਆਫ ਰਿਕਾਰਡ ਨੇ ਵੀ ਕਰ ਦਿੱਤੀ ਹੈ। ਵਿਸ਼ਵ ਭਰ 'ਚ ਵਿਲੱਖਣ ਪਛਾਣ ਬਣਾ ਚੁੱਕੇ ਵਿਰਾਸਤ-ਏ-ਖ਼ਾਲਸਾ 'ਚ ਸੈਲਾਨੀਆਂ ਦੀ ਗਿਣਤੀ ਸਿਰਫ਼ 7 ਸਾਲ 'ਚ ਹੁਣ ਤਕ 97 ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਖ਼ਾਸ ਗੱਲ ਇਹ ਹੈ ਕਿ 2018 'ਚ ਪਿਛਲੇ ਤਿੰਨ ਸਾਲਾਂ 'ਚ ਸਭ ਤੋਂ ਜ਼ਿਆਦਾ ਸੈਲਾਨੀ ਵਿਰਾਸਤ-ਏ-ਖ਼ਾਲਸਾ ਦੀ ਜ਼ਿਆਰਤ ਕਰਨ ਆਏ।

### 97 ਲੱਖ ਸੈਲਾਨੀ ਆਏ ਹੁਣ ਤਕ

ਵਿਭਾਗ ਦੇ ਸੈਕਟਰੀ ਵਿਕਾਸ ਪ੍ਰਤਾਪ ਨੇ ਦੱਸਿਆ ਕਿ ਸਾਲ 2011 ਤੋਂ ਲੈ ਕੇ ਹੁਣ ਤਕ 97.01 ਲੱਖ ਸੈਲਾਨੀ ਵਿਰਾਸਤ-ਏ-ਖ਼ਾਲਸਾ ਨੂੰ ਦੇਖਣ ਆ ਚੁੱਕੇ ਹਨ। ਇਨ੍ਹਾਂ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ, ਮੌਰੀਸ਼ਸ਼ ਦੇ ਰਾਸ਼ਟਰਪਤੀ, ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀ ਸਮੇਤ ਵੱਖ-ਵੱਖ ਦੇਸ਼ਾਂ ਦੇ ਮੈਂਬਰ ਪਾਰਲੀਮੈਂਟ ਅਤੇ ਰਾਜਦੂਤ ਸਾਹਿਬਾਨ ਆਦਿ ਸ਼ਾਮਲ ਹਨ। ਵਿਰਾਸਤ-ਏ-ਖ਼ਾਲਸਾ ਦੁਆਰਾ ਬਿਜਲੀ ਦਾ ਖ਼ਰਚ ਘਟਾਉਣ ਲਈ ਉਠਾਏ ਗਏ ਕਦਮਾਂ ਨਾਲ ਆਏ ਨਤੀਜਿਆਂ ਦੀ ਸਮੀਖਿਆ ਕਰਦੇ ਹੋਏ ਪੰਜਾਬ ਊਰਜਾ ਵਿਕਾਸ ਅਥਾਰਟੀ ਦੁਆਰਾ ਐਨਰਜੀ ਕੰਜ਼ਰਵੇਸ਼ਨ ਅਵਾਰਡ ਵੀ ਵਿਰਾਸਤ-ਏ-ਖ਼ਾਲਸਾ ਨੂੰ ਦਿੱਤਾ ਗਿਆ ਹੈ।

### ਕਿਉਂ ਆ ਰਹੇ ਹਨ ਇੰਨੇ ਸੈਲਾਨੀ?

ਜਿਸ ਜਗ੍ਹਾ 'ਤੇ 1699 ਈਸਵੀ 'ਚ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ, ਜਿੱਥੇ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਦੇ ਠੀਕ ਥੋੜ੍ਹੀ ਦੂਰੀ 'ਤੇ ਬਣਿਆ ਹੈ ਵਿਰਾਸਤ-ਏ-ਖ਼ਾਲਸਾ। ਸਭ ਤੋਂ ਖ਼ੂਬਸੂਰਤ ਹੈ ਇਸ ਦੀ ਕਿਸ਼ਤੀ ਆਕਾਰ ਦੀ ਇਮਾਰਤ ਜੋ ਉੱਪਰੋਂ ਦੇਖਣ 'ਚ ਬਹੁਤ ਪਿਆਰੀ ਲੱਗਦੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਵਾਲੇ ਵਿਰਾਸਤ-ਏ-ਖ਼ਾਲਸਾ ਨੂੰ ਵੀ ਦੇਖਣਾ ਨਹੀਂ ਭੁੱਲਦੇ। ਇਸ ਦਾ ਡਿਜ਼ਾਈਨ ਇਜ਼ਰਾਈਲ ਦੇ ਪ੍ਰਸਿੱਧ ਆਰਕੀਟੈਕਟ ਮੋਸ਼ੇ ਸੇਫਦੀ ਨੇ ਤਿਆਰ ਕੀਤਾ ਸੀ।

> **ਕਿਵੇਂ ਪਹੁੰਚੀਏ**
>
> ਸ੍ਰੀ ਅਨੰਦਪੁਰ ਸਾਹਿਬ ਰੇਲ ਅਤੇ ਸੜਕ ਮਾਰਗ ਰਾਹੀਂ ਸੌਖਿਆਂ ਪਹੁੰਚਿਆ ਜਾ ਸਕਦਾ ਹੈ। ਚੰਡੀਗੜ੍ਹ ਤੋਂ ਨੰਗਲ-ਊਨਾ ਵੱਲ ਜਾਣ ਵਾਲੀਆਂ ਸਾਰੀਆਂ ਗੱਡੀਆਂ ਸ੍ਰੀ ਅਨੰਦਪੁਰ ਸਾਹਿਬ 'ਚੋਂ ਲੰਘਦੀਆਂ ਹਨ। ਦੂਰੋਂ ਆਉਣ ਵਾਲਿਆਂ ਲਈ ਨਜ਼ਦੀਕੀ ਹਵਾਈ ਸੰਪਰਕ ਚੰਡੀਗੜ੍ਹ ਹੈ। ਜਿੱਥੋਂ ਸ੍ਰੀ ਅਨੰਦਪੁਰ ਸਾਹਿਬ 80 ਕਿਲੋਮੀਟਰ ਹੈ। ਜਿੱਥੋਂ ਕੈਬ ਕਰ ਕੇ ਸਿਰਫ਼ ਡੇਢ ਘੰਟੇ 'ਚ ਵਿਰਾਸਤ-ਏ-ਖ਼ਾਲਸਾ ਪਹੁੰਚਿਆ ਜਾ ਸਕਦਾ ਹੈ।

### ਕੀ-ਕੀ ਹੈ ਵਿਰਾਸਤ-ਏ-ਖ਼ਾਲਸਾ 'ਚ

ਵਿਰਾਸਤ-ਏ-ਖ਼ਾਲਸਾ ਦੀਆਂ 27 ਗੈਲਰੀਆਂ ਹਨ। ਇਨ੍ਹਾਂ ਗੈਲਰੀਆਂ 'ਚ ਪੰਜਾਬ ਦੇ 550 ਸਾਲਾਂ ਦੀ ਵਿਰਾਸਤ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਹਰ ਗੈਲਰੀ 'ਚ ਕੀ ਹੈ ਇਸ ਬਾਰੇ ਉੱਥੇ ਵਿਸਥਾਰ 'ਚ ਲਿਖਿਆ ਵੀ ਹੋਇਆ ਹੈ, ਬਲਕਿ ਤੁਹਾਨੂੰ ਹੈੱਡਫੋਨ ਵੀ ਦਿੱਤੇ ਜਾਂਦੇ ਹਨ, ਜਿਸ 'ਚ ਤੁਸੀ ਹਿੰਦੀ, ਪੰਜਾਬੀ ਜਾਂ ਫਿਰ ਅੰਗਰੇਜ਼ੀ 'ਚ ਸੁਣ ਵੀ ਸਕਦੇ ਹੋ। ਪਹਿਲੀ ਗੈਲਰੀ 'ਚ ਪੰਜਾਬ ਦੇ ਸੱਭਿਆਚਾਰ ਦੇ ਵੱਖ-ਵੱਖ ਰੰਗਾਂ ਨੂੰ ਲਾਈਟ ਐਂਡ ਸਾਊਂਡ ਦੇ ਜ਼ਰੀਏ ਪੇਸ਼ ਕੀਤਾ ਗਿਆ ਹੈ। ਜਿਵੇਂ-ਜਿਵੇਂ ਤੁਸੀ ਅੱਗੇ ਵਧਦੇ ਹੋ, ਹੈੱਡਫੋਨ ਦੇ ਜ਼ਰੀਏ ਤੁਹਾਨੂੰ ਦੱਸਿਆ ਜਾਂਦਾ ਹੈ। ਜਿਵੇਂ ਹੀ ਤੁਸੀ ਅਗਲੀ ਗੈਲਰੀ 'ਚ ਜਾਂਦੇ ਹੋ ਤੁਹਾਨੂੰ ਇਕ ਓਂਕਾਰ ਦਾ ਝੂਮਰ ਦਿਖਾਈ ਦਿੰਦਾ ਹੈ, ਜੋ ਪਰਮਾਤਮਾ ਇਕ ਹੈ ਦਾ ਸੰਦੇਸ਼ ਦਿੰਦਾ ਹੈ। ਇਸ ਤੋਂ ਬਾਅਦ ਇਕ-ਇਕ ਕਰ ਕੇ ਦਸ ਗੁਰੂ ਸਾਹਿਬਾਨ ਦੇ ਜੀਵਨਕਾਲ ਬਾਰੇ ਦੱਸਦੀਆਂ ਗੈਲਰੀਆਂ ਹਨ। ਗੁਰੂਆਂ ਦੇ ਆਪਣੇ ਜੀਵਨ ਕਾਲ 'ਚ ਕੀ-ਕੀ ਉਪਲੱਬਧੀਆਂ ਰਹੀਆਂ ਇਸ ਨੂੰ ਪ੍ਰਦਰਸ਼ਤ ਕੀਤਾ ਗਿਆ ਹੈ। ਦਸਵੇਂ ਗੁਰੂ ਦੇ ਜੀਵਨ ਕਾਲ ਵਾਲੀ ਗੈਲਰੀ 'ਚ ਦਾਖ਼ਲ ਹੁੰਦੇ ਹੀ ਅੱਠ ਮਿੰਟ ਦਾ ਸ਼ੋਅ ਦਿਖਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਕਿਵੇਂ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਤੋਂ ਅਗਲੀ ਗੈਲਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੈ। ਉਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਦੇ ਸਮੇਂ ਨੂੰ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਖ਼ਾਲਸਾ ਰਾਜ ਬਹਾਲ ਕੀਤਾ।

ਉਸ ਦੇ ਬਾਅਦ ਮਹਾਰਾਜਾ ਰਣਜੀਤ ਸਿੰਘ, ਉਨ੍ਹਾਂ ਦੁਆਰਾ ਸਥਾਪਤ ਕੀਤੀਆਂ ਗਈਆਂ ਮਿਸਲਾਂ ਅਤੇ ਉਨ੍ਹਾਂ ਦਾ ਸ਼ਾਸਨ ਕਾਲ ਦਿਖਾਇਆ ਗਿਆ ਹੈ। ਉਨ੍ਹਾਂ ਦੀ ਮੌਤ ਪਿੱਛੋਂ ਕਿਸ ਤਰ੍ਹਾਂ ਖ਼ਾਲਸਾ ਰਾਜ ਖ਼ਤਮ ਹੋਇਆ ਅਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਇਸ ਤੋਂ ਅਗਲੀ ਗੈਲਰੀ 'ਚ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ, ਗ਼ਦਰ ਲਹਿਰ, ਭਗਤ ਸਿੰਘ ਦੀ ਸ਼ਹਾਦਤ ਆਦਿ ਦਿਖਾਈ ਗਈ ਹੈ। ਸਭ ਤੋਂ ਅੰਤਿਮ ਗੈਲਰੀ ਅਰਦਾਸ ਗੈਲਰੀ ਹੈ।

### ਸ਼ਨਾਖ਼ਤੀ ਕਾਰਡ ਨਾਲ ਲਿਆਓ

ਵਿਰਾਸਤ-ਏ-ਖ਼ਾਲਸਾ 'ਚ ਜਾਣ ਲਈ ਆਈਡੀ ਪਰੂਫ਼ ਲਿਆਉਣਾ ਜ਼ਰੂਰੀ ਹੈ। ਟਿਕਟ ਕਾਊਂਟਰ 'ਤੇ ਇਹ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ, ਜਦ ਅੰਦਰ ਗੈਲਰੀਆਂ ਨੂੰ ਦੇਖਣ ਲਈ ਆਡੀਓ ਸਿਸਟਮ ਦਿੱਤਾ ਜਾਂਦਾ ਹੈ, ਤਾਂ ਉੱਥੇ ਆਈਡੀ ਪਰੂਫ਼ ਜਮ੍ਹਾਂ ਕਰਾਉਣਾ ਹੁੰਦਾ ਹੈ। •

> ਕੁੱਲ ਏਰੀਆ
> **118 ਏਕੜ**
>
> ਤਿੰਨ ਬਲਾਕ ਹਨ
> **ਏ, ਬੀ ਅਤੇ ਸੀ**
>
> ਇਸ ਨੂੰ ਬਣਾਉਣ 'ਚ
> **326 ਕਰੋੜ ਰੁਪਏ**
> ਖ਼ਰਚ ਆਏ ਹਨ।

### ਕਦੋਂ ਬਣੀ ਇਹ ਇਮਾਰਤ

ਵਿਰਾਸਤ-ਏ-ਖ਼ਾਲਸਾ ਦਾ ਸੰਕਲਪ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸੀ, ਜਿਨ੍ਹਾਂ ਨੇ ਖ਼ਾਲਸਾ ਪੰਥ ਦੇ ਤਿੰਨ ਸੌ ਸਾਲਾ ਸਥਾਪਨਾ ਦਿਵਸ ਤੋਂ ਪਹਿਲਾਂ 22 ਨਵੰਬਰ, 1998 ਨੂੰ ਪੰਜ ਪਿਆਰਿਆਂ ਤੋਂ ਇਸ ਦਾ ਨੀਂਹ ਪੱਥਰ ਰਖਵਾਇਆ ਗਿਆ।

- 2011 'ਚ ਪਹਿਲਾ ਭਾਗ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ।
- 2016 'ਚ ਦੂਜਾ ਭਾਗ ਖੋਲ੍ਹਿਆ ਗਿਆ।
- ਅੰਦਰ ਡਿਜੀਟਲ ਲਾਇਬ੍ਰੇਰੀ ਵੀ ਹੈ ਜਿੱਥੇ 8000 ਕਿਤਾਬਾਂ ਹਨ।
- 428 ਸੀਟਾਂ ਵਾਲਾ ਆਡੀਟੋਰੀਅਮ ਵੀ ਬਣਾਇਆ ਗਿਆ ਹੈ।

ਹਫ਼ਤੇ 'ਚ ਇਕ ਦਿਨ ਸੋਮਵਾਰ ਨੂੰ ਵਿਰਾਸਤ-ਏ-ਖ਼ਾਲਸਾ ਬੰਦ ਹੁੰਦਾ ਹੈ, ਜਦਕਿ ਸਾਲ ਭਰ 'ਚ ਦੋ ਵਾਰ ਇਕ-ਇਕ ਹਫ਼ਤੇ ਲਈ ਸਾਂਭ ਸੰਭਾਲ ਲਈ ਬੰਦ ਕੀਤਾ ਜਾਂਦਾ ਹੈ। 24 ਜਨਵਰੀ ਤੋਂ 31 ਜਨਵਰੀ ਅਤੇ 24 ਜੁਲਾਈ ਤੋਂ 31 ਜੁਲਾਈ ਤਕ ਬੰਦ ਰਹਿੰਦਾ ਹੈ।

---

## ਯੋਧਿਆਂ ਦੀਆਂ ਨਿਸ਼ਾਨੀਆਂ ਸੰਭਾਲੀ ਬੈਠਾ ਅਜਾਇਬਘਰ



ਸਰਵਣ ਸਿੰਘ ਭੰਗਲਾਂ
98725 54147

ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬਘਰ, ਲੁਧਿਆਣਾ ਆਪਣੇ ਆਪ 'ਚ ਇਕ ਅਜਿਹਾ ਵਿਲੱਖਣ ਸਥਾਨ ਹੈ ਜਿੱਥੇ ਆਪਣੇ ਵਤਨ ਤੋਂ ਕੁਰਬਾਨ ਹੋਣ ਵਾਲੇ ਸੈਂਕੜੇ ਜੰਗੀ ਯੋਧਿਆਂ ਦੀਆਂ ਨਿਸ਼ਾਨੀਆਂ ਨੂੰ ਪੰਜਾਬ ਸਰਕਾਰ ਵੱਲੋਂ ਸੰਭਾਲਣ ਦਾ ਯਤਨ ਕੀਤਾ ਗਿਆ ਹੈ। ਇਸ ਜੰਗੀ ਅਜਾਇਬਘਰ ਨੂੰ ਵੇਖਣ ਆਏ ਦਰਸ਼ਕਾਂ ਦੇ ਗਿਆਨ 'ਚ ਜਿੱਥੇ ਵਾਧਾ ਹੁੰਦਾ ਹੈ ਉੱਥੇ ਉਨ੍ਹਾਂ ਦਾ ਦੇਸ਼ ਭਗਤੀ ਦਾ ਜਜ਼ਬਾ ਵੀ ਹੁਲਾਰੇ ਮਾਰਨ ਲਗਦਾ ਹੈ। 13 ਨਵੰਬਰ 1780 ਦਿਨ ਮੰਗਲਵਾਰ ਨੂੰ ਜਨਮੇ ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਇਸ ਮਿਊਜ਼ੀਅਮ ਦਾ ਨਾਮ ਰੱਖਿਆ ਗਿਆ ਹੈ। ਬਚਪਨ 'ਚ ਹੋਈ ਚੇਚਕ ਦੀ ਨਾਮੁਰਾਦ ਬਿਮਾਰੀ ਕਾਰਨ ਉਨ੍ਹਾਂ ਦੀ ਖੱਬੀ ਅੱਖ ਦੀ ਜੋਤ ਚਲੀ ਗਈ ਪਰ ਫਿਰ ਵੀ ਉਹ ਅਜਿਹੇ ਸ਼ਕਤੀਸ਼ਾਲੀ ਰਾਜੇ ਬਣੇ ਜਿਨ੍ਹਾਂ ਤੋਂ ਪੂਰੀ ਬ੍ਰਿਟਿਸ਼ ਹਕੂਮਤ ਕੰਬਦੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਜਿੱਥੇ ਦੇਸ਼ ਦੀ ਉੱਤਰੀ-ਪੱਛਮੀ ਸੀਮਾ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਇਆ ਉੱਥੇ ਆਪਣੀ ਦਇਆ ਤੇ ਧਾਰਮਿਕ ਸਹਿਣਸ਼ੀਲਤਾ ਰਾਹੀ ਪੰਜਾਬ ਦੇ ਲੋਕਾਂ ਦਾ ਏਕੀਕਰਣ ਕਰ ਕੇ ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ। ਇਸ ਮਿਊਜ਼ੀਅਮ 'ਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਨਾਲ ਸਬੰਧਤ ਵੱਡਮੁੱਲੀ ਜਾਣਕਾਰੀ ਤੋਂ ਇਲਾਵਾ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਈਆਂ ਜੰਗਾਂ 'ਚ ਸ਼ਹੀਦ ਹੋਏ ਦੇਸ਼ਭਗਤਾਂ ਦੀਆਂ ਅਹਿਮ ਨਿਸ਼ਾਨੀਆਂ ਤੇ ਜੰਗ 'ਚ ਕੰਮ ਆਉਣ ਵਾਲੇ ਜੰਗੀ ਹਥਿਆਰਾਂ ਦੇ ਪ੍ਰਤੱਖ ਦਰਸ਼ਨ ਕੀਤੇ ਜਾ ਸਕਦੇ ਹਨ।

### ਕਿਵੇਂ ਜਾਈਏ?

ਇਹ ਮਿਊਜ਼ੀਅਮ ਲੁਧਿਆਣਾ ਤੋਂ ਜਲੰਧਰ ਜਾਣ ਵਾਲੇ ਰਸਤੇ 'ਤੇ ਸ਼ਹਿਰ ਤੋਂ ਕਰੀਬ 3 ਕਿਲੋਮੀਟਰ ਬਾਹਰਵਾਰ ਸਥਿਤ ਚਿੜਿਆਘਰ 'ਟਾਈਗਰ ਸਫਾਰੀ' ਦੇ ਬਿਲਕੁਲ ਨਜ਼ਦੀਕ ਹੈ। ਇਸ ਜੰਗੀ ਅਜਾਇਬਘਰ ਦਾ ਨੀਂਹ ਪੱਥਰ ਜਨਰਲ ਓ.ਪੀ ਮਲਹੋਤਰਾ ਨੇ 11 ਮਈ 1991 ਨੂੰ ਰੱਖਿਆ ਅਤੇ ਪੂਰੀ ਤਰ੍ਹਾਂ ਤਿਆਰ ਹੋਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 7 ਸਤੰਬਰ, 2005 ਨੂੰ ਇਸ ਦੇ ਉਦਘਾਟਨ ਤੋਂ ਬਾਅਦ ਦਰਸ਼ਕਾਂ ਲਈ ਖੋਲ੍ਹੇ ਗਏ ਇਸ ਮਿਊਜ਼ੀਅਮ 'ਚ ਤਕਰੀਬਨ ਸਾਰਾ ਹਫਤਾ ਦਰਸ਼ਕਾਂ ਦੀ ਭਾਰੀ ਆਮਦ ਰਹਿੰਦੀ ਹੈ ਤੇ ਖ਼ਾਸ ਕਰ ਕੇ ਐਤਵਾਰ ਨੂੰ ਛੁੱਟੀ ਵਾਲੇ ਦਿਨ ਦਰਸ਼ਕ ਵੱਡੀ ਗਿਣਤੀ 'ਚ ਇਸ ਨੂੰ ਵੇਖਣ ਆਉਂਦੇ ਹਨ।

### ਦਰਸ਼ਕਾਂ ਦਾ ਦਾਖ਼ਲਾ

ਦਰਸ਼ਕਾਂ ਨੂੰ ਅੰਦਰ ਜਾਣ ਲਈ 40 ਰੁਪਏ ਦੀ ਟਿਕਟ ਖ਼ਰੀਦਣੀ ਪੈਂਦੀ ਹੈ ਜੋ ਬੱਚਿਆਂ ਲਈ 20 ਰੁਪਏ ਅਤੇ ਪੰਜ ਸਾਲ ਤੋਂ ਛੋਟੇ ਬੱਚੇ ਲਈ ਬਿਲਕੁਲ ਮੁਫ਼ਤ ਹੈ। ਸਕੂਲੀ ਵਿਦਿਆਰਥੀਆਂ ਦੇ ਗਰੁੱਪਾਂ ਲਈ ਰਿਆਇਤੀ ਦਰਾਂ 'ਤੇ ਸਹੂਲਤਾਂ ਮੁਹੱਈਆ ਹਨ। ਇਸ ਅਜਾਇਬ ਘਰ ਦੇ ਅੰਦਰਲੇ ਦਰਵਾਜ਼ੇ ਸਾਹਮਣੇ ਸਥਿਤ ਪੌੜੀਆਂ ਦੇ ਬਿਲਕੁਲ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦਾ ਵੱਡੇ ਅਕਾਰ ਦਾ ਬੁੱਤ ਲੱਗਾ ਹੋਇਆ ਹੈ। ਜਿਸਦੇ ਕੋਲ ਖੜ੍ਹੇ ਹੋ ਕੇ ਦਰਸ਼ਕਾਂ ਅਕਸਰ ਫੋਟੋਆਂ ਖਿਚਵਾਉਂਦੇ ਵੇਖੇ ਜਾਂਦੇ ਹਨ। ਪੌੜੀਆਂ ਚੜ੍ਹਨ ਮਗਰੋਂ ਖੱਬੇ ਪਾਸੇ 3.7 ਹੋਜ਼ਰ ਤੋਪ ਰੱਖੀ ਹੋਈ ਹੈ। ਇਹ ਬਰਤਾਨਵੀ ਤੋਪ ਦੂਜੇ ਵਿਸ਼ਵ ਯੁੱਧ 'ਚ ਵਰਤਣ ਤੋਂ ਇਲਾਵਾ 1947-48, 62, 65 ਅਤੇ 1971 ਦੀ ਜੰਗ 'ਚ ਵਰਤੀ ਗਈ ਸੀ। ਇਸ ਦੇ ਨਾਲ ਹੀ ਖੱਬੇ ਪਾਸੇ 75 ਮਿ. ਮੀ.ਦੀ ਝਟਕਾ ਰਹਿਤ ਤੋਪ ਪਈ ਹੈ। ਲੋਹੇ ਦੀਆਂ ਬਣੀਆਂ ਤਿੰਨ ਲੱਤਾਂ ਉਪਰ ਟਿਕਾਉਣ ਮਗਰੋਂ ਇਸ ਨਾਲ ਗੋਲੀਬਾਰੀ ਕੀਤੀ ਜਾ ਸਕਦੀ ਹੈ। ਦੂਜੇ ਵਿਸ਼ਵ ਯੁੱਧ 'ਚ ਇਸਦੀ ਬਾਖ਼ੂਬੀ ਵਰਤੋਂ ਕੀਤੀ ਗਈ ਸੀ। ਸੱਜੇ ਪਾਸੇ 76 ਮਿ.ਮੀ.ਦੀ 705 ਕਿ.ਗ੍ਰਾਮ ਦੀ ਪਹਾੜੀ ਤੋਪ ਰੱਖੀ ਗਈ ਹੈ ਜੋ ਯੂਗੋਸਲਾਵੀਆ ਦੀ ਬਣੀ ਹੋਈ ਹੈ। ਇਹ ਪ੍ਰਤੀ ਮਿੰਟ 3 ਗੋਲੇ ਦਾਗ ਸਕਦੀ ਹੈ ਤੇ ਇਸ ਦੀ ਮਾਰਕ ਸਮਰਥਾ 8.750 ਕਿਲੋ. ਮੀ. ਤਕ ਹੈ।

### ਗੈਲਰੀਆਂ 'ਚ ਰੱਖਿਆ ਜੰਗੀ ਸਾਜੋ ਸਾਮਾਨ

ਇਸ ਜੰਗੀ ਅਜਾਇਬਘਰ ਅੰਦਰ 12 ਵੱਖ-ਵੱਖ ਗੈਲਰੀਆਂ ਬਣਾਈਆਂ ਗਈਆਂ ਹਨ। ਜਿਨ੍ਹਾਂ ਵਿੱਚੋਂ ਅਜੇ ਸਿਰਫ਼ 2 ਹੀ ਪੂਰੀਆਂ ਬਣਾਈਆਂ ਗਈਆਂ ਹਨ ਤੇ ਬਾਕੀਆਂ ਦੀ ਤਿਆਰੀ ਚੱਲ ਰਹੀ ਹੈ। ਪਹਿਲੀ ਗੈਲਰੀ ਅੰਦਰ ਵੜਦਿਆਂ ਦਰਸ਼ਕਾਂ ਨੂੰ 17ਵੀ ਸਦੀ ਦੇ ਪੁਰਾਣੇ ਹਥਿਆਰਾਂ 'ਚ ਮੈਚ ਲੌਕ ਗੰਨ, ਕਿਰਚਾਂ, ਤਲਵਾਰਾਂ, ਖੁਖਰੀਆਂ ਅਤੇ ਫਲਾਈਟ ਲੌਕ ਗੰਨਾਂ ਵੇਖਣ ਨੂੰ ਮਿਲਦੀਆਂ ਹਨ। ਬਿਲਕੁਲ ਅਸਲੀ ਹਥਿਆਰਾਂ ਨੂੰ ਦੀਵਾਰ 'ਚ ਬਣੇ ਸ਼ੋਅ ਕੇਸ ਅੰਦਰ ਇਸ ਤਰ੍ਹਾਂ ਫਿੱਟ ਕੀਤਾ ਗਿਆ ਹੈ ਕਿ ਦਰਸ਼ਕ ਇਨ੍ਹਾਂ ਨੂੰ ਹੱਥਾਂ ਨਾਲ ਛੂਹ ਤਾਂ ਸਕਦਾ ਹੈ ਪਰ ਕੋਈ ਛੇੜਖਾਨੀ ਨਹੀਂ ਕੀਤੀ ਜਾ ਸਕਦੀ।

ਇਸ ਤੋਂ ਬਾਅਦ ਸ਼ੁਰੂ ਹੁੰਦੀ ਗੈਲਰੀ 'ਚ ਜੰਗੀ ਯੋਧਿਆਂ ਨੂੰ ਮਾਣ-ਸਨਮਾਨ ਦੇ ਤੌਰ 'ਤੇ ਮਿਲਣ ਵਾਲੇ ਅਸ਼ੋਕ ਚੱਕਰ, ਸ਼ੂਰੀਆ ਚੱਕਰ, ਕੀਰਤੀ ਚੱਕਰ, ਵੀਰ ਚੱਕਰ, ਮਹਾਂਵੀਰ ਚੱਕਰ ਅਤੇ ਪਰਮਵੀਰ ਚੱਕਰ ਤੋਂ ਇਲਾਵਾ ਵਸ਼ਿਸ਼ਟ ਸੇਵਾ ਮੈਡਲ, ਅਤੀ ਵਿਸ਼ਿਸ਼ਟ ਸੇਵਾ ਮੈਡਲ ਅਤੇ ਪਰਮ ਵਿਸ਼ਿਸ਼ਟ ਸੇਵਾ ਮੈਡਲ ਵੀ ਅਸਲੀ ਰੂਪ 'ਚ ਸ਼ੀਸ਼ੇ ਦੇ ਬਣੇ ਹੋਏ ਬੰਦ ਕੀਤੇ ਸ਼ੋਅਕੇਸਾਂ 'ਚ ਦਰਸ਼ਕਾਂ ਦੇ ਵੇਖਣ ਲਈ ਰੱਖੇ ਗਏ ਹਨ। ਸ਼ੀਸ਼ੇ ਅੰਦਰ ਬੰਦ ਕੀਤੇ ਇਨ੍ਹਾਂ ਸਨਮਾਨ ਚਿੰਨ੍ਹਾਂ ਦੀ ਸਿਰਫ਼ ਝਲਕ ਹੀ ਵੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਦੇਸ਼ ਦੀਆਂ ਤਿੰਨੋਂ ਫ਼ੌਜਾਂ ਦੇ ਵੱਖ-ਵੱਖ ਰੈਂਕਾਂ ਨੂੰ ਦਰਸਾਉਂਦੇ ਬੈਜ ਅਤੇ ਪੁਰਾਣੀਆਂ ਵਰਦੀਆਂ ਵੀ ਸ਼ੋਅ ਕੇਸਾਂ 'ਚ ਸੰਭਾਲਕੇ ਰੱਖੀਆਂ ਗਈਆਂ ਹਨ।

### ਜੰਗੀ ਯੋਧਿਆਂ ਦੀਆਂ ਤਸਵੀਰਾਂ

ਗੈਲਰੀ 'ਚ 1971 ਦੀ ਜੰਗ ਅਤੇ 1987 ਤੋਂ 1989 ਤਕ ਚੱਲੇ ਅਪਰੇਸ਼ਨ ਪਵਨ 'ਚ ਦੇਸ਼ ਤੋਂ ਆਪਾ ਵਾਰਨ ਵਾਲੇ ਸ਼ਹੀਦ ਸੈਕੰਡ ਲੈਫਟੀਨੈਂਟ ਰਾਜੀਵ ਸੰਧੂ, ਅਸਿਸਟੈਂਟ ਕਮਾਂਡਰ ਰਾਮ ਕ੍ਰਿਸ਼ਨ ਵਧਵਾ, ਲਾਂਸ ਨਾਇਕ ਸ਼ਿੰਗਾਰਾ ਸਿੰਘ, ਵਾਈਸ ਐਡਮਿਰਲ ਸਵਰਾਜ ਪ੍ਰਕਾਸ਼, ਲੈਫਟੀਨੈਂਟ ਜਨਰਲ ਰਾਜ ਮੋਹਨ ਵੋਹਰਾ, ਕਮਾਂਡਰ ਹਰਚਰਨ ਸਿੰਘ ਮਾਂਗਟ, ਸੂਬੇਦਾਰ ਮਲਕੀਤ ਸਿੰਘ, ਬ੍ਰਿਗੇਡੀਅਰ ਅਮਰਜੀਤ ਸਿੰਘ, ਸੂਬੇਦਾਰ ਮਹਿੰਦਰ ਸਿੰਘ, ਬ੍ਰਿਗੇਡੀਅਰ ਮਹਿੰਦਰ ਲਾਲ, ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ, ਮੇਜਰ ਹਰਭਜਨ ਸਿੰਘ, ਲੈਫ. ਜਨ.ਰਜਿੰਦਰ ਸਿੰਘ ਸਪੈਰੋ, ਬ੍ਰਿਗੇਡੀਅਰ ਐਨ. ਐਸ ਸੰਧੂ, ਨਾਇਕ ਦਰਸ਼ਨ ਸਿੰਘ, ਬ੍ਰਿਗੇਡੀਅਰ ਸੰਤ ਸਿੰਘ, ਏਅਰ ਮਾਰਸ਼ਲ ਪ੍ਰੇਮ ਪਾਲ ਸਿੰਘ, ਲੈਫ. ਜਨ. ਖੇਮਕਰਨ ਸਿੰਘ, ਮੇਜਰ ਬਲਜੀਤ ਸਿੰਘ ਰੰਧਾਵਾ, ਲੈਫ. ਕਰਨਲ ਸਰਦੂਲ ਸਿੰਘ ਰੰਧਾਵਾ, ਸਿਪਾਹੀ ਕੇਵਲ ਸਿੰਘ, ਕਰਨਲ ਅਜੀਤ ਸਿੰਘ, ਲੈਫ. ਕਰਨਲ ਭਗਵਾਨ ਦੱਤ ਡੋਗਰਾ, ਲੈਫ. ਕਰਨਲ ਗੁਰਦਿਆਲ ਸਿੰਘ, ਲਾਇਕ ਚੈਨ ਸਿੰਘ, ਏਅਰ ਕੋਮੋ.ਮੇਹਰ ਸਿੰਘ, ਲੈਫ.ਕਰ.ਖੁਸ਼ਹਾਲ ਚੰਦ, ਲੈਫ.ਕਰ.ਹਰੀ ਚੰਦ, ਸੂਬੇਦਾਰ ਲਾਲ ਸਿੰਘ, ਬ੍ਰਿਗੇਡੀਅਰ ਸ਼ੇਰ ਜੰਗ ਥਾਪਰ, ਜਮਾਂਦਾਰ ਸੰਪੂਰਨ ਸਿੰਘ, ਬ੍ਰਿਗੇਡੀਅਰ ਸੰਪੂਰਨ ਸਿੰਘ, ਹਵ.ਪ੍ਰੀਤਮ ਸਿੰਘ, ਨਾਇਕ ਅਮਰ ਸਿੰਘ, ਨਾਇਕ ਸ਼ੀਸ਼ਪਾਲ ਸਿੰਘ, ਸੂਬੇ.ਗੁਰਦਿਆਲ ਸਿੰਘ, ਕੈਪਟਨ ਫਤਿਹ ਸਿੰਘ, ਮੇਜਰ ਮਲਕੀਤ ਸਿੰਘ ਬਰਾੜ ਅਤੇ ਲੈਫ.ਕਰ.ਠਾਕੁਰ ਪ੍ਰਿਥਵੀ ਚੰਦ ਦੀਆਂ ਤਸਵੀਰਾਂ ਸੁਸ਼ੋਭਿਤ ਹਨ।

ਇਨ੍ਹਾਂ ਤੋਂ ਇਲਾਵਾ 1965 ਤੇ 1971 ਦੇ ਹਿੰਦ-ਪਾਕਿ ਯੁੱਧ, 1962 ਦੀ ਚੀਨੀ ਜੰਗ ਅਤੇ ਕਸ਼ਮੀਰ ਅਪਰੇਸ਼ਨ 'ਚ ਸ਼ਹੀਦ ਹੋਣ ਵਾਲੇ ਮਹਾਨ ਯੋਧਿਆਂ ਦੀਆਂ ਤਸਵੀਰਾਂ ਵੀ ਸਜਾਈਆਂ ਗਈਆਂ ਹਨ।

### ਕਾਰਗਿਲ ਗੈਲਰੀ 'ਚ ਹਥਿਆਰਾਂ ਦੇ ਮਾਡਲ

ਕਾਰਗਿਲ ਗੈਲਰੀ 'ਚ ਉਸ ਵੇਲੇ ਹੋਈ ਜੰਗ ਨੂੰ ਦਰਸਾਉਂਦੇ ਮਾਡਲ ਤੇ ਇਸ ਜੰਗ 'ਚ ਵਰਤੇ ਗਏ ਹਰ ਤਰ੍ਹਾਂ ਦੇ ਹਥਿਆਰਾਂ ਦਰਸ਼ਕਾਂ ਲਈ ਸ਼ੋਅ ਕੇਸਾਂ 'ਚ ਸਜਾਕੇ ਰੱਖੇ ਗਏ ਹਨ। ਕਾਰਗਿਲ ਜੰਗ 'ਚ ਭਾਰਤੀ ਫੌਜ ਵੱਲੋਂ ਚਲਾਏ ਗਏ ਆਪਰੇਸ਼ਨ ਵਿਜੇ ਦਾ ਨਕਸ਼ਾ ਵੀ ਬਣਾਇਆ ਹੋਇਆ ਹੈ ਜੋ ਫੌਜ ਵੱਲੋਂ ਵਰਤੇ ਗਏ ਕਾਰਜਸ਼ੀਲ ਖੇਤਰ ਨੂੰ ਦਰਸਾਉਂਦਾ ਹੈ। ਦੁਸ਼ਮਣ ਫੌਜ ਵੱਲੋਂ ਭਾਰਤੀ ਖੇਤਰ ਲੇਹ ਅਤੇ ਸਿਆਚਿਨ ਤੇ ਸੈਕਟਰ ਬਟਾਲਿਕ, ਕਾਕਸਰ, ਮਸ਼ਕੋਹ ਅਤੇ ਦਰਾਸ ਸੈਕਟਰ ਦੇ ਵੀ ਮਾਡਲ ਬਾਖ਼ੂਬੀ ਬਣਾਏ ਗਏ ਹਨ। ਇਸ ਗੈਲਰੀ ਅੰਦਰ ਕਾਰਗਿਲ ਜੰਗ 'ਚ ਸ਼ਹੀਦ ਹੋ ਕੇ ਵੀਰ ਚੱਕਰ ਅਤੇ ਮਹਾਂਵੀਰ ਚੱਕਰ ਹਾਸਿਲ ਕਰਨ ਵਾਲੇ ਜੰਗੀ ਯੋਧਿਆਂ ਦੀਆਂ ਤਸਵੀਰਾਂ ਸੁਸ਼ੋਭਿਤ ਹਨ।

> ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬਘਰ ਆਪਣੇ ਆਪ 'ਚ ਇਕ ਅਜਿਹਾ ਅਜੂਬਾ ਹੈ, ਜਿਸ ਨੂੰ ਦਰਸ਼ਕ ਵਾਰ-ਵਾਰ ਵੇਖਣਾ ਲੋਚਣਗੇ। ਸਕੂਲੀ ਵਿਦਿਆਰਥੀਆਂ ਦੇ ਟੂਰ ਲਈ ਇਹ ਗਿਆਨ 'ਚ ਚੋਖਾ ਵਾਧਾ ਕਰਨ ਵਾਲੀ ਯਾਦਗਾਰ ਹੈ...

### ਇਤਿਹਾਸਕ ਗੈਲਰੀ

ਕਾਰਗਿਲ ਗੈਲਰੀ ਤੋਂ ਬਾਅਦ ਇਤਿਹਾਸਕ ਗੈਲਰੀ ਦੇ ਕਮਰੇ 'ਚ ਸਾਰਾਗੜ੍ਹੀ ਦੀ ਲੜਾਈ, ਪਾਨੀਪਤ ਦੀਆਂ ਲੜਾਈਆਂ, ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਤੋਂ ਇਲਾਵਾ ਸਿਕੰਦਰ ਤੇ ਪੋਰਸ ਦੇ ਯੁੱਧ ਦਾ ਕੰਧਾਂ 'ਤੇ ਉਕਰਿਆ ਇਤਿਹਾਸ ਵੀ ਦਰਸ਼ਕਾਂ ਦੇ ਗਿਆਨ 'ਚ ਅਥਾਹ ਵਾਧਾ ਕਰਦਾ ਹੈ। ਇਸ ਗੈਲਰੀ 'ਚ ਕਈ ਥਾਵਾਂ 'ਤੇ 19 ਵੀ ਸਦੀ ਦੇ ਬ੍ਰਿਟਿਸ਼ ਅਖ਼ਬਾਰਾਂ 'ਦਿ ਇਲੂਸਟਰੇਟਿਡ ਲੰਡਨ ਨਿਊਜ਼' ਅਖ਼ਬਾਰ ਤੋਂ ਇਲਾਵਾ ਹੋਰ ਅਖ਼ਬਾਰਾਂ 'ਚ ਛਪੀਆਂ ਜੰਗ ਦੀਆਂ ਖ਼ਬਰਾਂ ਨੂੰ ਦਰਸਾਉਂਦੀਆਂ ਕਟਿੰਗਾਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ।

### ਮੈਦਾਨ 'ਚ ਰੱਖੇ ਅਸਲ ਟੈਂਕ ਤੇ ਹਵਾਈ ਜਹਾਜ਼

ਗੈਲਰੀਆਂ ਵੇਖਣ ਤੋਂ ਬਾਅਦ ਜਦੋਂ ਦਰਸ਼ਕ ਅਜਾਇਬਘਰ ਦੇ ਬਾਹਰ ਵੱਲ ਨੂੰ ਮੈਦਾਨ 'ਚ ਆਉਂਦੇ ਹਨ ਤਾਂ ਤਕਰੀਬਨ 4 ਏਕੜ 'ਚ ਫੈਲੇ ਇਸ ਮੈਦਾਨ 'ਚ ਉਨ੍ਹਾਂ ਨੂੰ ਭਾਰਤੀ ਫ਼ੌਜ ਵੱਲੋਂ ਜੰਗ 'ਚ ਵਰਤੀ ਗਈ 25 ਪੌਂਡ ਗੰਨ, ਬਖ਼ਤਰਬੰਦ ਫ਼ੌਜੀ ਵਾਹਕ ਬੀ.ਟੀ.ਆਰ.60, ਟੈਂਕ ਸੈਂਚੂਰੀਅਨ ਮਾਰਕ 7, ਬਖ਼ਤਰਬੰਦ ਫ਼ੌਜੀ ਵਾਹਕ ਓ.ਟੀ.62, 40 ਮਿ.ਮੀ.ਹਵਾਸਾਰ ਤੋਪ ਤੋਂ ਇਲਾਵਾ ਕਾਰਗਿੱਲ ਦੇ ਪ੍ਰਕਾਰਮ ਉਪਰੇਸ਼ਨਜ਼ ਵਿਚ ਭਾਗ ਲੈਣ ਵਾਲੇ ਅਤੇ ਬਹਾਦਰ ਦੇ ਨਾਂ ਨਾਲ ਜਾਣੇ ਜਾਂਦੇ ਇਕ ਇੰਜਣ ਵਾਲੇ ਰੂਸੀ ਲੜਾਕੂ ਜਹਾਜ਼ 'ਮਿਗ 27' ਜੋ 6 ਟਨ ਪਰਮਾਣੂ ਬੰਬਾਂ ਦਾ ਭਾਰ ਲਿਜਾਣ ਦੇ ਸਮਰਥ ਸੀ ਅਤੇ ਜਿਸ ਨੂੰ 1980 'ਚ ਭਾਰਤੀ ਫ਼ੌਜ 'ਚ ਸ਼ਾਮਲ ਕੀਤਾ ਗਿਆ ਸੀ, ਨੂੰ ਵੀ ਦਰਸ਼ਕ ਬਾਖ਼ੂਬੀ ਤੌਰ 'ਤੇ ਵੇਖ ਸਕਦੇ ਹਨ।

ਇਸ ਤੋਂ ਇਲਾਵਾ 29 ਫੁੱਟ ਲੰਬਾ ਇਕ ਇੰਜਣ ਵਾਲਾ ਸੁਖੋਈ ਐਸ. ਯੂ 7 ਜਿਸ ਵਿਚ ਦੋ ਤੋਪਾਂ ਅਤੇ ਇਕ ਰਾਕਟ 1000 ਕਿਲੋ ਗ੍ਰਾਮ ਭਾਰ ਚੁੱਕਣ ਦੀ ਸਮਰਥਾ ਹੈ, ਨੂੰ ਵੀ ਦਰਸ਼ਕ ਵੇਖ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਜੇਤੂ ਟੈਂਕ ਵਿਜੇਤਾ, ਕਾਰ ਆਰਮਡ ਅਤੇ ਜੰਗੀ ਟੈਂਕ ਟੀ 54 ਵੀ ਦਰਸ਼ਕਾਂ ਲਈ ਰੱਖੇ ਗਏ ਹਨ। ਕੁਲ ਮਿਲਾਕੇ ਇਹ ਜੰਗੀ ਅਜਾਇਬਘਰ ਆਪਣੇ ਆਪ 'ਚ ਇਕ ਅਜਿਹਾ ਅਜੂਬਾ ਹੈ, ਜਿਸ ਨੂੰ ਇਕ ਵਾਰੀ ਵੇਖਣ ਤੋਂ ਬਾਅਦ ਵੀ ਦਰਸ਼ਕ ਵਾਰ-ਵਾਰ ਵੇਖਣਾ ਲੋਚਣਗੇ। ਖ਼ਾਸ ਤੌਰ 'ਤੇ ਸਕੂਲੀ ਵਿਦਿਆਰਥੀਆਂ ਦੇ ਟੂਰ ਲਈ ਇਹ ਗਿਆਨ 'ਚ ਚੋਖਾ ਵਾਧਾ ਕਰਨ ਵਾਲੀ ਇਤਿਹਾਸਕ ਯਾਦਗਾਰ ਹੈ। ਜਿਸ ਨੂੰ ਵੇਖਣ ਦਾ ਮੌਕਾ ਕਦੇ ਨਹੀਂ ਖੁੰਝਾਉਣਾ ਚਾਹੀਦਾ। •















## ਪਟਿਆਲਾ ਸੰਗੀਤ ਘਰਾਣੇ ਉੱਤੇ ਹੈ ਲਾਹੌਰ ਅਤੇ ਹੋਰ ਰਿਆਸਤਾਂ ਦਾ ਅਸਰ

# ਸੰਗੀਤ ਅਤੇ ਭਾਸ਼ਾ ਜਿਹੇ ਵਿਸ਼ਿਆਂ ਉੱਤੇ ਹੱਦਾਂ ਸਰਹੱਦਾਂ ਤੋਂ ਪਾਰ ਜਾ ਕੇ ਖੋਜ ਕੀਤੇ ਜਾਣ ਦੀ ਬਹੁਤ ਜ਼ਿਆਦਾ ਲੋੜ -ਪ੍ਰੋ. ਅਰਵਿੰਦ

**ਪਟਿਆਲਾ, 9 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਸੰਗੀਤ ਅਤੇ ਭਾਸ਼ਾ ਜਿਹੇ ਵਿਸ਼ਿਆਂ ਉੱਤੇ ਹੱਦਾਂ ਸਰਹੱਦਾਂ ਤੋਂ ਪਾਰ ਜਾ ਕੇ ਖੋਜ ਕੀਤੇ ਜਾਣ ਦੀ ਬਹੁਤ ਜਿਆਦਾ ਲੋੜ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ।

ਅੱਜ ਪੰਜਾਬੀ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ (ਈ.ਐੱਮ.ਆਰ.ਸੀ.) ਵੱਲੋਂ ਯੂਨੀਵਰਸਿਟੀ ਦੇ ਕੁੱਝ ਵਿਭਾਗਾਂ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਪ੍ਰੋ. ਅਰਵਿੰਦ ਨੇ ਕਿਹਾ ਗਿਆ ਕਿ ਵੰਡ ਦਾ ਜ਼ਖ਼ਮ ਏਨਾ ਗਹਿਰਾ ਹੈ ਕਿ ਇਸ ਦੇ ਹਵਾਲੇ ਨਾਲ ਕੀਤੀ ਜਾਣ ਵਾਲੀ ਹਰੇਕ ਗੱਲ ਆਪਣੀ ਵਿਸ਼ੇਸ਼ ਅਹਿਮੀਅਤ ਰੱਖਦੀ ਹੈ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਵਿਭਾਗਾਂ ਦੀ ਸ਼ਮੂਲੀਅਤ ਦੀ ਪ੍ਰਸ਼ੰਸ਼ਾ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹਾ ਕੀਤੇ ਜਾਣ ਨਾਲ਼ ਕਿਸੇ ਵੀ ਵਿਸ਼ੇ ਉੱਤੇ ਗੱਲ ਕਰਨ ਦਾ ਦਾਇਰਾ ਹੋਰ ਵਸੀਹ ਹੁੰਦਾ ਹੈ ਅਤੇ ਵੱਖ ਵੱਖ ਕੋਣਾਂ ਤੋਂ ਚਰਚਾ ਕੀਤੇ ਜਾਣਾ ਸੰਭਵ ਹੋ ਸਕਦਾ ਹੈ। ਇਸ ਲਈ ਇਸ ਅਮਲ ਨੂੰ ਯੂਨੀਵਰਸਟੀ ਵਰਗੇ ਅਦਾਰੇ ਵਿੱਚ ਵੱਧ ਤੋਂ ਵੱਧ ਅਪਣਾਇਆ ਜਾਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਯੂਕੇ ਦੀ ਦਰਹੈਮ ਯੂਨੀਵਰਸਿਟੀ ਤੋਂ ਅਧਿਆਪਕਾ ਰਾਧਾ ਕਪੂਰੀਆ ਨੇ ਇਸ ਪ੍ਰੋਗਰਾਮ ਵਿੱਚ ਦੱਖਣੀ ਏਸ਼ੀਆਈ ਇਤਿਹਾਸ ਵਿਸ਼ੇ ਦੀ ਪਟਿਆਲਾ ਰਿਆਸਤ ਦੀ ਸਰਪ੍ਰਸਤੀ ਦੇ ਹਵਾਲੇ ਨਾਲ਼ ਸੰਗੀਤਕਾਰਾਂ ਦੇ ਇਤਿਹਾਸ ਬਾਰੇ ਗੱਲ ਕੀਤੀ। ਉਨ੍ਹਾਂ ਨੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਕਿਹਾ ਕਿ ਪਟਿਆਲਾ ਸੰਗੀਤ ਘਰਾਣੇ ਉੱਤੇ ਲਾਹੌਰ ਅਤੇ ਪਟਿਆਲਾ ਦੇ ਆਸ ਪਾਸ ਦੀਆਂ ਹੋਰ ਰਿਆਸਤਾਂ ਦੇ ਸੰਗੀਤ ਦਾ ਅਸਰ ਹੈ। ਇਨ੍ਹਾਂ ਵੱਖ-ਵੱਖ ਥਾਵਾਂ ਦੇ ਸੰਗੀਤਕ ਯੋਗਦਾਨ ਨੇ ਪਟਿਆਲਾ ਘਰਾਣੇ ਦੇ ਸੰਗੀਤ ਦੇ ਬਣਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਰਾਧਾ



ਕਪੂਰੀਆ ਨੇ ਦੱਸਿਆ ਕਿ ਕਿਸ ਤਰ੍ਹਾਂ ਕਲਾਸੀਕਲ ਸੰਗੀਤ ਪੱਖੋਂ ਪੰਜਾਬ ਕੋਲ ਇੱਕ ਅਮੀਰ ਵਿਰਸਾ ਹੈ। ਉਨ੍ਹਾਂ ਵੱਖ-ਵੱਖ ਇਤਿਹਾਸਿਕ ਦਸਤਾਵੇਜ਼ਾਂ ਦੇ ਹਵਾਲੇ ਦੇ ਕੇ ਦੱਸਿਆ ਕਿ ਕਿਸ ਤਰ੍ਹਾਂ ਪਟਿਆਲਾ ਰਿਆਸਤ ਵਿੱਚ ਕਲਾਸੀਕਲ ਸੰਗੀਤ ਨੂੰ ਪਹਿਲਾਂ ਸਰਪ੍ਰਸਤੀ ਹਾਸਿਲ ਰਹੀ ਅਤੇ ਬਾਅਦ ਵਿੱਚ ਹੌਲੀ ਹੌਲੀ ਇਸ ਖੇਤਰ ਦੇ ਸੰਗੀਤਕਾਰਾਂ ਨੂੰ ਹਾਸਿਲ ਸਰਪ੍ਰਸਤੀ ਉਨ੍ਹਾਂ ਕੋਲੋਂ ਖੁੱਸ ਗਈ। ਪਟਿਆਲਾ ਰਿਆਸਤ ਵਿੱਚ ਭਰਤੀ ਹੋਏ ਸੰਗੀਤਕਾਰਾਂ ਅਤੇ ਬਾਅਦ ਵਿੱਚ ਉਨ੍ਹਾਂ ਦੀਆਂ ਘਟਦੀਆਂ ਤਨਖਾਹਾਂ ਆਦਿ ਸੰਬੰਧੀ ਇਤਿਹਾਸਕ ਸਬੂਤ ਉਪਲਬਧ ਹਨ। 1947 ਵਿੱਚ ਬਣੀ 'ਪਟਿਆਲਾ ਸੰਗੀਤ ਸਭਾ' ਦੀ ਮਿਸਾਲ ਦੇ ਕੇ ਉਨ੍ਹਾਂ ਦੱਸਿਆ ਕਿ ਰਾਜਾਸ਼ਾਹੀ ਤੋਂ ਇਲਾਵਾ ਮੱਧਵਰਗੀ ਸਮਾਜਿਕ ਜਮਾਤ ਵੱਲੋਂ ਵੀ ਇਸ ਸੰਗੀਤ ਨੂੰ ਸਰਪ੍ਰਸਤੀ ਪ੍ਰਦਾਨ ਕੀਤੀ ਗਈ। ਉਨ੍ਹਾਂ ਪਟਿਆਲਾ ਅਤੇ ਲਾਹੌਰ ਦੇ ਦਰਮਿਆਨ ਸੰਗੀਤਕ ਸਾਂਝਾਂ ਬਾਰੇ ਵੀ ਗੱਲ ਕੀਤੀ।

ਈ.ਐੱਮ.ਆਰ.ਸੀ. ਦੇ ਡਾਇਰੈਕਟਰ ਦਲਜੀਤ ਅਮੀ ਨੇ ਵਿਸ਼ੇ ਦੀ ਜਾਣ-ਪਹਿਚਾਣ ਕਰਵਾਉਂਦਿਆਂ ਕਿ ਪੰਜਾਬ ਦੀ ਸ਼ਨਾਖ਼ਤ ਸਿਰਫ਼ ਪੌਪ ਸੰਗੀਤ ਦੇ ਹਵਾਲੇ ਨਾਲ਼ ਹੀ ਨਹੀਂ ਕੀਤੀ ਜਾਣੀ ਚਾਹੀਦੀ ਬਲਕਿ ਸਾਨੂੰ ਇੱਥੋਂ ਦੇ ਸ਼ਾਸਤਰੀ ਸੰਗੀਤ ਉੱਪਰ ਵੀ ਮਾਣ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੰਤਰ-ਅਨੁਸ਼ਾਸਨੀ ਪਹੁੰਚ ਅਪਣਾਉਂਦਿਆਂ ਵੱਖ-ਵੱਖ ਵਿਭਾਗਾਂ ਅਤੇ ਵੱਖ-ਵੱਖ ਵਿਸਿ ?ਆਂ ਦੀ ਸ਼ਮੂਲੀਅਤ ਨਾਲ਼ ਸਿਹਤਮੰਦ ਸੰਵਾਦ ਰਚਾਉਣਾ ਈ.ਐੱਮ.ਆਰ.ਸੀ. ਵੱਲੋਂ ਤਰਜੀਹੀ ਅਧਾਰ ਉੱਤੇ ਲਿਆ ਜਾਂਦਾ ਹੈ। ਇਹ ਪ੍ਰੋਗਰਾਮ ਵੀ ਇਸੇ ਪਹੁੰਚ ਦਾ ਇੱਕ ਨਤੀਜਾ ਹੈ।

ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਐਂਪਾਵਰਮੈਂਟ ਆਫ਼ ਪਰਸਨਜ਼ ਵਿਦ ਡਿਸੇਬਿਲਿਟੀਜ਼, ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ, ਸੰਗੀਤ ਵਿਭਾਗ, ਸਮਾਜ ਵਿਗਿਆਨ ਅਤੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ਼ ਕਰਵਾਇਆ ਗਿਆ।

ਸੰਕੇਤ ਭਾਸ਼ਾ ਮਾਹਿਰ ਰਵਿੰਦਰ ਕੌਰ ਵੱਲੋਂ ਇਸ ਪ੍ਰੋਗਰਾਮ ਦਾ ਇਸ਼ਾਰਿਆਂ ਦੀ ਭਾਸ਼ਾ ਵਿੱਚ ਅਨੁਵਾਦ ਕਰਦਿਆਂ ਵਿਸ਼ੇਸ਼ ਲੋੜਾਂ ਵਾਲ਼ੇ ਜੀਆਂ ਲਈ ਸੰਚਾਰ ਨੂੰ ਸੰਭਵ ਬਣਾਇਆ।

## ਜ਼ਿਲ੍ਹੇ ਵਿੱਚ ਫੌਜੀ ਰੰਗ ਦੀਆਂ ਵਰਦੀਆਂ, ਬੈਚ, ਟੋਪੀ, ਬੈਲਟਾਂ ਆਦਿ ਦੀ ਖਰੀਦ ਵੇਚ 'ਤੇ ਪਾਬੰਦੀ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਆਮ ਜਨਤਾ ਦੇ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਵਰਦੀਆਂ, ਆਰਮੀ ਬੈਚ, ਟੋਪੀ, ਬੈਲਟਾਂ ਅਤੇ ਆਰਮੀ ਚਿੰਨ ਆਦਿ ਖਰੀਦ, ਵੇਚ ਅਤੇ ਵਰਤੋਂ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ।

ਜਾਰੀ ਕੀਤੇ ਇਹਨਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇਸ਼ ਦੀ ਮਿਲਟਰੀ ਵੱਲੋਂ ਖਾਸ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਵਰਦੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਵਰਦੀਆਂ, ਆਰਮੀ ਬੈਚ, ਟੋਪੀ, ਬੈਲਟਾਂ ਅਤੇ ਆਰਮੀ ਚਿੰਨ ਆਦਿ ਖੁੱਲ੍ਹੇ ਤੌਰ 'ਤੇ ਹੀ ਦੁਕਾਨਾਂ 'ਤੇ ਉਪਲੱਬਧ ਹਨ। ਜਿਸ ਕਾਰਨ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਹਨਾਂ ਦਾ ਗਲਤ ਇਸਤੇਮਾਲ ਕਰਕੇ ਦੇਸ਼ ਅੰਦਰ ਅਮਨ ਅਤੇ ਸ਼ਾਂਤੀ ਵਿੱਚ ਖੱਲਲ ਪੈਦਾ ਕਰਕੇ, ਮਾਨਵ ਜੀਵਨ ਹੋਂਦ ਨੂੰ ਖਤਰਾ ਪੈਦਾ ਕੀਤਾ ਜਾਦਾ ਹੈ। ਇਸ ਲਈ ਵੱਖਰੇਪਨ ਨੂੰ ਯਕੀਨੀ ਬਣਾਉਣ ਲਈ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਵਰਦੀਆਂ, ਆਰਮੀ ਬੈਚ, ਟੋਪੀ, ਬੈਲਟਾਂ ਅਤੇ ਆਰਮੀ ਚਿੰਨ ਆਦਿ ਦੀ ਆਮ ਜਨਤਾ ਵੱਲੋਂ ਵਰਤੋਂ ਕਰਨ ਅਤੇ ਵੇਚਣ 'ਤੇ ਰੋਕ ਲਗਾਉਣੀ ਜ਼ਰੂਰੀ ਹੈ। ਜ਼ਿਲ੍ਹੇ ਵਿੱਚ ਇਹ ਹੁਕਮ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

## ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਕਿਰਪਾਲ ਸਿੰਘ ਪੰਨੂੰ ਨਾਲ ਰੂ-ਬ-ਰੂ ਸਮਾਗਮ ਕਰਵਾਇਆ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਪੰਜਾਬੀ ਕੰਪਿਊਟਰ ਖੇਤਰ ਨਾਲ ਸੰਬੰਧਤ ਨਾਮਵਰ ਹਸਤੀ ਕਿਰਪਾਲ ਸਿੰਘ ਪੰਨੂੰ ਨਾਲ ਰੂ-ਬ-ਰੂ ਸਮਾਗਮ ਕਰਵਇਆ ਗਿਆ। ਇਸ ਮੌਕੇ ਉਨ੍ਹਾਂ ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਦੀ ਵਰਤੋਂ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਪੰਜਾਬੀ ਫੌਂਟਾਂ ਬਾਰੇ ਜਾਣਕਾਰੀ ਦਿੰਦਿਆਂ ਯੂਨੀਕੋਡ ਦੀ ਮਹੱਤਤਾ ਦੱਸੀ। ਉਨ੍ਹਾਂ ਕੰਪਿਊਟਰ ਟਾਇਪ ਦੌਰਾਨ ਮਾਈਕਰੋ ਬਣਾਉਣ ਦੀ ਤਕਨੀਕ ਬਾਰੇ ਵੀ ਗੱਲ ਕੀਤੀ। ਉਨ੍ਹਾਂ ਇਸ ਮੌਕੇ ਕੰਪਿਊਟਰ ਦੀ ਵਰਤੋਂ ਦੌਰਾਨ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਵੀ ਦੱਸੇ। ਇਸ ਮੌਕੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ.ਰਾਜਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਪੰਜਾਬੀ ਪੀਡੀਆ ਬਾਰੇ ਜਾਣਕਾਰੀ ਦਿੰਦਿਆਂ ਪੰਜਾਬੀ ਵਿੱਚ ਕੰਪਿਊਟਰ ਖੇਤਰ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਜਾਗਰੂਕ ਕੀਤਾ।

ਇਸ ਸਮਾਗਮ ਵਿੱਚ ਤਕਰੀਬਨ 150 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਭਾਗ ਮੁਖੀ ਡਾ.ਪਰਮੀਤ ਕੌਰ ਨੇ ਸਮਾਗਮ ਵਿੱਚ ਪਹੁੰਚੇ ਕਿਰਪਾਲ ਸਿੰਘ ਪੰਨੂੰ ਦਾ ਧੰਨਵਾਦ ਕਰਦਿਆਂ ਖੋਜ ਦੇ ਖੇਤਰ ਵਿੱਚ ਕੰਪਿਊਟਰ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਇਸ ਨਾਲ਼ ਜੁੜ ਕੇ ਮਿਆਰੀ ਖੋਜ-ਕਾਰਜ ਕਰਨ ਲਈ ਪ੍ਰੇਰਿਤ ਕੀਤਾ।

ਇਸ ਸਮਾਗਮ ਦੇ ਕੋਆਰਡੀਨੇਟਰ ਡਾ.ਜਸਵੀਰ ਕੌਰ ਨੇ ਸਮਾਗਮ ਦਾ ਬਾਖ਼ੂਬੀ ਸੰਚਾਲਨ ਕੀਤਾ। ਇਸ ਮੌਕੇ ਡਾ.ਰਾਜਿੰਦਰ ਲਹਿਰੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# 16 ਫਰਬਰੀ ਭਾਰਤ ਬੰਦ ਹਮਾਇਤ ਦਾ ਐਲਾਨ

**ਧਨੌਲ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰਕੌਮ ਅਤੇ ਟਰਾਂਸਕੋ ਦੇ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਪਾਵਰਕੌਮ ਦੇ ਮੁੱਖ ਦਫ਼ਤਰ ਧਨੌਲਾ ਰੋਡ ਵਿਖੇ ਜੱਗਾ ਸਿੰਘ ਦੀ ਪ੍ਰਧਾਨਗੀ ਹੇਠ ਦਿਹਾਤੀ ਅਤੇ ਸ਼ਹਿਰੀ ਮੰਡਲ ਦੀ ਸਾਂਝੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸ਼ਾਮਲ ਆਗੂਆਂ ਰੂਪ ਚੰਦ, ਹਰਨੇਕ ਸਿੰਘ ਸੰਘੇੜਾ, ਗੁਰਚਰਨ ਸਿੰਘ, ਜਗਮੀਤ ਸਿੰਘ, ਨਰਾਇਣ ਦੱਤ ਅਤੇ ਸਿਕੰਦਰ ਸਿੰਘ ਨੇ ਕਿਹਾ ਕਿ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲੋਕ/ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰਨ ਨਾਲ ਜਨਤਕ ਖੇਤਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਅਡਾਨੀ-ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। 44 ਕਿਰਤ ਕਾਨੂੰਨਾਂ ਦਾ ਭੋਗ ਪਾਕੇ 4 ਕੋਡਾਂ ਵਿੱਚ ਤਬਦੀਲੀ ਕਰਕੇ ਹਾਇਰ ਐਂਡ ਫਾਇਰ ਦੀ ਨੀਤੀ ਲਾਗੂ ਕਰਕੇ ਕਿਰਤੀਆਂ ਦੀ ਤਿੱਖੀ ਲੁੱਟ ਕਰਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਪਾਵਰਕੌਮ ਅੰਦਰ ਇਹ ਸਾਮਰਾਜੀ ਨੀਤੀਆਂ ਤਹਿਤ ਆਊਟਸੋਰਸ ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ। ਬਿਜਲੀ ਬਿਲ-2003 ਤੋਂ ਬਾਅਦ ਹੁਣ ਬਿਜਲੀ ਬਿੱਲ -2020 ਲਾਗੂ ਕਰਨ ਲਈ ਕੇਂਦਰੀ ਹਕੂਮਤ ਤਰਲੋ ਮੱਛੀ ਹੋ ਰਹੀ ਹੈ। ਕੇਂਦਰੀ ਵਿੱਤ ਮੰਤਰੀ ਸੀਤਾ ਰਮਨ ਵੱਲੋਂ ਪੇਸ਼ ਕੀਤੇ ਗਏ ਅੰਤਰਿਮ ਬਜਟ ਨੂੰ ਲੋਕ ਸਰੋਕਾਰਾਂ ਤੋਂ ਵਿਹੂਣਾ ਕਾਰਪੋਰੇਟ ਘਰਾਣਿਆਂ ਪੱਖੀ ਕਰਾਰ ਦਿੱਤਾ।ਪੈਨਸ਼ਨਰਜ਼ ਐਸੋਸੀਏਸ਼ਨ ਲਗਾਤਾਰ ਸੰਘਰਸ਼ ਕਰ ਰਹੀ ਹੈ। ਹੁਣ ਜੋਨ ਪੱਧਰੇ ਧਰਨੇ ਦਿੱਤੇ ਜਾ ਰਹੇ ਹਨ। ਪਟਿਆਲਾ ਜੋਨ ਪੱਧਰਾ ਧਰਨਾ 15 ਫਰਬਰੀ 2024 ਨੂੰ ਪਟਿਆਲਾ ਵਿਖੇ ਮੁੱਖ ਦਫ਼ਤਰ ਅੱਗੇ ਦਿੱਤਾ ਜਾ ਰਿਹਾ ਹੈ।

# ਕੇਂਦਰੀ ਟਰੇਡ ਯੂਨੀਅਨਾਂ ਏਟਕ,ਸੀਟੂ ਅਤੇ ਸਯੁੰਕਤ ਕਿਸਾਨ ਮੋਰਚੇ ਦੀ ਭਾਰਤ ਬੰਦ ਨੂੰ ਲੈ ਕੇ ਸਾਂਝੀ ਮੀਟਿੰਗ ਕੀਤੀ

**ਮਲੇਰਕੋਟਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਟਰੇਡ ਯੂਨੀਅਨਾਂ ਏਟਕ,ਸੀਟੂ ਅਤੇ ਸਯੁੰਕਤ ਕਿਸਾਨ ਮੋਰਚੇ ਦੀ ਸਾਂਝੀ ਮੀਟਿੰਗ ਪਰਦੱਖਣਾ ਸਿੰਘ ਬਾਗੜੀਆਂ ,ਪ੍ਰਧਾਨ ਕੁੱਲ ਹਿੰਦ ਸਭਾ, ਬੂਟਾ ਖਾਂ,ਕਾਲਾ ਖਾਂ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ,ਬਹਾਦਰ ਸਿੰਘ ਮਹੋਲੀ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਸੁਖਵਿੰਦਰ ਕੌਰ ਸਦੋੜ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ, ਨਰਿੰਦਰ ਕੁਮਾਰ ਪ੍ਰਧਾਨ ਪੀ,ਐਸ,ਈ,ਬੀ, ਇੰਪਲਾਇਜ ਫੈਡਰੇਸ਼ਨ ( ਏਟਕ) ਡਵੀਜ਼ਨ ਮਾਲੇਰਕੋਟਲਾ ਆਦਿ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਅਬਦੁਲ ਸਤਾਰ ਪ੍ਰਧਾਨ ਸੀਟੂ ਜ਼ਿਲ੍ਹਾ ਮਾਲੇਰਕੋਟਲਾ ਨੇ ਕਿਹਾ ਕਿ ਕੇਂਦਰੀ ਟਰੇਡ ਯੂਨੀਅਨਾਂ ਅਤੇ ਸਯੁੰਕਤ ਕਿਸਾਨ ਮੋਰਚੇ ਵਲੋਂ 31 ਜਨਵਰੀ 2024 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਾਂਝੀ ਕਨਵੈਨਸ਼ਨ ਕੀਤੀ ਗਈ ਹੈ। ਜਿਸ ਵਿੱਚ ਫੈਸਲਾ ਕੀਤਾ ਗਿਆ ਹੈ ਕਿ 16 ਫਰਵਰੀ



2024 ਨੂੰ ਜੋ ਕੇਂਦਰ ਸਰਕਾਰ ਵਿਰੁੱਧ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਹੈ, ਉਸ ਨੂੰ ਸਫਲ ਕਰਨ ਲਈ ਸਾਰੀਆਂ ਯੂਨੀਅਨਾਂ ਦੀਆਂ ਸਾਂਝੀਆਂ ਮੀਟਿੰਗਾਂ ਕਰਕੇ ਸਫਲ ਕੀਤਾ ਜਾਵੇ।

ਇਸ ਮੌਕੇ ਕਾਮਰੇਡ ਸੰਬੋਧਨ ਕਰਦਿਆਂ ਕਾਂ ਭਰਪੂਰ ਸਿੰਘ ਬੂੱਲਾਪੁਰ ਜਨਰਲ ਸਕੱਤਰ ਜ਼ਿਲ੍ਹਾ ਏਟਕ ਮਾਲੇਰਕੋਟਲਾ ਅਤੇ ਸੰਗਰੂਰ, ਆਗੂਆਂ ਨੇ ਕਿਹਾ ਕਿ ਕੇਂਦਰ ਦੀ ਤਾਨਾਸ਼ਾਹੀ ਮੋਦੀ ਸਰਕਾਰ ਲੋਕਤੰਤਰ ਨੂੰ ਖ਼ਤਮ ਕਰਕੇ ਸੰਵਿਧਾਨ ਨੂੰ ਖ਼ਤਰੇ ਵਿੱਚ ਪਾਉਣ ਦੀਆਂ ਸਾਜ਼ਿਸ਼ਾਂ ਕਰ ਰਹੀ ਹੈ। ਦੇਸ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜਮਾ, ਛੋਟੇ ਵਪਾਰੀਆਂ, ਦੁਕਾਨਦਾਰਾਂ, ਟਰੱਕ, ਟੈਕਸੀ, ਰੇੜੀ ਫੜੀ ਆਦਿ ਸਮੁੱਚੇ ਮਿਹਨਤ- ਕਸ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਕੇਂਦਰ ਸਰਕਾਰ ਕਾਰਪੋਰੇਟਾ ਨੂੰ ਦੇਸ਼ ਦੇ ਸਾਰੇ ਸਾਧਨਾਂ ਨੂੰ ਮੁਨਾਫ਼ੇ ਕਮਾਉਣ ਲਈ ਦੇ ਰਹੀ ਹੈ। ਜਿਸ ਨਾਲ ਸਮੁੱਚੇ ਮਿਹਨਤਕਸ਼ ਲੋਕਾਂ ਦੇ ਰੁਜ਼ਗਾਰ ਦੇ ਸਾਧਨ ਖ਼ਤਮ ਕੀਤੇ ਜਾ ਰਹੇ ਹਨ। ਇਸ ਲਈ ਕੇਂਦਰ ਸਰਕਾਰ ਨੂੰ ਸਬਕ ਸਿਖਾਉਣ ਲਈ ਇਹ ÷ਭਾਰਤ ਬੰਦ÷ ਦਾ ਐਲਾਨ ਕੀਤਾ ਗਿਆ ਹੈ। ਲੋਕ ਸਭਾ ਦੀਆਂ ਚੋਣਾਂ ਈ,ਵੀ,ਐਮ ਮਸ਼ੀਨਾਂ ਰਾਹੀਂ ਨਹੀਂ ਹੋਣੀਆ ਚਾਹੀਦੀਆਂ, ਵੋਟਾਂ ਬੈਲਟ ਪੇਪਰ ਰਾਹੀਂ ਹੋਣੀਆ ਚਾਹੀਦੀਆਂ ਹਨ। ਸਯੁੰਕਤ ਕਿਸਾਨ ਮੋਰਚੇ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੀਆਂ ਸਮੁੱਚੀਆਂ ਮੰਗਾ ਪੂਰੀਆ ਕਰਨ ਲਈ ਇਹ ਸਘੰਰਸ਼ ਸ਼ੁਰੂ ਕੀਤਾ ਜਾ ਰਿਹਾ ਹੈ।ਅੱਜ ਦੀ ਮੀਟਿੰਗ ਵਿੱਚ ਤਹਿ ਸਕੱਤਰ ਮਹੁੰਮਦ ਸਤਾਰ,ਡੀਪੂ ਹੋਲਡਰ ਯੂਨੀਅਨ ਦੇ ਸੂਬਾ

ਪ੍ਰੈਸ ਸੱਕਤਰ ਮੁਹੰਮਦ ਸਲੀਮ, ਸੁਰਿੰਦਰ ਕੁਮਾਰ ਭੈਣੀ ਕਲਾਂ, ਚਮਕੋਰ ਸਿੰਘ ਮੁਹਾਲਾ, ਅਮਨਦੀਪ ਸਿੰਘ ਸਕੱਤਰ ਸੀਟੂ, ਮਹੁੰਮਦ ਹਲੀਮ, ਕਮਲ ਗੁਪਤਾ,ਅਬਦਲ ਮਜੀਦ, ਮਹੁੰਮਦ ਇਸਫਾਕ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਅਮਰ ਸਿੰਘ, ਸ਼ਮਸ਼ੇਰ ਸਿੰਘ,ਮੇਜਰ ਸਿੰਘ , ਮੁਖਤਿਆਰ ਸਿੰਘ, ਨਾਰੰਗ ਸਿੰਘ, ਮੁਲਾਜ਼ਮ ਆਗੂ ਜਗਮੇਲ ਸਿੰਘ, ਮੱਖਣ ਸਿੰਘ, ਰਾਜਵੰਤ ਸਿੰਘ ਆਦਿ ਆਗੂ ਸ਼ਾਮਿਲ ਹੋਏ, ਸਾਰਿਆ ਨੇ 'ਭਾਰਤ ਬੰਦ' ਨੂੰ ਸਫਲ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਗਈ ਹੈ।

# ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਧਾਰਾ 295ਏ ਅਤੇ ਹੋਰ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਦਾ ਐਲਾਨ

**ਲੁਧਿਆਣਾ , 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਾਂਝੇ ਸੱਦੇ ਤੇ ਬੀਬੀ ਅਮਰ ਕੌਰ ਯਾਦਗਾਰ ਹਾਲ ਵਿਖੇ ਪੰਜਾਬ ਦੀਆਂ ਜਨਤਕ ਜਮਹੂਰੀ, ਬੁੱਧੀਜੀਵੀ ਅਤੇ ਸਾਹਿਤਕ-ਸੱਭਿਆਚਾਰਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ।

ਜਿਸ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਪੰਜਾਬ ਲੋਕ ਸੱਭਿਆਚਾਰਕ ਮੰਚ, ਪੋ ?ਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਕੈਨੇਡਾ, ਡੈਮੋਕ੍ਰੇਟਿਕ ਲਾਇਰਜ ਐਸੋਸੀਏਸ਼ਨ ਪੰਜਾਬ, ਅਦਾਰਾ ਲੋਹਮਣੀ, ਬੀਕੇਯੂ (ਏਕਤਾ-ਉਗਰਾਹਾਂ), ਬੀਕੇਯੂ ਡਕੌਂਦਾ (ਧਨੇਰ), ਕਾਰਖਾਨਾ ਮਜਦੂਰ ਯੂਨੀਅਨ, ਟੈਕਸਟਾਈਲ ਹੌਜ਼ਰੀ ਕਾਮਾਗਾਰ ਯੂਨੀਅਨ, ਨੌਜਵਾਨ ਭਾਰਤ ਸਭਾ, ਪੀਐੱਸਯੂ ਲਲਕਾਰ, ਪੰਜਾਬ ਐਂਡ ਚੰਡੀਗੜ੍ਹ ਜਰਨਾਲਿਸਟ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਬੀਕੇਯੂ ਡਕੌਂਦਾ (ਬੁਰਜਗਿੱਲ), ਕਾ ?ਤੀਕਾਰੀ ਕਿਸਾਨ ਯੂਨੀਅਨ ਪੰਜਾਬ, ਬੀਕੇਯੂ (ਕਾ ?ਤੀਕਾਰੀ), ਪੰਜਾਬ ਖੇਤ ਮਜਦੂਰ ਯੂਨੀਅਨ, ਏਟਕ, ਪੇਂਡੂ ਮਜ਼ਦੂਰ ਯੂਨੀਅਨ, ਕਾ ?ਤੀਕਾਰੀ ਸੱਭਿਆਚਾਰ ਕੇਂਦਰ, ਪੀਐੱਮਯੂ (ਮਸ਼ਾਲ), ਇਨਕਲਾਬੀ ਮਜ਼ਦੂਰ ਕੇਂਦਰ, ਵਰਗ ਚੇਤਨਾ ਮੰਚ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਐਫਸੀਆਈ ਐਂਡ ਫੂਡ ਏਜੰਸੀ ਪੱਲੇਦਾਰ ਯੂਨੀਅਨ (ਆਜ਼ਾਦ), ਕਾ ?ਤੀਕਾਰੀ ਮਜਦੂਰ ਸੈਂਟਰ, ਕਾ ?ਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ), ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਨੁਮਾਇੰਦੇ ਸ਼ਾਮਲ ਹੋਏ। ਕੇਂਦਰੀ



ਪੰਜਾਬੀ ਲੇਖਕ ਸਭਾ, ਆਰਸੀਐਫ ਇੰਪਲਾਈਜ਼ ਯੂਨੀਅਨ (ਰੇਲ ਕੋਚ ਫੈਕਟਰੀ ਕਪੂਰਥਲਾ), ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਵੀ ਇਸ ਮੀਟਿੰਗ ਲਈ ਇਕਮੁੱਠਤਾ ਸੰਦੇਸ਼ ਭੇਜੇ।

ਮੀਟਿੰਗ ਨੇ ਪਿਛਲੇ ਦਿਨੀਂ ਪੰਜਾਬ ਦੀਆਂ ਵੱਖ-ਵੱਖ ਥਾਵਾਂ ਉਪਰ ਧਾਰਾ 295-295ਏ ਤਹਿ ?ਤ ? ਦਰਜ ਕੀਤੇ ਕੇਸਾਂ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਵਰਤਾਰੇ ਨੂੰ ਵਿਚਾਰਾਂ ਦੀ ਆਜ਼ਾਦੀ ਅਤੇ ਪ੍ਰਗਟਾਵੇ ਦੇ ਹੱਕ ਉਪਰ ਫਾਸ਼ੀਵਾਦੀ ਹਮਲਾ ਕਰਾਰ ਦਿੱਤਾ।

ਹਾਜ਼ਰ ਜਥੇਬੰਦੀਆਂ ਦੀ ਸਰਵ-ਸੰਮਤ ਰਾਇ ਸੀ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਬਹਾਨੇ ਇਹ ਪੰਜਾਬ ਦੇ ਜਾਗਰੂਕ, ਜਮਹੂਰੀ, ਵਿਗਿਆਨਕ ਸੋਚ ਦੇ ਧਾਰਨੀ ਹਿੱਸਿਆਂ ਅਤੇ ਲੋਕਾਂ ਨੂੰ ਚੇਤੰਨ ਕਰਨ ਵਾਲਿਆਂ ਦੀ ਜ਼ਬਾਨਬੰਦੀ ਕਰਨ ਦੇ ਮਨੋਰਥ ਨਾਲ ਕੀਤਾ ਗਿਆ ਹਮਲਾ ਹੈ। ਪਰਚੇ ਦਰਜ ਕਰਾਉਣ ਵਾਲੀਆਂ ਤਾਕਤਾਂ ਨੂੰ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਟਿੱਪਣੀਆਂ ਕਰਨ ਵਾਲਿਆਂ ਦਾ ਮਨੋਰਥ ਅਤੇ ਮਨਸ਼ਾ ਕਿਸੇ ਧਰਮ ਦੇ ਪੈਰੋਕਾਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸਗੋਂ ਧਰਮ ਨੂੰ ਫ਼ਿਰਕੂ ਪਾਲਾਬੰਦੀ ਅਤੇ ਸੌੜੇ ਸਵਾਰਥਾਂ ਲਈ ਵਰਤ ਵਾਲਿਆਂ ਬਾਰੇ ਆਪਣੀ ਰਾਇ ਪ੍ਰਗਟ ਕਰਨਾ ਅਤੇ ਲੋਕਾਈ ਨੂੰ ਜਾਗਰੂਕ ਕਰਨਾ ਹੈ। ਇਸ ਦੇ ਬਾਵਜੂਦ ਸਵਾਲਾਂ/ਦਲੀਲਾਂ ਦਾ ਗਲਾ ਘੁੱਟਣ ਅਤੇ ਡਰ ਤੇ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਲਈ ਪਰਚੇ ਦਰਜ ਕਰਵਾਏ ਗਏ ਹਨ। ਇਹ ਮਹਿਸੂਸ ਕੀਤਾ ਗਿਆ ਕਿ ਇਸ ਹਮਲੇ ਨੂੰ ਠੱਲ ਪਾਉਣ ਲਈ ਵਿਸ਼ਾਲ ਲੋਕ ਰਾਇ ਖੜ੍ਹੀ ਕਰਨ ਅਤੇ ਵਿਸ਼ਾਲ ਲੋਕ ਲਾਮਬੰਦੀ ਕਰਨ ਦੀ ਲੋੜ ਹੈ। ਇਸ ਹਮਲੇ ਵਿਰੁੱਧ ਸਾਂਝੀ ਮੁਹਿੰਮ ਚਲਾਉਣ ਲਈ 'ਧਾਰਾ 295-ਏ ਅਤੇ ਹੋਰ ਕਾਲੇ ਕਾਨੂੰਨਾਂ ਵਿਰੋਧੀ ਸੰਘਰਸ਼ ਕਮੇਟੀ' ਬਣਾਈ ਗਈ। ਕਮੇਟੀ ਦੀ ਅਗਵਾਈ ਹੇਠ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਦਾ ਸਾਂਝਾ ਵਫਦ ਛੇਤੀਂ ਹੀ ਮੁੱਖ ਮੰਤਰੀ ਪੰਜਾਬ ਨੂੰ ਮਿਲ ਕੇ 295ਅਤੇ295ਏ ਤਹਿਤ ਦਰਜ ਕੀਤੇ ਕੇਸ ਵਾਪਸ ਲੈਣ ਅਤੇ ਇਨ੍ਹਾਂ ਜਾਬਰ ਧਾਰਾਵਾਂ ਨੂੰ ਖ਼ਤਮ ਕਰਨ ਦੀ ਮੰਗ ਕਰੇਗਾ।

ਇਹ ਵੀ ਤੈਅ ਕੀਤਾ ਗਿਆ ਕਿ ਕਾਲੇ ਕਾਨੂੰਨਾਂ ਵਿਰੁੱਧ ਲੋਕ ਲਾਮਬੰਦੀ ਕਰਨ ਦਾ ਘੇਰਾ ਵਸੀਹ ਕਰਨ ਲਈ ਉਨ੍ਹਾਂ ਜਨਤਕ ਜਮਹੂਰੀ ਜਥੇਬੰਦੀਆਂ, ਲੇਖਕ ਸਭਾਵਾਂ, ਰੰਗ ਕਰਮੀਆਂ, ਪੱਤਰਕਾਰਾਂ, ਕਲਾਕਾਰਾਂ ਅਤੇ ਹੋਰ ਜਮਹੂਰੀ ਹਿੱਸਿਆਂ ਨਾਲ ਸੰਪਰਕ ਕਰਕੇ ਇਸ ਮੁਹਿੰਮ ਦਾ ਹਿੱਸਾ ਬਣਾਇਆ ਜਾਵੇਗਾ ਜੋ ਕਿਸੇ ਕਾਰਨ ਅੱਜ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੀਆਂ।

ਕਾਲੇ ਕਾਨੂੰਨਾਂ ਵਿਰੁੱਧ ਅਤੇ ਕੇਸਾਂ ਦੀ ਵਾਪਸੀ ਦੀ ਮੁਹਿੰਮ ਨੂੰ ਭਰਵਾਂ ਰੂਪ ਦੇਣ ਲਈ 29 ਫਰਵਰੀ ਨੂੰ ਜਲੰਧਰ ਵਿਚ ਰੋਸ ਕਨਵੈਨਸ਼ਨ ਅਤੇ ਮੁਜ਼ਾਹਰਾ ਕੀਤਾ ਜਾਵੇਗਾ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ 80.08 ਲੱਖ ਦੀ ਲਾਗਤ ਵਾਲਾ ਅਤਿ ਆਧੁਨਿਕ ਓ.ਪੀ.ਡੀ ਬਲਾਕ ਕੀਤਾ ਸੁਨਾਮ ਵਾਸੀਆਂ ਨੂੰ ਸਮਰਪਿਤ

**ਸੁਨਾਮ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੇ ਨਿਵਾਸੀਆਂ ਨੂੰ ਸਿਹਤ ਸੁਵਿਧਾਵਾਂ ਦੇ ਖੇਤਰ ਵਿੱਚ ਇੱਕ ਹੋਰ ਵੱਡੀ ਸੌਗਾਤ ਦਿੰਦਿਆਂ ਅੱਜ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸਿਵਲ ਹਸਪਤਾਲ ਸੁਨਾਮ ਵਿਖੇ 80.08 ਲੱਖ ਰੁਪਏ ਦੀ ਲਾਗਤ ਵਾਲਾ ਨਵਾਂ ਅਤਿ ਆਧੁਨਿਕ ਓ.ਪੀ.ਡੀ. ਬਲਾਕ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਿਵਲ ਹਸਪਤਾਲ ਵਿਖੇ ਕਰੀਬ 42.20 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬਲੱਡ ਬੈਂਕ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਵੋਤਮ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਪੱਖੋਂ ਹਲਕਾ ਸੁਨਾਮ ਵਿਖੇ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਇਹ ਦੋਵੇਂ ਪ੍ਰੋਜੈਕਟ ਹੀ ਸਿਹਤ ਸੁਵਿਧਾਵਾਂ ਦੇ ਖੇਤਰ ਵਿੱਚ ਨਵੀਂ ਕ੍ਰਾਂਤੀ ਲਿਆਉਣ ਵਿੱਚ ਸਹਾਈ ਸਾਬਤ ਹੋਣਗੇ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਉਹ ਸ਼ਹੀਦ ਊਧਮ ਸਿੰਘ ਦੀ ਇਸ ਪਵਿੱਤਰ ਧਰਤੀ ਦੀ ਸੇਵਾ ਕਰਦੇ ਹੋਏ ਪਿਛਲੇ ਪੌਣੇ ਦੋ ਸਾਲਾਂ ਤੋਂ ਹਲਕਾ ਸੁਨਾਮ ਨੂੰ ਦਿਨ ਰਾਤ ਇੱਕ ਕਰਕੇ 'ਮਾਡਲ ਹਲਕਾ' ਬਣਾਉਣ ਲਈ ਸਰਗਰਮ ਹਨ। ਉਨ੍ਹਾਂ ਖ਼ੁਸ਼ੀ ਪ੍ਰਗਟਾਉਂਦਿਆਂ ਕਿ ਸੁਨਾਮ ਦੇ ਇਸ ਹਸਪਤਾਲ ਵਿੱਚ ਓਪੀਡੀ ਬਣਾਉਣ ਦੀ ਮੰਗ ਪਿਛਲੇ ਲੰਬੇ ਸਮੇਂ ਤੋਂ



ਚੱਲ ਰਹੀ ਸੀ ਅਤੇ ਹੁਣ ਇਸ ਬਲਾਕ ਵਿੱਚ ਵੱਖ-ਵੱਖ ਰੋਗਾਂ ਦੇ ਮਾਹਿਰ ਡਾਕਟਰ ਇੱਕੋ ਛੱਤ ਹੇਠਾਂ ਸੇਵਾਵਾਂ ਪ੍ਰਦਾਨ ਕਰਨਗੇ ਜਿਸ ਨਾਲ ਮਰੀਜ਼ਾਂ ਨੂੰ ਵੱਡੀ ਰਾਹਤ ਮਿਲੇਗੀ। ਕੈਬਨਿਟ ਮੰਤਰੀ ਨੇ ਬਲੱਡ ਬੈਂਕ ਦਾ ਨੀਂਹ ਪੱਥਰ ਰੱਖਣ ਮਗਰੋਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਅਹਿਮ ਲੋੜ ਵੱਲ ਉੱਕਾ ਹੀ ਧਿਆਨ ਦਿੱਤਾ ਜਿਸ ਕਾਰਨ ਸੜਕ ਦੁਰਘਟਨਾਵਾਂ ਜਾਂ ਅਜਿਹੀਆਂ ਹੀ ਹੋਰ ਐਮਰਜੈਂਸੀ ਸਥਿਤੀਆਂ ਸਮੇਂ ਮਰੀਜ਼ਾਂ ਨੂੰ ਖ਼ੂਨ ਦੀ ਕਮੀ ਨਾਲ ਜੂਝਣਾ ਪੈਂਦਾ ਸੀ ਪਰ ਆਉਣ ਵਾਲੇ 4 ਮਹੀਨਿਆਂ ਦੇ ਅੰਦਰ ਅੰਦਰ ਇਸ ਬਲੱਡ ਬੈਂਕ ਨੂੰ ਮੁਕੰਮਲ ਕਰਵਾ ਕੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਸਿਹਤ ਤੇ ਸਿੱਖਿਆ ਦੇ ਖੇਤਰਾਂ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਜਿਸ ਤਹਿਤ ਜਿਥੇ ਲੋੜ ਅਨੁਸਾਰ ਨਵੀਂਆਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ ਉਥੇ ਹੀ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਨੂੰ ਹਰ ਪੱਖੋਂ ਵਿਕਸਤ ਕਰਦੇ ਹੋਏ ਪ੍ਰਾਈਵੇਟ ਹਸਪਤਾਲਾਂ ਤੋਂ ਵੀ ਬਿਹਤਰ ਸਿਹਤ ਸੁਵਿਧਾਵਾਂ ਆਮ ਨਾਗਰਿਕਾਂ ਤੱਕ ਪਹੁੰਚਾਉਣ ਦੀ ਦਿਸ਼ਾ ਵਿੱਚ ਬਿਹਤਰੀਨ ਕਦਮ ਪੁੱਟੇ ਜਾ ਰਹੇ ਹਨ।ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਐਸ.ਐਮ.ਓ ਡਾ. ਸੰਜੇ ਕਾਮਰਾ, ਸੀਨੀਅਰ ਮੀਤ ਪ੍ਰਧਾਨ ਆਸ਼ਾ ਬਜਾਜ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ, ਸੀਨੀਅਰ ਆਗੂ ਜਤਿੰਦਰ ਜੈਨ, ਓਐਸਡੀ ਅੰਮ੍ਰਿਤ ਸਿੰਘ ਸਿੱਧੂ, ਬਲਾਕ ਪ੍ਰਧਾਨ ਸੰਦੀਪ ਜਿੰਦਲ, ਸਾਹਿਬ ਸਿੰਘ, ਐਮ.ਸੀ ਗੁਰਤੇਗ ਸਿੰਘ ਨਿੱਕਾ, ਸੁਨੀਲ ਆਸ਼ੂ ਐਮ.ਸੀ, ਚਮਕੌਰ ਹਾਂਡਾ, ਅਮਰੀਕ ਧਾਲੀਵਾਲ, ਰਵੀ ਕਮਲ ਗੋਇਲ, ਨਰਿੰਦਰ ਠੇਕੇਦਾਰ, ਮਨਪ੍ਰੀਤ ਬਾਂਸਲ, ਨਿਰਮਲਾ ਦੇਵੀ, ਕੁਲਵੀਰ ਭੰਗੂ, ਅਸ਼ੀਸ਼ ਜੈਨ, ਨਰੇਸ਼ ਸ਼ਰਮਾ, ਬਿੱਟੂ ਤਲਵਾੜ, ਸੁਭਾਸ਼ ਤਨੇਜਾ, ਸੰਨੀ ਖਟਕ ਵੀ ਹਾਜ਼ਰ ਸਨ।

## ਕੋਟਕ ਸਿਕਿਓਰਿਟੀਜ਼ ਨੇ ਟਰੇਡ ਫ੍ਰੀ ਪ੍ਰੋ. ਪਲੈਨ ਦੀ ਸ਼ੁਰੂਆਤ ਕੀਤੀ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਟਕ ਸਿਕਿਓਰਿਟੀਜ਼ ਨੇ ਉਸਦੇ ਕੋਟਕ ਐਨ ਈ ਓ ਅਤੇ ਕੋਟਕ ਸਟਾਕ ਟ੍ਰੇਡਰ ਪਲੈਟਫਾਰਮ ਤੇ ਵਪਾਰੀਆਂ ਦੇ ਲਈ ਟਰੇਡ ਫ੍ਰੀ ਪ੍ਰੋ ਪਲੈਨ ਦੀ ਸ਼ੁਰੂਆਤ ਕੀਤੀ ਹੈ। ਇਹ ਫ਼ੀਚਰ ਪੈਕ ?ਡ ਸੱਦਸਤਾ ਆਧਾਰਿਤ ਯੋਜਨਾ ਪੇ ਲ ਇਤਰ ਜਿਸਨੂੰ ਮਾਰਜਿਨ ਟਰੇਡਿੰਗ ਸੁਵਿਧਾ (ਐਮ ਟੀ ਐਫ) ਵੀ ਕਿਹਾ ਜਾਂਦਾ ਹੈ ਉਸਨੂੰ ਪ੍ਰਦਾਨ ਕਰਦਾ ਹੈ ਉਹ ਵੀ 9.75 % ਪ੍ਰਤੀ ਸਾਲ ਦੀ ਆਧਾਰ ਤੇ। ਉਪਭੋਗਤਾ 1000+ ਸਟੌਕ ਟਰੇਡ ਕਰਦੇ ਹਨ ਅਤੇ 4 ਗੁਣਾ ਤੱਕ ਆਪਣੀ ਖਰੀਦਣ ਦੀ ਤਾਕਤ ਨੂੰ ਵਧਾਉਂਦੇ ਹਨ। ਪੇ ਲੇਟਰ ਵਿਸ਼ੇਸ਼ਤਾ ਦੀਆਂ ਹੋਰ ਮੁੱਖ ਗੱਲਾਂ ਹਨ ਅਸੀਮਿਤ ਹੋਲਡਿੰਗ ਅਵਧੀ, ਇੱਕ ਵਿਅਕਤੀ ਦੇ ਸ਼ੇਅਰਾਂ ਦਾ ਇਸਤੇਮਾਲ ਕਰਨ ਦੀ ਯੋਗਤਾ ਅਤੇ ਨਕਦ ਦੀ ਥਾਂ ਤੇ ਕੋਲੈਟਰਲ ਵਜੋਂ ਈ ਟੀ ਐਫ ਤਾਂ ਜੋ ਸਥਿਤੀਆਂ ਦਾ ਨਿਰਮਾਣ ਹੋ ਸਕੇ ਅਤੇ ਐਮ ਟੀ ਐਫ ਖੋਜ ਸੁਝਾਅ ਮਿਲ ਸਕਣ। ਜੈਦੀਪ ਹੰਸਰਾਜ, ਐਮ ਡੀ ਅਤੇ ਸੀ ਈ ਓ, ਕੋਟਕ ਸਿਕਿਓਰਿਟੀਜ਼, ਨੇ ਕਿਹਾ, ÷ਸਾਡੇ ਗਾਹਕਾਂ ਦੀਆਂ ਲੋੜਾਂ ਨੂੰ ਸੁਣਨਾ ਸਾਡੀ ਯਾਤਰਾ ਨੂੰ ਆਕਾਰ ਦੇਣ ਲਈ ਮਹੱਤਵਪੂਰਨ ਹੈ। ਪੇ ਲੇਟਰ ਸੁਵਿਧਾ ਦੇ ਲਈ ਵਧਦੀ ਮੰਗ ਨੂੰ ਸਮਝਣ ਦੇ ਨਾਲ ਅਸੀਂ ਟਰੇਡ ਫ੍ਰੀ ਪ੍ਰੋ ਪਲੈਨ ਦੀ ਸ਼ੁਰੂਆਤ ਕਰ ਸਕੇ ਹਾਂ। ਸਾਨੂੰ ਖ਼ੁਸ਼ੀ ਹੈ ਕਿ ਅਸੀਂ ਪ੍ਰਤੀ ਸਾਲ 9.75% ਤੇ ਇੱਕ ਕਿਫਾਇਤੀ ਵਿਆਜ ਦਰ ਤੇ ਇਸ ਯੋਜਨਾ ਨੂੰ ਪ੍ਰਦਾਨ ਕਰ ਰਹੇ ਹਾਂ, ਜੋ ਕਿ ਵਪਾਰੀਆਂ ਦੀਆਂ ਇਛਾਵਾਂ ਨੂੰ ਸਸ਼ਕਤ ਕਰਨ ਦੀ ਸਾਡੀ ਪ੍ਰਤੀਬੱਧਤਾ ਨੂੰ ਜੋੜਦਾ ਹੈ। ਅਸੀਂ ਸਾਡੀਆਂ ਪੇਸ਼ਕਸ਼ਾਂ ਨੂੰ ਵਿਕਸਿਤ ਕਰਨ ਦੇ ਲਈ ਨਿਰੰਤਰ ਤੌਰ ਤੇ ਸਮਰਪਿਤ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਭਾਰਤ ਦੇ ਵਿੱਚ ਨਿਵੇਸ਼ਕਾਂ ਅਤੇ ਵਪਾਰੀਆਂ ਦੇ ਲਈ ਪ੍ਰਸਿੱਧ ਬ੍ਰੈਂਡ ਬਣ ਸਕੀਏ।

ਆਸ਼ੀਸ਼ ਨੰਦਾ, ਪ੍ਰੈਜ਼ੀਡੈਂਟ ਅਤੇ ਹੈੱਡ-ਡਿਜ਼ੀਟਲ ਬਿਜ਼ਨਸ, ਕੋਟਕ ਸਕਿਓਰਿਟੀਜ਼, ਨੇ ਕਿਹਾ, ਸਾਡੇ ਗਾਹਕਾਂ ਦੀਆਂ ਲੋੜਾਂ ਕੋਟਕ ਸਕਿਓਰਿਟੀਜ਼ ਵਿਖੇ ਸਾਡੀਆਂ ਪੇਸ਼ਕਸ਼ਾਂ ਦੇ ਕੇਂਦਰ ਵਿੱਚ ਹਨ। ਟਰੇਡ ਫ੍ਰੀ ਪ੍ਰੋ ਪਲਾਨ ਦੀ ਸ਼ੁਰੂਆਤ ਉਦਯੋਗ ਵਿੱਚ ਮਾਰਜਿਨ ਵਪਾਰ ਸਹੂਲਤ ਦੀ ਵਧ ਰਹੀ ਪ੍ਰਸਿੱਧੀ ਨੂੰ ਸਿੱਧਾ ਜਵਾਬ ਦਿੰਦੀ ਹੈ। 9.75% ਪ੍ਰਤੀ ਸਾਲ ਦੀ ਘੱਟ ਵਿਆਜ ਦਰ 'ਤੇ ਇਸ ਯੋਜਨਾ ਨੂੰ ਲਾਂਚ ਕਰਨ ਦੇ ਨਾਲ, ਅਸੀਂ ਆਪਣੇ ਗਾਹਕਾਂ ਦੀਆਂ ਵਪਾਰਕ ਇੱਛਾਵਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰ ਰਹੇ ਹਾਂ। ਕੋਟਕ ਸਿਕਿਓਰਿਟੀਜ਼ ਆਪਣੇ ਗਾਹਕਾਂ ਦੀਆਂ ਵਿਲੱਖਣ ਵਪਾਰਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਲੱਖਣ ਯੋਜਨਾਵਾਂ ਦੀ ਪੇਸ਼ਕਸ਼ ਕਰਨ ਲਈ ਨਿਰੰਤਰ ਨਵੀਨਤਾ ਕਰਦਾ ਹੈ। ਕੰਪਨੀ ਸਮਝਦੀ ਹੈ ਕਿ ਹਰੇਕ ਉਪਭੋਗਤਾ ਇੱਕ ਪਲਾਨ ਤੋਂ ਲਾਭ ਨਹੀਂ ਲੈ ਸਕਦਾ ਹੈ ਅਤੇ ਇਸਲਈ ਕੋਟਕ ਨਿਓ ਪਲੇਟਫਾਰਮ 'ਤੇ ਵਪਾਰ ਕਰਨ ਵਾਲੇ ਆਪਣੇ ਗਾਹਕਾਂ ਲਈ ਵਪਾਰ ਮੁਫਤ ਯੋਜਨਾ, ਵਪਾਰ ਮੁਫਤ ਯੁਵਕ ਯੋਜਨਾ ਅਤੇ ਵਪਾਰ ਮੁਫਤ ਪ੍ਰੋ ਪਲਾਨ ਦੀ ਪੇਸ਼ਕਸ਼ ਕਰਦੀ ਹੈ। ਟਰੇਡ ਫ੍ਰੀ ਪਲਾਨ ਸਾਰੇ ਇੰਟਰਾਡੇ ਟਰੇਡਾਂ 'ਤੇ ਜ਼ੀਰੋ ਬ੍ਰੋਕਰੇਜ ਦੇ ਮੁੱਖ ਪ੍ਰਸਤਾਵ ਦੇ ਨਾਲ ਵਪਾਰੀਆਂ ਲਈ ਲਾਂਚ ਕੀਤਾ ਗਿਆ ਸੀ, 30 ਤੋਂ ਘੱਟ ਸੈਗਮੈਂਟਾਂ ਵਿੱਚ ਜ਼ੀਰੋ ਬ੍ਰੋਕਰੇਜ ਦੀ ਗਰੰਟੀ ਵਾਲੇ ਲੋਕਾਂ ਲਈ ਟਰੇਡ ਫ੍ਰੀ ਯੂਥ ਪਲਾਨ, ਅਤੇ ਹੁਣ ਟ੍ਰੇਡ ਫ੍ਰੀ ਪ੍ਰੋ ਖਾਸ ਤੌਰ ਤੇ ਐਮ ਟੀ ਐਫ ਉਪਭੋਗਤਾਵਾਂ ਲਈ ਹੈ ਜੋ ਅਜਿਹੇ ਮੁਕਾਬਲੇ ਵਾਲੇ ਫੰਡਿੰਗ ਤੋਂ ਲਾਭ ਪ੍ਰਾਪਤ ਕਰਨਗੇ, ਜੋ ਕਿ ਉਦਯੋਗ ਵਿੱਚ ਸਭ ਤੋਂ ਘੱਟ ਵਿਆਜ ਦਰਾਂ ਵਿੱਚੋਂ ਇੱਕ ਹੈ। ?10,000 ਦੀ ਫੰਡਿੰਗ ਲਈ ਵਿਆਜ ?3 ਪ੍ਰਤੀ ਦਿਨ (9.75% ਪ੍ਰਤੀ ਸਾਲ) ਤੋਂ ਘੱਟ ਆਉਂਦਾ ਹੈ। ਨਿਵੇਸ਼ਕਾਂ ਅਤੇ ਵਪਾਰੀਆਂ ਨੂੰ ਵਪਾਰ ਏ ਪੀ ਆਈ, ਨੈਸਟ ਟਰਮੀਨਲ, ਇਕੁਇਟੀ ਸਕ੍ਰੀਨਰ, ਪੇਆਫ ਐਨਾਲਾਈਜ਼ਰ, ਰੋਜ਼ਾਨਾ ਛੋਟੀ ਮਿਆਦ ਅਤੇ ਲੰਬੀ ਮਿਆਦ ਦੀਆਂ ਖੋਜ ਸਿਫ਼ਾਰਸ਼ਾਂ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਅਤੇ ਵਿਸ਼ੇਸ਼ਤਾਵਾਂ ਤੱਕ ਮੁਫਤ ਪਹੁੰਚ ਤੋਂ ਹੋਰ ਲਾਭ ਹੁੰਦਾ ਹੈ।

# ਡਿਪਟੀ ਕਮਿਸ਼ਨਰ ਨੇ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਆਰੰਭੇ ਵਿਸ਼ੇਸ਼ ਕੈਂਪਾਂ ਦਾ ਲਿਆ ਜਾਇਜ਼ਾ

**ਮਲੇਰਕੋਟਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ ਦੀ ਸਰਕਾਰ ਆਪ ਦੇ ਦੁਆਰ' ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਫਲੈਗਸ਼ਿਪ ਪ੍ਰੋਗਰਾਮ ਤਹਿਤ ਜ਼ਿਲ੍ਹਾ ਮਾਲੇਰਕੋਟਲਾ ਦੇ ਲੋਕਾਂ ਨੂੰ ਉਨ੍ਹਾਂ ਦੇ ਜੱਦੀ ਸਥਾਨਾਂ 'ਤੇ 45 ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਸਮਸਿਆਵਾਂ/ਮੁਸਕਿਲਾਂ ਦਾ ਮੌਕੇ ਤੇ ਹੱਲ ਕਰਨ ਲਈ ਪਹਿਲੇ ਦਿਨ ਡਿਪਟੀ ਕਮਿਸ਼ਨਰ ਡਾ ਪੱਲਵੀ ਦੀ ਅਗਵਾਈ ਵਿੱਚ ਜ਼ਿਲ੍ਹੇ ਦੀਆਂ ਤਿੰਨੇ ਸਬ ਡਵੀਜਨਾਂ ਵਿੱਚ 12 ਵਿਸ਼ੇਸ ਕੈਂਪਾ ਦਾ ਆਯੋਜਨ ਕੀਤਾ ਗਿਆ । ਜਿਨ੍ਹਾਂ ਦਾ ਵੱਡੀ ਗਿਣਤੀ ਵਿੱਚ ਲੋੜਵੰਦਾਂ ਨੇ ਭਰਪੂਰ ਲਾਭ ਉਠਾਇਆ ਅਤੇ ਸਬੰਧਤ ਵਿਭਾਗਾਂ ਰਾਹੀਂ ਮੌਕੇ 'ਤੇ ਹੀ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਵੀ ਅਮਲ ਵਿੱਚ ਲਿਆਂਦੀ ਗਈ। ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਸਬ ਡਵੀਜਨ ਅਮਰਗੜ੍ਹ ਦੇ ਪਿੰਡ



ਝੰਦਾ,ਮੁਹੰਮਦਪੁਰਾ, ਸਬ ਡਵੀਜਨ ਮਾਲੇਰਕੋਟਲਾ ਦੇ ਪਿੰਡ ਫਰੀਦਪੁਰ ਕਲਾਂ,ਮੁਬਾਰਕਪੁਰ ਚੂੰਘਾ ਅਤੇ ਅਹਿਦਗੜ੍ਹ ਸਬ ਡਵੀਜਨ ਦੇ ਦਿਲਾਵਰਗੜ੍ਹ(ਕੁੱਪ ਖੁਰਦ) ਵਿਖੇ ਆਯੋਜਿਤ ਕੈਂਪਾਂ ਦਾ ਜਾਇਜਾ ਲਿਆ। ਉਨ੍ਹਾਂ ਇਸ ਦੌਰਾਨ ਲੋਕਾਂ ਨਾਲ ਗੱਲਬਾਤ ਵੀ ਕੀਤੀ ਅਤੇ ਕਈ ਸ਼ਿਕਾਇਤਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਇਲਾਕਾ ਨਿਵਾਸੀਆ ਨਾਲ ਗੱਲਬਾਤ ਕੀਤੇ । ਕੈਂਪ ਵਿੱਚ ਸ਼ਾਮਲ ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਦਮ ਦੀ ਭਰਭੂਰ ਸ਼ਲਾਘਾ ਕੀਤੀ । ਡਾ ਪੱਲਵੀ ਨੇ ਕਿਹਾ ਕਿ ਉਹ ਖੁਦ ਇਨ੍ਹਾਂ ਕੈਂਪਾਂ ਦੀ ਨਿਗਰਾਨੀ ਕਰ ਰਹੇ ਹਨ । ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸਤ ਨਹੀਂ ਕੀਤੀ ਜਾਵੇਗੀ । ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਵਿਸ਼ੇਸ ਕੈਂਪਾਂ ਦਾ ਸਿਲਸਿਲਾ ਲਗਾਤਰ ਫਰਵਰੀ ਮਹੀਨੇ ਚੱਲੇਗਾ । ਉਨ੍ਹਾਂ ਐਸ.ਡੀ.ਐਮ.ਨੂੰ ਕਿਹਾ ਕਿ ਉਹ ਆਪਣੇ ਅਧਿਕਾਰ ਖੇਤਰ ਵਿੱਚ ਲੱਗਣ ਵਾਲੇ ਕੈਂਪਾਂ ਦੀ ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ, ਨੰਬਰਦਾਰਾਂ ਅਤੇ ਧਾਰਮਿਕ ਸਥਾਨਾਂ ਤੋਂ ਇਲਾਵਾ ਹੋਰ ਸਾਧਨਾਂ ਰਾਹੀਂ ਕੈਂਪਾਂ ਬਾਰੇ ਅਗੇਤੇ ਤੌਰ 'ਤੇ ਜਾਗਰੂਕ ਸੂਚਨਾ ਦੇਣ ਨੂੰ ਯਕੀਨੀ ਬਣਾਉਣ ਤਾਂ ਜੋ ਇਨ੍ਹਾਂ ਕੈਂਪਾਂ ਦਾ ਲੋੜਵੰਦ ਵੱਧ ਤੋਂ ਵੱਧ ਲਾਭ ਉਠਾ ਸਕਣ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨਿਕ ਸੁਧਾਰ ਤੇ ਜਨ ਸ਼ਿਕਾਇਤ ਵਿਭਾਗ ਦੇ ਸਹਿਯੋਗ ਨਾਲ ਲਗਾਏ ਇਨ੍ਹਾਂ ਕੈਂਪਾਂ ਵਿੱਚ ਸੇਵਾ ਕੇਂਦਰ ਦੇ ਕਰਮਚਾਰੀ ਵੀ ਮੌਜੂਦ ਹਨ, ਕੋਈ ਵੀ ਲੋੜਵੰਦ ਸੇਵਾ ਕੇਂਦਰਾਂ ਨਾਲ ਸਬੰਧਤ ਨਿਰਧਾਰਿਤ ਸੇਵਾਵਾਂ ਦਾ ਲਾਭ ਲੈਣ ਲਈ ਪੁਜ ਸਕਦਾ ਹੈ।

ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਨੁਮਾਇੰਦਿਆ ਤੋਂ ਇਲਾਵਾ ਐਸ.ਡੀ.ਐਮ. ਮਾਲੇਰਕੋਟਲਾ ਸ੍ਰੀਮਤੀ ਅਪਰਨਾ ਐਮ.ਬੀ. ਐਸ.ਡੀ.ਐਮ. ਅਹਿਮਦਗੜ੍ਹ ਸ੍ਰੀ ਹਰਬੰਸ ਸਿੰਘ, ਐਸ.ਡੀ.ਐਮ. ਅਮਰਗੜ੍ਹ ਸ੍ਰੀਮਤੀ ਸੁਰਿੰਦਰ ਕੌਰ ਆਪਣੇ ਆਪਣੇ ਅਧਿਕਾਰ ਖੇਤਰ ਵਾਲੇ ਕੈਂਪਾਂ ਵਿਖੇ ਮੌਜੂਦ ਸਨ ।

# ਸਿਵਲ ਏਵੀਏਸ਼ਨ ਵਿਭਾਗ ਨੇ ਭਰੀ ਉੱਚੀ ਉਡਾਨ : ਦੁਸ਼ਯੰਤ ਚੌਟਾਲਾ

## ਹਿਸਾਰ ਏਅਰਪੋਰਟ ਨੂੰ ਜਹਾਜਾਂ ਦੀ ਨਾਇਟ-ਪਾਰਕਿੰਗ ਲਈ ਵੀ ਕਰ ਸਕਣਗੇ ਇਸਤੇਮਾਲ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਸਿਵਲ ਏਵੀਏਸ਼ਨ ਵਿਭਾਗ ਨੇ ਪਿਛਲੇ ਚਾਰ ਸਾਲਾਂ ਵਿਚ ਪ੍ਰਗਤੀ ਦੀ ਉੱਚੀ ਉੜਾਨ ਭਰਦੇ ਹੋਏ ਕਈ ਵਰਨਣਯੋਗ ਉਪਲਬਧੀਆਂ ਹਾਸਲ ਕੀਤੀਆਂ ਹਨ।

ਉਨ੍ਹਾਂ ਨੇ ਸੂਬੇ ਦੇ ਪ੍ਰਮੁੱਖ ਪ੍ਰੋਜੈਕਟ ਹਿਸਾਰ ਏਵੀਏਸ਼ਨ ਹੱਬ ਦੇ ਬਾਰੇ ਵਿਚ ਇੱਥੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਪਿਛਲੇ ਦਿਨਾਂ ਹੈਦਰਾਬਾਦ ਵਿਚ ਏਵੀਏਸ਼ਨ ਨਾਲ ਸਬੰਧਿਤ ਵਿੰਗਸ ਇੰਡੀਆ -2024 ਇਕ ਸਮੇਲਨ ਹੋਇਆ ਸੀ ਜਿਸ ਵਿਚ ਤਿੰਨ ਐਮਓਯੂ 'ਤੇ ਹਸਤਾਖਰ ਹੋਏ ਹਨ।

ਇੰਨ੍ਹਾਂ ਵਿਚ ਪਹਿਲਾ ਏਅਰਪੋਰਟ ਅਥਾਰਿਟੀ ਆਫ ਇੰਡੀਆ ਦੇ ਨਾਲ ਹੋਇਆ ਹੈ। ਇਸ ਸਮਝੌਤੇ ਤਹਿਤ ਏਅਰਪੋਰਟ 'ਤੇ ਇਕਵਿਪਮੈਂਟ ਮੈਨੇਜਮੈਨ, ਫੰਕਸ਼ਨਿੰਗ ਅਤੇ ਟੈਕਨੀਕਲ ਸਪੋਰਟ ਏਅਰਪੋਰਟ ਅਥਾਰਿਟੀ ਆਫ ਇੰਡੀਆ ਕਰੇਗੀ।

ਦੂਜਾ ਐਮਓਯੂ, ਪਵਨਹੰਸ ਲਿਮੀਟੇਡ, ਭਾਰਤ ਸਰਕਾਰ ਅਤੇ ਹਰਿਆਣਾ ਸਰਕਾਰ ਦੇ ਵਿਚ ਹੋਇਆ ਹੈ। ਇਸ ਦੇ ਲਈ ਹਰਿਆਣਾ ਦੇ ਸਿਵਲ ਏਵੀਏਸ਼ਨ ਵਿਭਾਗ ਨੇ



ਐਚਐਸਆਈਆਈਡੀਸੀ ਤੋਂ 30 ਏਕੜ ਜੀਮਨ ਲੈ ਕੇ ਭਾਰਤ ਸਰਕਾਰ ਨੂੰ ਦਿੱਤੀ ਹੈ। ਇਹ ਜਮੀਨ ਗੁਰੂਗ੍ਰਾਮ ਵਿਚ ਦਵਾਰਕਾ ਐਕਸਪ੍ਰੈਸ ਦੇ ਨਾਲ ਹੈ। ਇਸ ਵਿਚ ਦੇਸ਼ ਦਾ ਸੱਭ ਤੋਂ ਵੱਡਾ ਹੇਲੀਹੱਬ ਸਥਾਪਿਤ ਕੀਤਾ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਇਹ ਹੈਲੀਹੱਲ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡਾ ਤੋਂ ਸਿਰਫ 13 ਕਿਲੋਮੀਟਰ ਦੀ ਦੂਰੀ 'ਤੇ ਹੋਵੇਗਾ। ਇਸ ਹੈਲੀਹੱਬ ਤੋਂ ਪੂਰੇ ਉੱਤਰ ਭਾਰਤ ਨੂੰ ਏਪਿਕ ਸੈਂਟਰ ਵਜੋ ਹੈਲੀਕਾਪਟਰ ਟੈਕਸੀ ਸਰਵਿਸ , ਪ੍ਰਾਈਵੇਟ ਚਾਰਟਰ, ਮੈਡੀਕਲ ਏਂਬੂਲੈਂਸ ਦੀ ਹੈਲੀ-ਸਰਵਿਸਿਸ ਵਰਗੀ ਸਹੂਲਤਾਂ ਮਿਲਣਗੀਆਂ।

ਸ੍ਰੀ ਦੁਸ਼ਯੰਤ ਚੌਟਾਲਾ ਨੇ ਤੀਜੇ ਐਮਓਯੂ ਦੇ ਬਾਰੇ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਹ ਐਮਓਯੂ ਅਲਾਇੰਸ ਏਅਰ ਕੰਪਨੀ ਅਤੇ ਹਰਿਆਣਾ ਸਰਕਾਰ ਦੇ ਵਿਚ ਹੋਇਆ ਹੈ। ਉਨ੍ਹਾਂ ਨੇ ਦਸਿਆ ਕਿ ਸੂਬੇ ਵਿਚ ਨੌ ਏਅਰ ਰੂਟਸ ਚੋਣ ਕੀਤੇ ਗਏ ਹਨ। ਜਿਨਾਂ ਵਿਚ ਉਪਰੋਕਤ ਕੰਪਨੀ ਵੀਜੀਐਫ (ਵਾਈਬਿਲਿਟੀ ਗੈਪ ਫੰਡਿੰਗ) ਦੀ ਸਕੀਮ ਦੇ ਆਧਾਰ 'ਤੇ ਜਹਾਜ ਦੀ ਉੜਾਨ ਭਰੇਗੀ। ਇੰਨ੍ਹਾਂ ਵਿਚ ਹਿਸਾਰ ਤੋਂ ਦੋ ਜਹਾਜ ਹਫਤੇ ਵਿਚ ਤਿੰਨ ਦਿਲ ਉੜਨਗੇ। ਅੰਬਾਲਾ ਵਿਚ ਸਿਵਲ ਟਰਮੀਨਲ ਬਨਣ ਦੇ ਬਾਅਦ ਉੱਥੋਂ ਏਅਰ ਸਰਵਿਸ ਸ਼ੁਰੂ ਹੋ ਜਾਵੇਗੀ।

ਉਨ੍ਹਾਂ ਨੇ ਇਹ ਵੀ ਦਸਿਆ ਕਿ ਦੇਸ਼ ਦੀ ਹੋਰ ਵੱਡੀ ਏਅਰਲਾਇੰਸ ਅਕਾਸਾ ਇੰਡੀਗੋ ਅਤੇ ਸਪੀਡਸਜੇਟ ਦੇ ਪ੍ਰਤੀਨਿਧੀਆਂ ਨੇ ਵੀ ਭਵਿੱਖ ਵਿਚ ਹਿਸਾਰ ਏਅਰਪੋਰਟ ਨੂੰ ਚੰਡੀਗੜ੍ਹ ਏਅਰਪੋਰਟ ਦੀ ਤਰ੍ਹਾ ਪਾਰਕਿੰਗ ਲਈ ਵੀ ਪ੍ਰਯੁਕਤ ਕਰਨ ਦੀ ਇੱਛਾ ਜਤਾਈ ਹੈ। ਕਿਉਂਕਿ ਦਿੱਲੀ ਕੌਮਾਂਤਰੀ ਹਵਾਈ ਅੱਡਾ 'ਤੇ ਰੋਜਾਨਾ ਏਅਰ ਟ੍ਰੈਫਿਕ ਵੱਧ ਰਿਹਾ ਹੈ, ਅਜਿਹੇ ਵਿਚ ਹਿਸਾਰ ਏਅਰਪੋਰਟ ਵੀ ਰਾਤ ਦੇ ਸਮੇਂ ਜਹਾਜ ਪਾਰਕਿੰਗ ਲਈ ਬਿਹਤਰੀਨ ਵਿਕਲਪ ਵਜੋ ਲਾਭਦਾਇਕ ਸਾਬਤ ਹੋਵੇਗਾ।

# ਹਰਿਆਣਾ ਸਰਕਾਰ ਨੇ ਨਵੇਂ ਸਰਕਾਰੀ ਕਰਮਚਾਰੀਆਂ ਨੂੰ ਚਰਿੱਤਰ ਤਸਦੀਕ ਮਾਨਦੰਡਾਂ ਵਿਚ ਦਿੱਤੀ ਢਿੱਲ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਰਕਾਰੀ ਸੇਵਾ ਵਿਚ ਪਹਿਲੀ ਨਿਯੁਕਤੀ ਤੋਂ ਪਹਿਲਾਂ ਚੋਣ ਕੀਤੇ ਉਮੀਦਵਾਰਾਂ ਲਈ ਚਰਿੱਤਰ ਅਤੇ ਪੂਰਵ ਅਨੁਮਾਨ ਤਸਦੀਕ ਦੀ ਪ੍ਰਕ੍ਰਿਆ ਵਿਚ ਵੱਡੀ ਰਾਹਤ ਦਿੱਤੀ ਹੈ।

ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਰਾਜ ਦੇ ਪ੍ਰਸ਼ਾਸ਼ਨਿਕ ਸਕੱਤਰਾਂ, ਵਿਭਾਗਾਂ ਦੇ ਪ੍ਰਮੁੱਖਾਂ ਸਮੇਤ ਪ੍ਰਬੰਧ ਨਿਦੇਸ਼ਕਾਂ, ਮੁੱਖ ਪ੍ਰਸਾਸ਼ਕਾਂ, ਡਿਵੀਜਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਯੂਨੀਵਰਸਿਟੀਆਂ ਦੇ ਰਜਿਸਟਰਾਰਾਂ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਹੈ ਕਿ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਅਤੇ ਹਰਿਆਣਾ ਲੋਕ ਸੇਵਾ ਆਯੋਗ ਵੱਲੋਂ 30 ਜੂਨ, 2024 ਤਕ ਨਿਯੁਕਤੀਆਂ ਦੇ ਲਈ ਅਨੁਸ਼ੰਸਿਕ ਉਮੀਦਵਾਰਾਂ ਨੂੰ ਹੁਣ ਨਿਯੁਕਤੀ ਤੋਂ ਪਹਿਲਾਂ ਚਰਿੱਤ, ਪੂਰਵ ਅਨੁਮਾਨਾਂ ਅਤੇ ਨਿਯੁਕਤੀ ਲਈ ਜਰੂਰੀ ਸਾਰੀ ਦਸਤਾਵੇਜਾਂ ਦੇ ਤਸਦੀਕ ਦੇ ਬਿਨ੍ਹਾਂ ਅੰਤਰਿਮ ਰੂਪ ਨਾਲ ਨਿਯੁਕਤ ਕੀਤਾ ਜਾ ਸਕਦਾ ਹੈ।

ਪੱਤਰ ਵਿਚ ਅੱਗੇ ਕਿਹਾ ਗਿਆ ਹੈ ਕਿ ਆਖੀਰੀ ਨਿਯੁਕਤੀ ਲਈ ਜਰੂਰੀ ਚਰਿੱਤ, ਪੂਰਵ ਅਨੁਮਾਨਾਂ ਅਤੇ ਹੋਰ ਸਾਰੀ ਜਰੂਰੀ ਦਸਤਾਵੇਜਾਂ ਸਮੇਤ ਤਸਦੀਕ ਪ੍ਰਕ੍ਰਿਆ ਉਨ੍ਹਾਂ ਦੀ ਅੰਤਰਿਮ ਨਿਯੁਕਤ ਦੇ ਦੋ ਮਹੀਨੇ ਦੇ ਸਮੇਂ ਅੰਦਰ ਪੂਰੀ ਕੀਤੀ ਜਾਣੀ ਚਾਹੀਦੀ ਹੈ।

# ਜਨ ਸੰਵਾਦ ਪੋਰਟਲ ਤੇ ਦਰਜ ਸ਼ਿਕਾਇਤਾਂ ਦਾ ਤੁਰੰਤ ਹੱਲ ਯਕੀਨੀ ਕਰਨ ਅਧਿਕਾਰੀ - ਮਨੋਹਰ ਲਾਲ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ੧ਨ ਸੰਵਾਦ ਪ੍ਰੋਗ੍ਰਾਮ ਦੌਰਾਨ ਫੀਲਡ ਨਾਲ ਲੋਕਾਂ ਵੱਲੋਂ ਲਿਖਿਤ ਵਿਚ ਦਿੱਤੀਆਂ ਗਈਆਂ ਸ਼ਿਕਾਇਤਾਂ ਦਾ ਰਜਿਸਟ੍ਰੇਸ਼ਣ ੧ਨ ਸੰਵਾਦ ਪੋਰਟਲ 'ਤੇ ਕਰਨ ਅਤੇ ਸ਼੍ਰੇਣੀਵਾਰ ਉਨ੍ਹਾਂ ਦਾ ੧ਲਦੀ ਹੱਲ ਕਰਨ।

ਮੁੱਖ ਮੰਤਰੀ ਅੱਜ ਇੱਥੇ ਜਨ ਸੰਵਾਦ ਪੋਰਟਲ 'ਤੇ ਦਰਜ ਸ਼ਿਕਾਇਤਾਂ ਦੇ ਹੱਲ ਦੇ ਸਬੰਧ ਵਿਚ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਵਿਕਾਸ ਅਤੇ ਪੰਚਾਇਤ ਅਤੇ ਉੱਚੇਰੀ ਸਿਖਿਆ ਵਿਭਾਗ ਨਾਲ ਸਬੰਧਿਤ ਪ੍ਰਾਪਤ ਸ਼ਿਕਾਇਤਾਂ ਦੀ ਸਮੀਖਿਆ ਕੀਤੀ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਸਬੰਧਿਤ ਜਿਆਦਾਤਰ ਮਾਮਲੇ ਇੰਜੀਨੀਅਰਿੰਗ ਵਰਕਸ ਨਾਲ ਜੁੜੇ ਹਨ, ਇਸ ਲਈ ਅੰਦਾਜਾ ਤਿਆਰ ਕਰਨ ਲਈ ਸਰਕਾਰੀ ਵਿਦਿਆਰਥੀਆਂ ਤੇ ਬਹਤਕਨੀਕੀ ਸੰਸਥਾਨਾਂ ਵਿਚ ਸਿਵਲ ਇੰਜੀਨੀਅਰ ਕਰ ਰਹੇ ਆਖੀਰੀ ਸਾਲ ਦੇ ਵਿਦਿਆਰਥੀਆਂ ਨੂੰ ਜੂਨੀਅਰ ਇੰਜੀਨੀਅਰਾਂ ਦੇ ਨਾਲ ਜੋੜਿਆ ੧ਾਵੇ, ਤਾਂ ੧ ਜੂਨੀਅਰ ਇੰਜੀਨੀਅਰਾਂ ਨੂੰ ਅੰਦਾਜਾ ਤਿਆਰ ਕਰਨ ਵਿਚ ਸਹਿਯੋਗ ਮਿਲ ਸਕੇ।ਮੀਟਿੰਗ ਵਿਚ ਜਾਣਕਾਰੀ ਦਿੱਤੀ ਗਈ ਕਿ ਜਲਦੀ ਹੀ ਇੰਜੀਨੀਅਰਿੰਗ ਕੰਮ ਨਾਲ ਜੁੜੇ ਵਿਭਾਗਾਂ ਦੇ ਜੂਨੀਅਰ ਇੰਜੀਨੀਅਰਾਂ ਦੀ ਸੂਚੀ ਵਿਦਿਆਰਥੀਆਂ ਦੇ ਲਈ ਆਨਲਾਇਨ ਉਪਲਬਧ ਕਰਵਾ ਦਿੱਤੀ ਜਾਵੇਗੀ ਅਤੇ ਤਿੰਨ ਦਿਨ ਵਿਚ ਵਿਦਿਆਰਥੀ ਜੂਨੀਅਰ ਇੰਜੀਨੀਅਰ ਦੇ ਨਾਲ ਕੰਮ ਕਰਨ ਲਈ ਵਿਕਲਪ ਦੇ ਸਕਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਕੰਮਾਂ ਦੀ ਮੈਪਿੰਗ ਕਰ ਸ਼੍ਰੇਣੀਵਾਰ ਸੂਚੀ ਬਣਾਈ ਜਾਵੇ। ਮੀਟਿੰਗ ਵਿਚ ਇਸ ਗੱਲ ਦੀ ਵੀ ਜਾਣਕਾਰੀ ਦਿੱਤੀ ਗਈ ਕਿ ਵਿਕਾਸ ਅਤੇ ਪੰਚਾਇਤ ਵਿਭਾਗ ਤੋਂ 23,364 ਵਿਕਾਸ ਕੰਮ, ਜਨ ਸਿਹਤ ਇੰਨਜੀਅਰਿੰਗ ਵਿਭਾਗ ਤੋਂ 2370 ਅਤੇ ਸ਼ਹਿਰੀ ਸਥਾਨਕ ਵਿਭਾਗ ਤੋਂ 1281 ਵਿਕਾਸ ਕੰਮ ਸੂਚੀਬੱਧ ਹਨ।

ਜਨ ਸੰਵਾਦ ਪ੍ਰੋਗ੍ਰਾਮ ਦੌਰਾਨ ਸ਼ਿਕਾਇਤਾਂ ਦੇ ਨਿਪਟਾਨ ਲਈ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ ਕੇ ਸਿੰਘ, ਬਿਜਲੀ ਨਿਗਮਾਂ ਦੇ ਚੇਅਰਮੈਨ ਪੀ ਕੇਦਾਸ, ਸੇਵਾ ਦਾ ਅਧਿਕਾਰ ਕਮਿਸ਼ਨ ਦੇ ਮੁੱਖ ਕਮਿਸ਼ਨਰ ਟੀਸੀ ਗੁਪਤਾ ਅਤੇ ਮੁੱਖ ਮੰਤਰੀ ਦੇ ਸਲਾਹਕਾਰ (ਸਿੰਚਾਈ) ਦੇਵੇਂਦਰ ਸਿੰਘ ਨੂੰ ਵਿਸ਼ੇਸ਼ ਜਿਮੇਵਾਰੀ ਸੌਂਪੀ ਗਈ ਹੈ।

ਇਸ ਮੌਕੇ 'ਤੇ ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਉੱਚੇਰੀ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਨੰਦ ਮੋਹਨ ਸ਼ਰਣ, ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨਿਲ ਮਲਿਕ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਉੱਚੇਰੀ ਸਿਖਿਆ ਦੇ ਮਹਾਨਿਦੇਸ਼ਕ ਰਾਜੀਵ ਰਤਨ, ਹਰਿਆਣਾ ਉੱਚੇਰੀ ਸਿਖਿਆ ਵਿਭਾਗ ਪਰਿਸ਼ਦ ਦੇ ਚੇਅਰਮੈਨ ਕੈਲਾਸ਼ ਚੰਦਰ ਸ਼ਰਮਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਅਧਿਕਾਰੀ ਚੋਣਾਂ ਨੂੰ ਦੇਖਦੇ ਹੋਏ ਆਪਣੇ-ਆਪਣੇ ਖੇਤਰਾਂ ਵਿਚ ਜਲਦੀ ਤੋਂ ਜਲਦੀ ਸੈਕਟਰਲ ਆਫਿਸਰ/ਸੁਪਰਵਾਈਜਰ ਨਾਮਜਦ ਕਰਰਨ : ਅਗਰਵਾਲ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਸਾਰੇ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਲੋਕਸਭਾ-2024 ਦੇ ਆਮ ਚੋਣਾਂ ਨੂੰ ਦੇਖਦੇ ਹੋਏ ਆਪਣੇ-ਆਪਣੇ ਖੇਤਰਾਂ ਵਿਚ ਜਲਦੀ ਤੋਂ ਜਲਦੀ ਸੈਕਟਰਲ ਆਫਿਸਰ/ਸੁਪਰਵਾਈਜਰ ਨਾਮਜਦ ਕਰ ਦੇਣ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਖੇਤਰ ਦੀ ਪੁਲਿਸ ਪ੍ਰਭਾਰੀ ਦੇ ਨਾਲ ਤਾਲਮੇਲ ਕਰਨ ਨੂੰ ਵੀ ਕਿਹਾ ਹੈ ਤਾਂ ਜੋ ਚੋਣ ਪ੍ਰਕ੍ਰਿਆ ਦੇ ਦੌਰਾਨ ਆਪਣੇ ਨਿਰੀਖਣ ਦੌਰੇ ਵਿਚ ਉਨ੍ਹਾਂ ਨੂੰ ਪੁਲਿਸ ਸਟੇਸ਼ਨ ਪਹੁੰਚਣ ਵਿਚ ਰੂਟ ਦੀ ਮੁਸ਼ਕਲ ਨਾ ਆਵੇ। ਸ੍ਰੀ ਅਗਰਵਲਾ ਕੱਲ ਦੇਰ ਸ਼ਾਮ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਸਾਰੇ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਰਹੇ ਸਨ।

ਉਨ੍ਹਾਂ ਨੇ ਕਿਹਾ ਕਿ ਜਿਲ੍ਹਾ ਚੋਣ ਅਧਿਕਾਰੀ ਮੁੱਖ ਚੋਣ ਅਧਿਕਾਰੀ ਦਫਤਰ ਵੱਲੋਂ ਜਾਰੀ ਕੀਤੇ ਗਏ ਭਾਰਤ ਦੇ ਚੋਣ ਕਮਿਸ਼ਨ ਦੇ ਇਲੈਕਸ਼ਨ ਪਲਾਨਰ ਦੇ ਅਨੁਰੂਪ ਆਪਣੈ-ਆਪਣੇ ਜਿਲ੍ਹਿਆਂ ਦਾ ਡਿਸਟ੍ਰਿਕਟ ਕਲੈਕਸ਼ਨ ਪਲਾਨਰ ਤਿਆਰ ਕਰਨ। ਸਾਰੇ ਜਿਲ੍ਹਾ ਚੋਣ ਅਧਿਕਾਰੀ ਘੱਟ ਤੋਂ ਘੱਟ 15 ਦਿਨਾਂ ਵਿਚ ਇਕ ਵਾਰ ਅਤੇ ਚੋਣ ਰਜਿਸਟ੍ਰੇਸ਼ਣ ਅਧਿਕਾਰੀ ਹਫਤੇ ਵਿਚ ਇਕ ਵਾਰ ਮਾਨਤਾ ਪ੍ਰਾਪਤ ਕੌਮੀ ਤੇ ਰਾਜ ਦੀ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੇ ਨਾਲ ਮੀਟਿੰਗ ਕਰ ਅਤੇ ਤਾਲਮੇਲ ਸਥਾਪਿਤ ਕਰਨ। ਉਨ੍ਹਾਂ ਨੇ ਕਿਹਾ ਕਿ ਜਿੰਨ੍ਹੇ ਵੀ ਫਾਰਮ ਲੰਬਿਤ ਹਨ ਉਨ੍ਹਾਂ ਦਾ ਨਿਪਟਾਨ ਜਲਦੀ ਤੋਂ ਜਲਦੀ ਕਰਨ।

ਸ੍ਰੀ ਅਗਰਵਾਲ ਨੇ ਕਿਹਾ ਕਿ ਪਿਛਲੇ ਲੋਕਸਭਾ ਚੋਣ ਵਿਚ ਹੋਏ ਕੁੱਲ ਵੋਟਿੰਗ ਫੀਸਦੀ ਨੂੰ ਵਧਾਉਣ ਦਾ ਟੀਚਾ ਲੈ ਕੇ ਸਾਨੂੰ ਅੱਗੇ ਵੱਧਨਾ ਹੋਵੇਗਾ। ਕਮਿਸ਼ਨ ਦਾ ਟੀਚਾ ਹੈ ਕਿ 18 ਸਾਲ ਦੀ ਉਮਰ ਪੂਰੀ ਹੋਣ ਦੇ ਬਾਅਦ ਕੋਈ ਵੀ ਯੋਗ ਵੋਟਰ ਚੋਣ ਸੂਚੀ ਵਿਚ ਆਪਣਾ ਨਾਂਅ ਸ਼ਾਮਿਲ ਕਰਵਾਏ ਬਿਨ੍ਹਾਂ ਨਾ ਰਹੇ ਅਤੇ ਨਾ ਹੀ ਚੋਣ ਕਰਨ ਤੋਂ ਛੁੱਟ ਜਾਵੇ। ਉਨ੍ਹਾਂ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਵੱਲੋਂ ਫਿਲਮ ਅਭਿਨੇਤਾ ਰਾਜਕੁਮਾਰ ਰਾਓ ਨੂੰ ਚੋਣ ਦਾ ਆਈਕਾਨ ਬਣਾਇਆ ਹੈ। ਜਿਲ੍ਹਾ ਪੱਧਰ 'ਤੇ ਵੀ ਚੋਣ ਅਧਿਕਾਰੀਆਂ ਨੂੰ ਨਵਾਚਾਰ, ਮੇਸਕਾਟ ਤੇ ਆਈਕਾਲ ਬਨਾਉਣ ਦੇ ਵੱਲ ਧਿਆਨ ਦੇਣਾ ਹੋਵੇਗਾ। ਪਰ ਇਸ ਗੱਲ ਦਾ ਧਿਆਨ ਰੱਖਣ ਕਿ ਉਹ ਵਿਅਕਤੀ ਗੈਰ-ਰਾਜਨੀਤਿਕ ਹੋਵੇ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿਚ ਇਸ ਵਾਰ ਲੋਕਸਭਾ ਚੋਣ ਵਿਚ ਘੱਟ ਤੋਂ ਘੱਟ 75 ਫੀਸਦੀ ਚੋਣ ਹੋਣ। ਇਸ ਟੀਚੇ ਨੂੰ ਲੈ ਕੇ ਸਾਰਿਆਂ ਨੂੰ ਕੰਮ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਜਿਲ੍ਹਾ ਚੋਣ ਅਧਿਕਾਰੀ ਆਪਣੇ-ਆਪਣੇ ਜਿਲ੍ਹਿਆਂ ਵਿਚ 1950 ਹੈਲਲਾਇਨ ਨੰਬਰ ਸੰਚਾਲਿਤ ਕਰਨ।

ਮੀਟਿੰਗ ਵਿਚ ਵਧੀਕ ਮੱਖ ਚੋਣ ਅਧਿਕਾਰੀ ਸ੍ਰੀਮਤੀ ਹੇਮਾ ਸ਼ਰਮਾ, ਚੋਣ ਅਧਿਕਾਰੀ ਸ੍ਰੀ ਅਪੂਰਵ ਅਤੇ ਰਾਜ ਕੁਮਾਰ ਵੀ ਮੌਜੂਦ ਸਨ।

# 800 ਮੈਗਾਵਾਟ ਯੂਨਿਟ ਦੀ ਸਮਰੱਥਾ ਦੇ ਨਵੇਂ ਲਗਣ ਵਾਲੇ ਥਰਮਲ ਪਾਵਰ ਪਲਾਂਟ ਯਮੁਨਾਨਗਰ ਦਾ ਕੰਮ ਜਲਦੀ ਹੋਵੇਗਾ ਸ਼ੁਰੂ : ਖੱਟੜ

**ਯਮੁਨਾ ਨਗਰ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਕੁੱਲ ਦੇਰ ਸ਼ਾਮ ਹੋਈ ਹਾਈ ਪਾਵਰ ਵਰਕਸ ਪਰਚੇਜ ਕਮੇਟੀ (ਐਚਪੀਜੀਸੀਐਲ) ਦੀ ਮੀਟਿੰਗ ਵਿਚ 800 ਮੇਗਾਵਾਟ ਯੂਨਿਟ ਦੀ ਸਮਰੱਥਾ ਦਾ ਨਵੇਂ ਲਗਣ ਵਾਲੇ ਦੀਨਬੰਧੂ ਛੋਟੂਰਾਮ ਥਰਮਲ ਪਾਵਰ ਪਲਾਂਟ , ਯਮੁਨਾਨਗਰ ਨੂੰ ਬਨਾਉਣ ਦੇ ਲਈ ਟੇਂਡਰ ਦਾ ਕੰਮ ਭਾਰਤ ਹੈਵੀ ਇਲੈਕਟ੍ਰੀਕਲਸ ਲਿਮੀਟੇਡ (ਬੀਐਚਈਐਲ) ਨੂੰ 6900 ਕਰੋੜ ਰੁਪਏ ਵਿਚ ਦੇਣ ਦੀ ਮੰਜੂਰੀ ਪ੍ਰਦਾਨ ਕੀਤੀ ਗਈ। ਬੀਐਚਈਐਲ ਇਸ ਕੰਮ ਨੂੰ 57 ਮਹੀਨੇ ਦੇ ਸਮੇਂ ਸੀਮਾ ਵਿਚ ਪੂਰਾ ਕਰੇਗੀ।

ਮੀਟਿੰਗ ਵਿਚ ਬਿਜਲੀ ਮੰਤਰੀ ਸ੍ਰੀ ਰਣਜੀਤ ਸਿੰਘ ਵੀ ਮੌਜੂਦ ਰਹੇ।



ਇਸ ਪਲਾਂਟ ਵਿਚ ਅਲਟਰਾ ਸੁਪਰ ਕ੍ਰਿਟਿਕਲ ਯੂਨਿਟ ਲੱਗੇਗੀ ਜਦੋਂ ਕਿ ਹੁਣ ਤਕ ਸਬ-ਕ੍ਰਿਟੀਕਲ ਯੂਨਿਟ ਲੱਗੇ ਹੋਏ ਹਨ। ਇਹ ਪਹਿਲਾਂ ਲੱਗੇ ਯੂਨਿਟ ਤੋਂ 8 ਫੀਸਦੀ ਵੱਧ ਸਮਰੱਥਾ ਦੇ ਹਨ। ਇਸ ਵਿਚ ਕੋਇਲੇ ਦੀ ਖਪਤ ਘੱਟ ਹੋਵੇਗੀ ਅਤੇ ਬਿਜਲੀ ਸਸਤੀ ਬਣੇਗੀ। ਇਸ ਪਰਿਯੋਜਨਾ ਨਾਲ ਹਰਿਆਣਾ ਦੇ ਨਾਗਰਿਕਾਂ ਦੇ ਲਈ ਬਿਨ੍ਹਾਂ ਰੁਕਾਵਟ ਬਿਜਲੀ ਦੀ ਵਿਵਸਥਾ ਯਕੀਨੀ ਕਰਨ ਵਿਚ ਮਦਦ ਮਿਲੇਗੀ। ਨਾਲ ਹੀ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਦੇ ਲਈ ਸਾਰੀ ਸਮੱਗਰੀ ਲਗਾਉਣ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਮੀਟਿੰਗ ਵਿਚ ਉਰਜਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਪੂਰਵ ਕੁਮਾਰ ਸਿੰਘ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਹਰਿਆਣਾ ਬਿਜਲੀ ਉਤਪਾਦਨ ਨਿਗਮ ਲਿਮੀਟੇਡ ਦੇ ਚੇਅਰਮੈਨ ਪੀ ਕੇ ਦਾਸ, ਹਰਿਆਣ ਬਿਜਲੀ ਉਤਪਾਦਨ ਨਿਗਮ ਲਿਮੀਟੇਡ ਦੇ ਪ੍ਰਬੰਧ ਨਿਦੇਸ਼ਕ ਮੋਹਮਦ ਸ਼ਾਇਨ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਹਰਿਆਣਾ ਦੇ ਹਰੇਕ ਸ਼ਹਿਰ ਵਿਚ ਪੰਚਕਰਮਾ ਸੈਂਟਰ ਸਥਾਪਿਤ ਕੀਤੇ ਜਾਣਗੇ - ਆਯੂਸ਼ ਮੰਤਰੀ ਅਨਿਲ ਵਿਜ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਹਤ, ਪਰਿਵਾਰ ਅਤੇ ਆਯੂਸ਼ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਰਾਜ ਦੇ ਹਰੇਕ ਸ਼ਹਿਰ ਵਿਚ ਪੰਚਕਰਮਾ ਸੈਂਟਰ ਸਥਾਪਿਤ ਕੀਤੇ ਜਾਣਗੇ। ਇਸ ਤੋਂ ਇਲਾਵਾ, ਟੂਰੀਜਮ ਸਥਾਨਾਂ ਵਿਚ ਵੀ ਟੂਰੀਜਮ ਵੈਲਨੈਸ ਸੈਂਟਰ ਸਥਾਪਿਤ ਕੀਤੇ ਜਾਣਗੇ।

ਆਯੂਸ਼ ਮੰਤਰੀ ਸ੍ਰੀ ਅਨਿਲ ਵਿਜ ਨੇ ਇਹ ਗੱਲ ਅੱਜ ਆਯੂਸ਼ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਪ੍ਰਬੰਧਿਤ ਇਕ ਸਮੀਖਿਆ ਮੀਟਿੰਗ ਵਿਚ ਕਹੀ।

ਸ੍ਰੀ ਵਿਜ ਨੇ ਦਸਿਆ ਕਿ 5500 ਆਯੂਸ਼ ਯੋਗ ਸਹਾਇਤਾਂ ਦੀ ਭਰਤੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਸ਼ਹਿਰੀ ਖੇਤਰ ਦੇ ਪ੍ਰਤਿਸ਼ਠਤ ਪਾਰਕਾਂ, ਧਰਮਸ਼ਾਲਾਵਾਂ ਅਤੇ ਕੰਮਿਊਨਿਟੀ ਸੈਂਟਰਾਂ ਵਿਚ ਯੋਗ ਸਿਖਲਾਈ ਦੀ ਜਿਮੇਵਾਰੀ ਸੌਂਪੀ ਜਾਵੇਗੀ। ਅਜਿਹੇ ਹੀ, ਆਯੂਸ਼ ਯੋਗ ਨਿਰੀਖਕ ਕੋਚ ਨੂੰ ਪਹਿਲਾਂ ਮੰਜੂਰਸ਼ੁਦਾ ਆਦਿਆਂ 'ਤੇ ਐਚਕੇਆਰਐਨ ਤੋਂ ਭਰਤੀ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਆਯੂਸ਼ ਵਿਭਾਗ ਵਿਚ ਜਿੰਨ੍ਹੇ ਵੀ ਖਾਲੀ ਅਹੁਦੇ ਹਨ ਉਲ੍ਹਾਂ ਨੂੰ ਤੁਰੰਤ ਭਰਤੀ ਕੀਤਾ ਜਾਵੇ। ਸ੍ਰੀ ਵਿਜ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਦੇ ਸਾਰੇ ਪਿੰਡਾਂ ਵਿਚ ਯੋਗ ਸਹਾਇਕ ਨਿਯੁਕਤ ਕੀਤੇ ਜਾਣ ਤਾਂ ਜੋ ਸੁੰਦਰ ਗ੍ਰਾਮੀਣ ਖੇਤਰ ਵਿਚ ਵੀ ਯੋਗ ਨੂੰ ਪਹੁੰਚਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸ਼ਹਿਰੀ ਖੇਤਰਾਂ ਵਿਚ ਯੋਗ ਸਿਖਲਾਈ ਪ੍ਰੋਗ੍ਰਾਮ ਚਲਾਇਆ ਜਾਵੇ ਤਾਂ ਜੋ ਲੋਕਾਂ ਨੂੰ ਯੋਗ ਦੇ ਲਾਭ ਦੇ ਸਬੰਧ ਵਿਚ ਜਾਗਰੁਕ ਕੀਤਾ ਜਾ ਸਕੇ।

ਸ੍ਰੀ ਵਿਜ ਨੇ ਜਿਲ੍ਹਾ ਤੇ ਸੂਬਾ ਪੱਧਰ 'ਤੇ ਆਯੂਸ਼ ਸਹਾਇਕਾਂ ਦੇ ਸਿਖਲਾਈ ਪ੍ਰੋਗ੍ਰਾਮਾਂ ਨੂੰ ਸੰਚਾਲਤ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ ਕਿ ਯੋਗ ਸਹਾਇਕਾਂ ਲਈ ਇਕ ਸਾਫਟਵੇਅਰ ਬਣਾਇਆ ਜਾਵੇ ਤਾਂ ਜੋ ਉਨ੍ਹਾਂ ਦੀ ਮੌਜੂਦਗੀ ਦਾ ਪਤਾ ਚਲ ਸਕੇ। ਨਾਲ ਹੀ ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਕਿ ਹਰੇਕ ਯੋਗਸ਼ਾਲਾ ਨੂੰ ਚੋਣ ਕਰ ਉਨ੍ਹਾਂ ਨੂੰ ਚੰਗਾ ਬਣਾਇਆ ਜਾਵੇ। ਮੀਟਿੰਗ ਵਿਚ ਵੀ ਸ੍ਰੀ ਵਿਜ ਨੂੰ ਜਾਣੂੰ ਕਰਾਇਆ ਗਿਆ ਕਿ ਪਹਿਲੇ ਪੜਾਅ ਵਿਚ 1121 ਵਿਯਾਮਸ਼ਾਲਾਵਾਂ ਬਣ ਰਹੀਆਂ ਹਨ ਅਤੇ ਉਸ ਵਿਚ 656 ਯੋਗਸ਼ਾਲਾਵਾਂ ਆਯੂਸ਼ ਵਿਭਾਗ ਨੂੰ ਸੌਂਪ ਦਿੱਤੀਆਂ ਗਈਆਂ ਹਨ। ਯੋਗਸ਼ਾਲਾਵਾਂ ਤੇ ਚੌਪਾਲਾਂ ਵਿਚ 892 ਯੋਗ ਸਹਾਇਕ ਨਿਯੁਕਤ ਹੋ ਚੁੱਕੇ ਹਨ। ਹੁਣ ਅਗਲੇ ਪੜਾਅ ਵਿਚ 1353 ਨਵੀਂ ਯੋਗਸ਼ਾਲਾਵਾਂ ਦਾ ਸਥਾਨ ਚੋਣ ਕਰ ਲਿਆ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਯੋਗ ਮੈਡੀਟੇਸ਼ਨ ਰਿਸਰਚ ਅਧਾਰਿਤ ਸੈਂਟਰ ਨੂੰ ਸ੍ਰੀਕ੍ਰਸ਼ਣ ਆਯੂਸ਼ ਯੂਨੀਵਰਸਿਟੀ, ਕੁਰੁਕਸ਼ੇਤਰ ਵਿਚ ਸ਼ੁਰੂ ਕੀਤਾ ਜਾਵੇ ਤਾਂ ਜੋ ਇਸ ਖੇਤਰ ਵਿਚ ਰਿਸਰਚ ਨੂੰ ਵਧਾਇਆ ਜਾ ਸਕੇ। ਆਯੂਰਵੈਦਿਕ ਫਾਰਮੇਸੀ ਨੂੰ ਸ੍ਰੀ ਕ੍ਰਿਸ਼ਣਾ ਆਯੂਸ਼ ਯੂਨੀਵਰਸਿਟੀ ਨੂੰ ਚਲਾਉਣ ਦੀ ਮੰਜੂਰੀ ਪ੍ਰਦਾਨ ਕੀਤੀ ਗਈ ਹੈ। ਨਾਲ ਹੀ ਸ੍ਰੀ ਕ੍ਰਿਸ਼ਣਾ ਆਯੂਸ਼ ਯੂਨੀਵਰਸਿਟੀ ਵਿਚ ਆਯੂਰਵੇਦ ਸਮੇਤ ਆਯੂਸ਼ ਦੀ ਪੰਜੋਂ ਮੈਡੀਕਲ ਪੱਦਤੀਆਂ ਰਾਹੀਂ ਇਨਡੋਰ ਤੇ ਆਊਟਡੋਰ ਮੈਡੀਕਲ ਸ਼ੁਰੂ ਕਰਨ ਦੇ ਨਿਰਦੇਸ਼ ਵੀ ਸ੍ਰੀ ਵਿਜ ਨੇ ਅਧਿਕਾਰੀਆਂ ਨੂੰ ਦਿੱਤੇ।

ਸ੍ਰੀ ਵਿਜ ਨੇ ਹਿਸਾਰ ਦੇ ਮਯਯੜ ਵਿਚ ਬਣਾਏ ੧ਾ ਰਹੇ ਆਯੂਰਵੈਦਿਕ ਹਸਪਤਾਲ, ਨੂੰਹ ਦੇ ਆਕੇਡਾ ਵਿਚ ਬਣਾਏ ਜਾ ਰਹੇ ਯੂਨਾਨੀ ਹਸਪਤਾਲ ਅਤੇ ਅੰਬਾਲਾ ਵਿਚ ਬਣਾਏ ੧ਾ ਰਹੇ ਹੋਮਿਓਪੈਥਿਕ ਕਾਲਜ ਦੇ ਨਿਰਮਾਣ ਕੰਮ ਦੀ ਸਮੀਖਿਆ ਕੀਤੀ ਅਤੇ ਇੰਨ੍ਹਾਂ ਦੇ ਕੰਮਾਂ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਆਯੂਸ਼ ਮੰਤਰੀ ਨੇ ਸਟੇਟ ਮੈਡੀਸਲ ਬੋਰਡ ਦੇ ਸਬੰਧ ਵਿਚ ਵਿਚਾਰ-ਵਟਾਂਦਰਾਂ ਕਰਦੇ ਹੋਏ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਦਾ ਸਿਖਲਾਈ ਪ੍ਰੋਗ੍ਰਾਮ ਸ਼ੁਰੂ ਕਰਨ। ਜਨ ਔਸ਼ਧੀ ਪੌਧ ਦੀ ੧ਰੂਰਤ ਹੈ ਉਨ੍ਹਾਂ ਦੇ ਬਾਰੇ ਵਿਚ ਸਿਖਲਾਈ ਕਰਵਾਈ ਜਾਵੇਗੀ ਤਾਂ ਜੋ ਕਿਸਾਨ ਆਰਥਕ ਰੂਪ ਤੋਂ ਮਜਬੂਤ ਬਣ ਸਕਣ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ ਕਿ ਆਯੂਸ਼ ਵਿਭਾਗ ਦੀ ਖੁਦ ਦੀ ਡਰੱਗ ਟੇਸਟਿੰਗ ਲੈਬ ਸਥਾਪਿਤ ਕੀਤੀ ਜਾਵੇ।

ਮੀਟਿੰਗ ਵਿਚ ਸ੍ਰੀ ਵਿਜ ਨੂੰ ਜਾਣੂੰ ਕਰਾਇਆ ਗਿਆ ਕਿ ਹਰਿਆਣਾ ਯੋਗ ਆਯੋਗ ਨੇ ਸੂਬੇ ਦੇ ਲਈ ਯੋਗ ਨੀਤੀ ਪ੍ਰਸਤਾਵਿਤ ਕੀਤੀ ਹੈ। ਹਰਿਆਣਾ ਵਿਚ ਇਕ ਫਰਵਰੀ ਤੋਂ 20 ਫਰਵਰੀ ਤਕ ਸੂਜਿਆ ਨਮਸਕਾਰ ਮੁਹਿੰਮ ਚਲਾਈ ਜਾ ਰਹੀ ਹੈ ਇਸ ਵਿਚ ਵਿਸ਼ੇਸ਼ ਸਹਿਯੋਗ ਦੇਣ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਮੀਟਿੰਗ ਵਿਚ ਇਹ ਵੀ ਦਸਿਆ ਗਿਆ ਕਿ ਵਿਦੇਸ਼ ਸਹਿਯੋਗ ਵਿਭਾਗ ਰਾਹੀਂ ਆਯੂਸ਼ ਵਿਭਾਗ, ਹਰਿਆਣਾ ਯੋਗ ਆਯੋਗ ਰਾਜ ਦੇ ਨੌਜੁਆਨਾਂ ਨੂੰ ਵਿਦੇਸ਼ੀ ਭਾਸ਼ਾ ਸਿਖਲਾਈ ਅਤੇ ਵਿਦੇਸ਼ ਵਿਚ ਯੋਗ ਕੋਚਾਂ ਦੀ ਨਿਯੁਕਤੀ ਨੂੰ ਲੈ ਕੇ ਕੰਮ ਕਰ ਰਿਹਾ ਹੈ ਤਾਂ ਜੋ ਸਾਡੇ ਸੂਬੇ ਦੇ ਨੌਜੁਆਨ ਵਿਦੇਸ਼ਾਂ ਵਿਚ ਲੋਕਾਂ ਨੂੰ ਯੋਗ ਸਿਖਾ ਸਕਣ ਅਤੇ ਉਹ ਆਪਣਾ ਰੁਜਗਾਰ ਪ੍ਰਾਪਤ ਕਰਨ ਸਕਣ। ਇਸ ਸਬੰਧ ਵਿਚ ਜਾਪਾਨ ਦੇ ਇਕ ਵਫਦ ਨੇ ਪ੍ਰਸਤਾਵ ਰੱਖਿਆ ਹੈ ਜਿਸ 'ਤੇ ਵਿਚਾਰ-ਵਟਾਂਦਰਾਂ ਕੀਤਾ ੧ਾ ਰਿਹਾ ਹੈ।

# ਹਰਿਆਣਾ ਦੇ ਮੁੱਖ ਮੰਤਰੀ ਨੇ ਕੀਤਾ ਵੱਡਾ ਐਲਾਨ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬੇ ਦੇ ਕਈ ਜਿਲ੍ਹਿਆਂ ਵਿਚ ਗੜ੍ਹੇ ਪੈਣ ਨਾਲ ਫਸਲਾਂ ਦੇ ਨੁਕਸਾਨ ਦੀ ਸਪੈਸ਼ਲ ਗਿਰਦਾਵਰੀ ਦੇ ਆਦੇਸ਼ ਦੇ ਦਿੱਤੇ ਗਏ ਹਨ।

ਸ੍ਰੀ ਮਨੋਹਰ ਲਾਲ ਨੇ ਇਹ ੧ਾਣਕਾਰੀ ਅੱਜ ਪੰਚਕੂਲਾ ਵਿਚ ਮਿਸ਼ਨ ਕਰਮਯੋਗੀ ਤਹਿਤ ਪ੍ਰਬੰਧਿਤ ਨੈਤਿਕਤਾ ਕੈਂਪ (ਏਥਿਕਸ ਕੰਨਕਲੇਵ) ਨੂੰ ਸੰਬੋਧਿਤ ਕਰਨ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਦਿੱਤੀ।

ਇਸ ਮੌਕੇ 'ਤੇ ਵਿਧਾਨਸਭਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ ਵੀ ਮੌਜੂਦ ਸਨ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਤਿੰਨ ਚਾਰ ਦਿਨਾਂ ਵਿਚ ਪੂਰੇ ਹਰਿਆਣਾ ਵਿਚ ਬਰਸਾਤ ਅਤੇ ਗੜ੍ਹੇ ਪਏ ਹਨ।

ਗੜ੍ਹੇ ਪੈਣ ਨਾਲ ਕਈ ਜਿਲ੍ਹਿਆਂ ਵਿਚ ਫਸਲਾਂ ਦਾ ਨੁਕਸਾਨ ਹੋਇਆ ਹੈ। ਅੱਜ ਹੀ ਅਸੀਂ ਅਜਿਹੇ ਸਥਾਨਾਂ 'ਤੇ ਸਪੈਸ਼ਲ ਗਿਰਦਾਵਰੀ ਦੇ ਆਦੇਸ਼ ਕਰ ਦਿੱਤੇ ਹਨ। ਜਿਨ੍ਹਾਂ ਕਿਸਾਨਾਂ ਦੀ ਫਸਲਾਂ ਦਾ ਨੁਕਸਾਨ ਹੋਇਆ ਹੈ ਕਿ ਉਲ੍ਹਾਂ ਦੀ ਸਪੈਸ਼ਲ ਗਿਰਦਾਵਰੀ ਕਰਵਾ ਕੇ ਮੁਆਵਜੇ ਦਾ ਭੁਗਤਾਨ ਕੀਤਾ ਜਾਵੇਗਾ।

# ਮੁਲਾਜ਼ਮਾਂ ਵੱਲੋਂ ਬਿਜਲੀ ਬਿੱਲਾਂ ਦੀ ਵਸੂਲੀ ਦੇ ਕੰਮ ਦਾ ਬਾਈਕਾਟ



**ਰਤੀਆ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਨਿਗਮ ਦੀ ਰਤੀਆ ਸਬ-ਅਰਬਨ ਸਬ-ਡਿਵੀਜ਼ਨ ਵਿੱਚ ਤਾਇਨਾਤ ਲਾਈਨਮੈਨ ਦੀ ਬਦਲੀ ਕੀਤੇ ਜਾਣ ਵਿਰੁੱਧ ਅੱਜ 8ਵੇਂ ਦਿਨ ਵੀ ਆਲ ਹਰਿਆਣਾ ਪਾਵਰ ਕਾਰਪੋਰੇਸ਼ਨ ਵਰਕਰ ਯੂਨੀਅਨ ਨੇ ਐਸਡੀਓ ਦਫ਼ਤਰ ਦੇ ਬਾਹਰ ਧਰਨਾ ਦਿੱਤਾ। ਹੜਤਾਲ ਦੌਰਾਨ ਮੁਲਾਜ਼ਮਾਂ ਨੇ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਬਦਲੀ ਖਿਲਾਫ਼ ਰੋਸ ਪ੍ਰਗਟਾਇਆ। ਕਾਮਿਆਂ ਨੇ ਬਿਜਲੀ ਬਿੱਲਾਂ ਦੀ ਵਸੂਲੀ ਦੇ ਕੰਮ ਦਾ ਵੀ ਬਾਈਕਾਟ ਕਰ ਦਿੱਤਾ ਹੈ। ਇਸ ਧਰਨੇ ਦੀ ਅਗਵਾਈ ਸਬ ਯੂਨਿਟ ਸਕੱਤਰ ਪ੍ਰੇਮ ਸ਼ਰਮਾ ਨੇ ਕੀਤੀ ਅਤੇ ਪ੍ਰਧਾਨਗੀ ਸਬ-ਅਰਬਨ ਸਬ-ਯੂਨਿਟ ਦੇ ਪ੍ਰਧਾਨ ਕਸ਼ਮੀਰ ਸਿੰਘ ਨੇ ਕੀਤੀ। ਅੱਜ ਦੇ ਧਰਨੇ ਵਿੱਚ ਫਤਿਹਾਬਾਦ ਯੂਨਿਟ ਦੇ ਮੁਖੀ ਅਮਿਤ ਸ਼ਰਮਾ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਨੇ ਕਿਹਾ ਕਿ ਜੇਕਰ ਬਦਲੀ ਜਲਦੀ ਰੱਦ ਨਾ ਕੀਤੀ ਤਾਂ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਯੂਨੀਅਨ ਲਾਈਨਮੈਨ ਦੀ ਦਬਾਅ ਕਾਰਨ ਕੀਤੀ ਬਦਲੀ ਦੀ ਸਖ਼ਤ ਨਿਖੇਧੀ ਕਰਦੀ ਹੈ ਅਤੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਸਾਥੀਆਂ ਦਾ ਸਨਮਾਨ ਕਰਦੇ ਹੋਏ ਸਮੇਂ ਸਿਰ ਬਦਲੀ ਰੱਦ ਕਰਨ, ਨਹੀਂ ਤਾਂ ਯੂਨੀਅਨ ਵੱਲੋਂ ਵੱਡਾ ਫੈਸਲਾ ਲਿਆ ਜਾਵੇਗਾ। ਹੜਤਾਲ ਦੌਰਾਨ ਸਤਪਾਲ ਸਿੰਘ, ਰਾਮ ਕੁਮਾਰ ਸਿੰਗਲਾ, ਮਨੋਜ ਕਾਮਰਾ, ਪ੍ਰਮੋਦ ਕੁਮਾਰ, ਸ਼ੇਸ਼ਨਾਥ, ਧਰਮਵੀਰ, ਵਿਨੋਦ ਕੁਮਾਰ, ਮਾਨਵ, ਜਗਤਾਰ ਸਿੰਘ ਪ੍ਰਵੇਸ਼, ਪ੍ਰਮੋਦ, ਸੁਨੀਲ ਕੁਮਾਰ, ਲਛਮਣ ਦਾਸ, ਗੁਰਦੀਪ ਸਿੰਘ ਅਤੇ ਹੋਰ ਮੁਲਾਜ਼ਮ ਵੀ ਹਾਜ਼ਰ ਸਨ।

# ਭੌਤਿਕ ਨਿਰਮਾਣ ਤੋਂ ਪਹਿਲਾਂ ਵਿਅਕਤੀ ਨਿਰਮਾਣ ਜਰੂਰੀ : ਮੁੱਖ ਮੰਤਰੀ ਮਨੋਹਰ ਲਾਲ

- ਪੰਚਕੂਲਾ ਵਿਚ ਮਿਸ਼ਨ ਕਰਮਯੋਗੀ ਦੇ ਤਹਿਤ ਪ੍ਰਬੰਧਿਤ ਨੈਤਿਕਤਾ ਕੈਂਪ ਵਿਚ ਬੋਲੇ ਮੁੱਖ ਮੰਤਰੀ
- ਸਾਡੀ ਵਿਚਾਰਧਾਰਾ ਵਿਚ ਨੈਤਿਕਤਾ ਸੱਭ ਤੋਂ ਉੱਪਰ - ਮੁੱਖ ਮੰਤਰੀ
- ਕਰਮਯੋਗੀ ਸਿਖਲਾਈ ਮਾਡੀਯੂਲ ਨੂੰ ਹਿਪਾ ਆਪਣੇ ਕੋਰਸ ਵਿਚ ਕਰਨ ਵਰਤੋ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਸਮਾਜ ਵਿਚ ਵਿਅਕਤੀ ਨਿਰਮਾਣ ਦੀ ਜਰੂਰਤ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਭੌਤਿਕ ਨਿਰਮਾਣ ਤੋਂ ਪਹਿਲਾਂ ਵਿਅਕਤੀ ਨਿਰਮਾਣ ਜਰੂਰੀ ਹੈ। ਇਕ ਵਾਰ ਵਿਅਕਤੀ ਦਾ ਨਿਰਮਾਣ ਹੋ ਗਿਆ ਤਾਂ ਭੌਤਿਕ ਨਿਰਮਾਣ ਆਪਣੇ ਆਪ ਹੋ ਜਾਵੇਗਾ। ਵਿਅਕਤੀ ਨਿਰਮਾਣ 'ਤੇ ਸਰਦਾਰਾਂ ਦਾ ਧਿਆਨ ਜਾਵੇਗਾ। ਪਹਿਲਾਂ ਕਿਸੇ ਨੇ ਸੋਚਿਆ ਨਹੀਂ ਸੀ।

ਸ੍ਰੀ ਮਨੋਹਰ ਲਾਲ ਅੱਜ ਪੰਚਕੂਲਾ ਵਿਚ ਮਿਸ਼ਨ ਕਰਮਯੋਗੀ ਤਹਿਤ ਪ੍ਰਬੰਧਿਤ ਨੇਤਿਕਤਾ ਕੈਂਪ (ਏਥਿਕਸ ਦਾ ਕੰਨਕਲੇਵ) ਵਿਚ ਮੌਜੂਦ ਭਾਰਤੀ ਪ੍ਰਸ਼ਾਸ਼ਨਿਕ ਸੇਵਾ, ਭਾਰਤੀ ਪੁਲਿਸ ਸੇਵਾ ਅਤੇ ਹਰਿਆਣਾ ਸਿਵਲ ਸੇਵਾ ਦੇ ਅਧਿਕਾਰੀਆਂ ਨੂੰ ਸੰਬੋਧਿਤ ਕਰ ਰਹੇ ਸਨ ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸੁਸ਼ਾਸ਼ਨ ਵਿਚ ਨੈਤਿਕਤਾ ਭਾਵ ਨੂੰ ਆਤਮਸਾਤ ਕਰਨ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਮਿਸ਼ਨ ਕਰਮਯੋਗੀ ਦੀ ਸ਼ੁਰੂਆਤ ਕੀਤੀ ਹੈ। ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਜਿਮੇਵਾਰੀ ਹੈ ਕਿ ਵਿਵਸਥਾਵਾਂ ਵਿਚ ਜਨਤਾ ਦਾ ਭਰੋਸਾ ਵਧੇ। ਉਨ੍ਹਾਂ ਨੇ ਕਿਹਾ ਕਿ ਲੋਕਾਂ ਵਿਚ ਅਵਿਸ਼ਵਾਸ ਦੀ ਭਾਵਨਾ ਨੂੰ ਖਤਮ ਕਰਨਾ ਇਕ ਚਨੌਤੀ ਹੈ ਪਰ ਅਧਿਕਾਰੀ ਆਪਣੇ ਸੋਚ ਅਤੇ ਕਾਰਜਸ਼ੈਲੀ ਵਿਚ ਬਦਲਾਅ ਲਿਆ ਕੇ ਜਨਤਾ ਦੀ ਉਮੀਦਾਂ 'ਤੇ ਖਰਾ ਉਤਰ ਸਕਦੇ ਹਨ। ਅਧਿਕਾਰੀਆਂ ਤੇ ਕਰਮਚਾਰੀਆਂ ਵਿਚ ਸੰਕਲਪ ਤਾਕਤ ਤੇ ਮਨੋਬਲ ਦੇ ਨਾਲ ਸਮਾਜ ਸੇਵਾ ਦੇ ਭਾਵ ਨੂੰ ਜਾਗ੍ਰਿਤ ਕਰਨ ਲਈ ਮਿਸ਼ਨ ਕਰਮਯੋਗੀ ਦੀ ਸ਼ੁਰੂਆਤ ਕੀਤੀ ਗਈ ਹੈ। ਅਧਿਕਾਰੀ ਤੇ ਕਰਮਚਾਰੀ ਅਸਲ ਕਰਮਯੋਗੀ ਬਣਦੇ ਹੋਏ ਸਮਾਜ ਨੂੰ ਆਪਣਾ ਬੇਸਟ ਦੇਣਗੇ ਤਾਂ ਉਨ੍ਹਾਂ ਨੂੰ ਆਤਮਕ ਸੰਤੋਸ਼ ਦੀ ਪ੍ਰਾਪਤੀ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 2014 ਵਿਚ ਜੋਤਾਂ ਉਨ੍ਹਾਂ ਨੇ ਸੱਤਾ ਸੰਭਾਲੀ ਉਦੋਂ ਸ਼ੋਨ ਅਤੇ ਅਧਿਕਾਰੀਆਂ /ਕਰਮਚਾਰੀਆਂ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਉਨ੍ਹਾਂ ਦੇ ਮਨ ਵਿਚ ਕਈ ਤਰ੍ਹਾ ਦੇ ਸੁਆਲ ਸਨ। ਸ਼ਾਸਨ ਵਿਚ ਚੰਗੀ ਪ੍ਰਵ੍ਰਿਤੀ ਦੇ ਲੋਕ ਵੀ ਬਹੁਤ ਹਨ। ਪਰ ਬਦਲਾਅ ਦੀ ਜਰੂਰਤ ਨੂੰ ਦੇਖਦੇ ਹੋਏ ਅਸੀਂ 25 ਦਸੰਬਰ, 2015 ਨੂੰ ਪਹਿਲਾ ਸੁਸ਼ਾਸ਼ਨ ਦਿਵਸ 'ਤੇ ਵਿਵਸਥਾ ਬਦਲਣ ਦੀ ਦਿਸ਼ਾ ਵਿਚ ਅਨੇਕ ਪਹਿਲ ਦੀ ਸ਼ੁਰੂਆਤ ਕੀਤੀ। ਪਿਛਲੇ ਲਗਭਗ ਸਾਢੇ 9 ਸਾਲਾਂ ਵਿਚ ਅਸੀਂ ਸੁਸ਼ਾਸਨ ਦੀ ਦਿਸ਼ਾ ਵਿਚ ਅਨੇਕ ਸਫਲ ਕੰਮ ਕੀਤੇ ਹਨ। ਪਰ ਹੁਣੀ ਵੀ ਬਹੁਤ ਕੁੱਝ ਕਰਨਾ ਬਾਕੀ ਹੈ ਅਤੇ ਇਸ ਦੇ ਲਈ ਤੁਹਾਡਾ ਸਾਰਿਆਂ ਦਾ ਸਹਿਯੋਗ ਬਹੁਤ ਜਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਖੁਸ਼ਕਿਸਮਤ ਹਨ ਕਿ ਸਾਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਅਤੇ ਮਾਰਗਦਰਸ਼ਨ ਵਿਚ ਜਨਸੇਵਾ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੇ ਕਿਹਾ ਪ੍ਰਧਾਨ ਮੰਤਰੀ ਅਤੇ ਉਹ ਖੁਦ ਉਸ ਵਿਚਾਰਧਾਰਾ ਤੋਂ ਆਉਂਦੇ ਹਨ ਜਿੱਥੇ ਨੈਤਿਕਤਾ ਸੱਭ ਤੋਂ ਉੱਪਰ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਪਹਿਲ ਕਰਦੇ ਹੋਏ ਸੱਭ ਤੋਂ ਪਹਿਲਾਂ ਰਾਜਨੇਤਾਵਾਂ ਦੀ ਛਵੀਂ ਸੁਧਾਰਨ ਦਾ ਕੰਮ ਕੀਤਾ। ਉਨ੍ਹਾਂ ਨੂੰ ਮਾਣ ਹੈ ਕਿ ਪ੍ਰਧਾਨ ਮੰਤਰੀ ਨੇ ਨਾ ਸਿਰਫ ਇਸ ਦਾ ਖੁਦ ਪਾਲਣ ਕੀਤਾ ਸਗੋ ਆਪਣੀ ਪੂਰੀ ਟੀਮ ਵਿਚ ਵੀ ਨੈਤਿਕਤਾ ਦੀ ਭਾਵਨਾ ਨੂੰ ਯਕੀਨੀ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਨੇ ਇਕ ਵਾਰ ਕਿਹਾ ਸੀ ਕਿ ਉਹ ਦਿੱਲੀ ਤੋਂ ਇਕ ਰੁਪਇਆ ਭੇਜਦੇ ਹਨ ਤਾਂ ਸਿਰਫ 15 ਪੈਸੇ ਹੀ ਹੇਠਾਂ ਪਹੁੰਚ ਪਾਉਂਦੇ ਹਨ ਬਾਕੀ ਇੱਧਰ-ਉੱਧਰ ਹੋ ਜਾਂਦੇ ਹਨ। ਪਰ ਅੱਜ ਸਰਕਾਰ ਵੱਲੋਂ ਭੇਜਿਆ ਗਿਆ ਇਕ-ਇਕ ਪੈਸਾ ਵਿਕਾਸ ਦੇ ਕੰਮਾਂ ਵਿਚ ਖਰਚ ਹੋ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿਚ ਸਰਕਾਰ ਬਣਦੇ ਹੀ ਉਨ੍ਹਾਂ ਨੇ ਸੱਭ ਤੋਂ ਪਹਿਲਾਂ ਸਾਰੇ ਭੇਦਭਾਵ ਨੂੰ ਖਤਮ ਕੀਤਾ ਅਤੇ ਹਰਿਆਣਾ ਇਕ-ਹਰਿਆਣਵੀਂ ਇਕ ਦੀ ਭਾਵਨਾ ਨਾਲ ਸੂਬੇ ਦਾ ਸਮਾਜ ਵਿਕਾਸ ਯਕੀਨੀ ਕੀਤਾ। ਪਹਿਲਾਂ ਦੀਆਂ ਸਰਕਾਰਾਂ ਦਾ ਜਿਕਰ ਕਰਦੇ ਹੋਏ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਹਿਲਾਂ ਦੇ ਮੁੱਖ ਮੰਤਰੀ ਆਪਣੇ-ਆਪਣੇ ਜਿਲ੍ਹਿਆਂ ਦੇ ਵਿਕਾਸ 'ਤੇ ਫੋਕਸ ਰਹਿੰਦਾ ਸੀ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਨਿਯਮਾਂ ਅਤੇ ਕਾਨੂੰਨ ਦੇ ਵਿਰੁੱਧ ਕੰਮ ਕਰਨ ਵਾਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਮੌਜੂਦਾ ਸਰਕਾਰ ਨੇ ਸੱਤ ਐਸ- ਸਿਖਿਆ, ਸਿਹਤ, ਸੁਰੱਖਿਆ, ਸਵਾਭੀਮਾਨ, ਸਵਾਵਲੰਬਨ, ਸੁਸ਼ਾਸ਼ਨ ਤੇ ਸੇਵਾ ਦੇ ਟੀਚੇ 'ਤੇ ਕੰਮ ਕਰਦੇ ਹੋਏ ਸੂਬਾਵਾਸੀਆਂ ਦੇ ਜੀਵਨ ਨੂੰ ਸਰਲ ਬਣਾਇਆ ਹੈ। ਸਾਰੇ ਅਧਿਕਾਰੀ ਇੰਨ੍ਹਾਂ ਸੱਤ ਐਸ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਕੰਮ ਕਰਣਗੇ ਤਾਂ ਸਮਾਜ ਸੁਖੀ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਅਸੀਂ ਤਿੰਨ ਸੀ-ਕ੍ਰਾਇਮਿ, ਕਰਪਸ਼ਨ ਅਤੇ ਕਾਸਟ ਬੇਸਡ ਪੋਲੀਟਿਕਸ ਨੂੰ ਖਤਮ ਕਰਨ ਦੇ ਸਫਲ ਯਤਨ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਅਸੀਂ ਸੱਭ ਨੈਤਿਕ ਹਨ ਇਹ ਮੰਨ ਕੇ ਚੱਲਣ ਅਤੇ ਅਨੈਤਿਕ ਨਾ ਹੋਣ ਇਸ ਦੇ ਲਈ ਮਿਸ਼ਨ ਕਰਮਯੋਗੀ ਚਲਾਇਆ ਗਿਆ ਹੈ। 2 ਲੱਖ ਤੋਂ ਵੱਧ ਕਮਰਚਾਰੀ ਤੇ ਅਧਿਕਾਰੀ ਦਾ ਸਿਖਲਾਈ ਪੂਰੀ ਹੋ ਚੁੱਕੀ ਹੈ ਅਤੇ 31 ਮਾਰਚ, 2024 ਤਕ ਸਾਢੇ 3 ਲੱਖ ਕਰਮਚਾਰੀ ਕਰਮਯੋਗੀ ਦੀ ਸਿਖਲਾਈ ਪ੍ਰਾਪਤ ਕਰ ਲੈਣਗੇ। ਮੁੱਖ ਮੰਤਰੀ ਨੇ ਹਿਪਾ ਦੀ ਮਹਾਨਿਦੇਸ਼ਕ ਸ੍ਰੀਮਤੀ ਚੰਦਰਲੇਖਾ ਬੈਨਰਜੀ ਨੂੰ ਅਪੀਲ ਕੀਤੀ ਕਿ ਮਿਸ਼ਨ ਕਰਮਯੋਗੀ ਦੇ ਤਹਿਤ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਦਿੱਤੇ ਜਾ ਰਹੀ ਸਿਖਲਾਈ ਮਾਡੀਯੂਲ ਨੂੰ ਹਿਪਾ ਦੇ ਕੋਰਸ ਵਿਚ ਵਰਤੋ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਸੁਧਾਂਸ਼ੂ ਜੀ ਮਹਾਰਾਜ ਨੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੂੰ ਕਰਮਯੋਗੀ ਦੱਸਦੇ ਹੋਏ ਕਿਹਾ ਕਿ ਉਹ ਮੁੱਖ ਮੰਤਰੀ ਦੀ ਸਾਦਗੀ ਤੇ ਆਪੇਅਣ ਤੋਂ ਕਾਫੀ ਖੁਸ਼ ਅਤੇ ਪ੍ਰਭਾਵਿਤ ਹਨ। ਉਨ੍ਹਾਂ ਨੇ ਕਿਹਾ ਕਿ ਉਹ ਰਾਜਨੇਤਾਵਾਂ ਤੋਂ ਘੱਟ ਮਿਲਦੇ ਹਨ ਪਰ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇਤਾ ਘੱਟ ਆਪਣੇ ਵੱਧ ਲਗਦੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਆਪਣੇ ਸਵਭਾਵ ਵਿਚ ਕਰਮਯੋਗ ਲਿਆਉਣ ਤਾਂਹੀ ਜੀਵਨ ਕਰਮਯੋਗੀ ਬਣਦਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਅਧਿਕਾਰੀਆਂ ਦੇ ਕੋਲ ਅਜਿਹੇ ਸਮੇਂ ਹੈ ਜਿਸ ਦੀ ਵਰਤੋ ਕਰਦੇ ਹੋਏ ਅਜਿਹਾ ਇਤਿਹਾਸ ਲਿਖਣ ਕਿ ਆਉਣ ਵਾਲੀ ਪੀੜੀਆਂ ਉਨ੍ਹਾਂ ਦੀ ਮਿਸਾਲ ਦੇ ਸਕਣ।

ਇਸ ਮੌਕੇ 'ਤੇ ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿੱਥੇ ਹਰ ਕਰਮਚਾਰੀ ਤੇ ਅਧਿਕਾਰੀ ਨੂੰ ਨੈਤਿਕਤਾ ਦੇ ਵਿਸ਼ਾ 'ਤੇ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਮਿਸ਼ਨ ਕਰਮਯੋਗੀ ਦਾ ਉਦੇਸ਼ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਕੌਸ਼ਲ ਅਤੇ ਕੁਸ਼ਲ ਵਿਕਾਸ ਦੇ ਨਾਲ-ਨਾਲ ਸਮਾਜ ਦੇ ਪ੍ਰਤੀ ਉਨ੍ਹਾਂ ਦੀ ਜਵਾਬਦੇਹੀ ਨੂੰ ਵਧਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਪਬਲਿਕ ਕੰਮਾਂ ਅਤੇ ਫੈਸਲਿਆਂ ਦੇ ਪ੍ਰਤੀ ਸਾਡੀ ਜਵਾਬਦੇਹੀ ਹੋਣੀ ਚਾਹੀਦੀ ਹੈ। ਸਾਨੂੰ ਯਕੀਨੀ ਕਰਨਾ ਚਾਹੀਦਾ ਹੈ ਕਿ ਅਸੀਂ ਜੋ ਕੰਮ ਕਰ ਰਹੇ ਹਨ ਜਾਂ ਫੈਸਲਾ ਲੈ ਰਹੇ ਹਨ ਉਸ ਦਾ ਆਮ ਜਨਤਾ 'ਤੇ ਕੀ ਪ੍ਰਭਾਵ ਪਵੇਗਾ।ਇਸ ਮੌਕੇ 'ਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਹਿਪਾ ਦੀ ਮਹਾਨਿਦੇਸ਼ਕ ਸ੍ਰੀਮਤੀ ਚੰਦਰਲੇਖਾ ਬੈਨਰਜੀ ਸਮੇਤ ਪੂਰੇ ਸੂਬੇ ਤੋਂ ਆਏ ਹੋਏ ਸਿਵਲ ਅਤੇ ਪੁਲਿਸ ਸੇਵਾ ਦੇ ਅਧਿਕਾਰੀ ਵੀ ਮੌਜੂਦ ਸਨ।

# ਮਾਨਵਿਕ ਨੇ ਕੌਮੀ ਮੁਕਾਬਲੇ'ਚ ਚਾਂਦੀ ਦਾ ਤ.ਗਮਾ ਜਿੱਤਿਆ

**ਸ਼ਾਹਬਾਦ ਮਾਰਕੰਡਾ,9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਛਤੀਸਗੜ੍ਹ ਦੇ ਰਾਏਪੁਰ ਵਿੱਚ ਹੋਈ 37ਵੀਂ ਕੌਮੀ ਸਬ-ਜੂਨੀਅਰ ਤਾਇਕਵਾਂਡੋ ਚੈਂਪੀਅਨਸ਼ਿਪ ਵਿਚ ਸ਼ਾਹਬਾਦ ਦੇ ਬ੍ਰੀਲੈਂਟ ਮਾਈਂਡ ਸਕੂਲ ਦੇ ਵਿਦਿਆਰਥੀ ਮਾਨਵਿਕ ਸਿੰਘਲ ਨੇ ਚਾਂਦੀ ਦਾ ਤਗ਼ਮਾ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਉਸ ਦੇ ਸਕੂਲ ਪੁੱਜਣ 'ਤੇ ਸਕੂਲ ਦੀ ਪ੍ਰਬੰਧਕ ਕਮੇਟੀ ਤੇ ਸਕੂਲ ਸਟਾਫ ਵੱਲੋਂ ਰੋਡ ਸ਼ੋਅ ਕੀਤਾ ਗਿਆ। ਮਾਨਵਿਕ ਦੇ ਕੋਚ ਸਾਗਰ ਵਰਮਾ ਨੇ ਦੱਸਿਆ ਕਿ ਮਾਨਵਿਕ ਨੇ ਹਰਿਆਣਾ ਵੱਲੋਂ ਖੇਡਦੇ ਹੋਏ ਕੌਮੀ ਪੱਧਰ ਦੀ ਚੈਂਪੀਅਨਸ਼ਿਪ ਵਿਚ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਉਸ ਦੀ ਇਸ ਪ੍ਰਾਪਤੀ 'ਤੇ ਸਰਕਾਰ ਵੱਲੋਂ ਉਸ ਨੂੰ 1.25 ਲੱਖ ਰੁਪਏ ਦਿੱਤੇ ਜਾਣਗੇ। ਸਕੂਲ ਦੀ ਪ੍ਰਿੰਸੀਪਲ ਆਸ਼ਿਮਾ ਬਤਰਾ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਪ੍ਰਿੰਸੀਪਲ ਨੇ ਬੱਚਿਆਂ ਨੂੰ ਸਖ਼ਤ ਮਿਹਨਤ ਨਾਲ ਆਪਣਾ ਟੀਚਾ ਹਾਸਲ ਕਰਨ ਲਈ ਪ੍ਰੇਰਿਆ।



ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੀ ਊਰਜਾ ਦਾ ਪ੍ਰਯੋਗ ਦੇਸ਼ ਤੇ ਸਮਾਜ ਦੇ ਵਿਕਾਸ ਲਈ ਕਰਨ। ਰੋਡ ਸ਼ੋਅ ਸਕੂਲ ਤੋਂ ਸ਼ੁਰੂ ਹੋ ਕੇ ਸਰਕਾਰੀ ਹਸਪਤਾਲ ਰੋਡ, ਵਿਜੈ ਕਲੋਨੀ ਰੋਡ ਆਦਿ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ 'ਚੋਂ ਹੁੰਦਾ ਹੋਇਆ ਸਕੂਲ ਆ ਕੇ ਸਮਾਪਤ ਹੋਇਆ।

# ਸੂਰਜਕੁੰਡ ਮੇਲਾ: ਕਲਾਤਮਕ ਵਸਤਾਂ ਦੀ ਮੰਗ ਵਧੀ

**ਫਰੀਦਾਬਾਦ,9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਰਜਕੁੰਡ ਮੇਲਾ ਦਸਤਕਾਰੀ ਵਿੱਚ ਰਵਾਇਤੀ ਕਲਾ ਨੂੰ ਅੱਗੇ ਵਧਾਉਣ ਲਈ ਸਹਾਈ ਹੋ ਰਿਹਾ ਹੈ। 37ਵੇਂ ਕੌਮਾਂਤਰੀ ਸ਼ਿਲਪਕਾਰੀ ਮੇਲੇ ਵਿੱਚ ਸ਼ਿਲਪਕਾਰਾਂ ਦੀਆਂ ਰਚਨਾਵਾਂ ਮੇਲੇ ਵਿੱਚ ਆਉਣ ਵਾਲੇ ਸੈਲਾਨੀਆਂ 'ਤੇ ਵਿਲੱਖਣ ਛਾਪ ਛੱਡ ਰਹੀਆਂ ਹਨ। ਮੇਲੇ ਵਿੱਚ ਕਲਾਕਾਰਾਂ ਵੱਲੋਂ ਲਾਕੇਟ, ਬਰੇਸਲੇਟ, ਖਿਡੌਣੇ, ਜੰਗਲੀ ਜਾਨਵਰਾਂ ਦੀਆਂ ਰਚਨਾਵਾਂ ਅਤੇ ਚੰਦਨ ਤੇ ਹੋਰ ਲੱਕੜਾਂ ਨਾਲ ਬਣੀਆਂ ਦੇਵੀ-ਦੇਵਤਿਆਂ ਦੀਆਂ ਆਕਰਸ਼ਕ ਮੂਰਤੀਆਂ ਖਾਸ ਖਿੱਚ ਦਾ ਕੇਂਦਰ ਬਣ ਰਹੀਆਂ ਹਨ। ਮੇਲੇ ਵਿੱਚ ਪਹੁੰਚੇ ਸੈਲਾਨੀ ਅਸ਼ੋਕ ਵਤਸ, ਓਜਸਵੀ, ਨੇਹਾ ਆਦਿ ਨੇ ਦੱਸਿਆ ਕਿ ਇੱਥੇ ਬਹੁਤ ਸਾਰੀਆਂ ਕਲਾਕ੍ਰਿਤੀਆਂ ਮੌਜੂਦ ਹਨ। ਮੇਲੇ ਵਿੱਚ ਮੰਜਾ ਬੁਣਨ ਦੀ ਕਲਾ ਵੀ ਪ੍ਰਦਰਸ਼ਿਤ ਕੀਤੀ ਗਈ ਹੈ। ਸੂਰਜਕੁੰਡ ਮੇਲੇ ਵਿੱਚ ਹਰਿਆਣਵੀ ਪੱਗ ਬਹੁਤ ਮਸ਼ਹੂਰ ਹੋ ਰਹੀ ਹੈ। ਮੇਲੇ ਵਿੱਚ ਆਉਣ ਵਾਲੇ ਸੈਲਾਨੀਆਂ ਦਾ ਪੂਰਾ ਧਿਆਨ ਵਿਰਾਸਤੀ ਸੱਭਿਆਚਾਰਕ ਪ੍ਰਦਰਸ਼ਨੀ ਵਿੱਚ ਹਰਿਆਣਵੀ ਦਸਤਾਰ ਵੱਲ ਹੈ। ਹਰਿਆਣਾ ਦੇ 'ਆਪਣਾ ਘਰ' ਵਿੱਚ ਲਗਾਈ ਗਈ ਸੱਭਿਆਚਾਰਕ ਪ੍ਰਦਰਸ਼ਨੀ ਰਾਹੀਂ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੂੰ ਹਰਿਆਣੇ ਦੀ ਦਸਤਾਰ ਆਕਰਸ਼ਿਤ ਕਰ ਰਹੀ ਹੈ। ਇਸ ਮੌਕੇ ਡਾਇਰੈਕਟਰ ਵਿਰਾਸਤ ਡਾ. ਮਹਾਸਿੰਘ ਪੂਨੀਆ ਨੇ ਦੱਸਿਆ ਕਿ ਮੇਲੇ 'ਚ ਹਰਿਆਣਾ ਦੀ ਦਸਤਾਰ ਕਾਫੀ ਪ੍ਰਸਿੱਧੀ ਹਾਸਲ ਕਰ ਰਹੀ ਹੈ।



# ਪਿੰਡਾਂ 'ਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ: ਸੰਦੀਪ ਸਿੰਘ

**ਪਿਹੋਵਾ,9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸੰਦੀਪ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਪਿਛਲੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਹਲਕੇ ਦੇ 20 ਤੋਂ ਵੱਧ ਪਿੰਡਾਂ ਵਿੱਚ ਕਮਿਊਨਿਟੀ ਸੈਂਟਰ ਬਣ ਚੁੱਕੇ ਹਨ।

ਮਿਨੀ ਕਹਾਣੀ

## ਅਕਲ ਦੀ ਦਵਾਈ

ਕੁਲਵੀਰ ਦੇ ਘਰ ਦਾ ਗੇਟ, ਮੇਰੇ ਘਰ ਦੇ ਗੇਟ ਦੇ ਬਿਲਕੁਲ ਨਾਲ ਹੀ ਹੈ। ਉਸ ਦਾ ਵੱਡਾ ਮੁੰਡਾ ਮਾੜੇ ਮੁੰਡਿਆਂ ਦੀ ਸੰਗਤ ਵਿਚ ਪੈ ਕੇ ਨਸ਼ੇ ਕਰਨ ਲੱਗ ਪਿਆ। ਘਰ ਦੀ ਜੋ ਚੀਜ਼ ਉਸ ਨੂੰ ਦਿੱਸਦੀ ਉਸ ਨੂੰ ਵੇਚਣ ਤੁਰ ਪੈਂਦਾ ਹੈ। ਉਹ ਨਸ਼ਾ ਕਰਨ ਲਈ ਉਸ ਤੋਂ ਕਿਸੇ ਨਾ ਕਿਸੇ ਬਹਾਨੇ ਪੈਸੇ ਮੰਗਦਾ ਰਹਿੰਦਾ ਹੈ। ਉਸ ਦੇ ਕਰਕੇ ਉਸ ਨੂੰ ਫ਼ੌਜ ਦੀ ਨੌਕਰੀ ਛੱਡਣੀ ਪਈ ਹੈ।

ਕੁਲਵੀਰ ਦਾ ਛੋਟਾ ਭਰਾ ਬਲਵੀਰ, ਜਿਸ ਦੀ ਉਮਰ 40 ਸਾਲ ਤੋਂ ਉੱਪਰ ਹੈ ਤੇ ਵਿਹਲਾ ਹੋਣ ਕਰਕੇ ਉਸ ਵਿਆਹ ਨਾ ਹੋਇਆ। ਉਸ ਦੀ ਮਾਂ ਦਾ ਕੁਲਵੀਰ ਤੇ ਉਸ ਦੀ ਪਤਨੀ ਨਾਲ ਮੁੰਡੇ ਕਰਕੇ ਝਗੜਾ ਹੁੰਦਾ ਰਹਿੰਦਾ । ਉਹ ਹਰ ਵੇਲੇ ਉੱਚੀ-ਉੱਚੀ ਬੋਲਦਾ ਰਹਿੰਦਾ। ਉਸ ਦਾ ਇਸ ਤਰ੍ਹਾਂ ਬੋਲਣਾ ਮੈਨੂੰ ਵੀ ਚੰਗਾ ਨਾ ਲੱਗਦਾ। ਕੁਲਵੀਰ ਦੇ ਵੱਡੇ ਮੁੰਡੇ ਤੇ ਬਲਵੀਰ ਨੇ ਉਸ ਦੇ ਘਰ ਨੂੰ ਨਰਕ ਬਣਾਇਆ ਹੋਇਆ ਹੈ। ਕੁਲਵੀਰ ਆਪਣੇ ਮੁੰਡੇ ਨੂੰ ਤਾਂ ਸਮਝਾਉਂਦਾ ਰਹਿੰਦਾ ਹੈ ਪਰ ਬਲਵੀਰ ਉਸ ਦੀ ਗੱਲ ਸੁਣਨ ਨੂੰ ਤਿਆਰ ਨਹੀਂ।

ਇਕ ਦਿਨ ਮੈਨੂੰ ਬਲਵੀਰ ਗੇਟ ਤੋਂ ਬਾਹਰ ਉੱਚੀ-ਉੱਚੀ ਬੋਲਦਾ ਮਿਲ ਪਿਆ। ਮੈਂ ਉਸ ਨੂੰ ਆਖਿਆ, 'ਦੇਖ ਬਲਵੀਰ, ਤੇਰਾ ਹਾਲੇ ਵਿਆਹ ਨ੍ਹੀਂ ਹੋਇਆ। ਨਾ ਤੇਰਾ ਕੋਈ ਪੁੱਤ ਆ, ਨਾ ਧੀ। ਹਾਲੇ ਤੇਰੀਆਂ ਚੱਲਦੀਆਂ। ਜਿਸ ਦਿਨ ਤੂੰ ਮੰਜੇ 'ਤੇ ਪੈ ਗਿਆ, ਤੈਨੂੰ ਕੁਲਵੀਰ ਤੇ ਉਸ ਦੇ ਮੁੰਡਿਆਂ ਨੇ ਪਾਣੀ ਦਾ ਘੁੱਟ ਨ੍ਹੀਂ ਦੇਣਾ। ਇਸ ਲਈ ਤੂੰ ਉਨ੍ਹਾਂ ਨਾਲ ਚੱਜ ਨਾਲ ਪੇਸ਼ ਆਇਆ ਕਰ।'

ਬਲਵੀਰ ਨੇ ਮੇਰੀਆਂ ਗੱਲਾਂ ਧਿਆਨ ਨਾਲ ਸੁਣੀਆਂ ਤੇ ਚਲਾ ਗਿਆ। ਮੇਰੇ ਵੱਲੋਂ ਦਿੱਤੀ ਅਕਲ ਦੀ ਦਵਾਈ ਦਾ ਉਸ ਤੇ ਸ਼ਾਇਦ ਅਸਰ ਹੋ ਗਿਆ। ਹੁਣ ਉਨ੍ਹਾਂ ਦੇ ਘਰੋਂ ਝਗੜੇ ਦੀ ਆਵਾਜ਼ ਨਹੀਂ ਆਉਂਦੀ।

• ਮਹਿੰਦਰ ਸਿੰਘ ਮਾਨ, 99158-03554

## ਪ੍ਰਾਪਤ ਪੁਸਤਕ



ਪੁਸਤਕ : ਪੋਟੇ ਬੋਲ ਪਏ
ਲੇਖਕ : ਬਲਦੇਵ ਸਿੰਘ
ਪੰਨੇ : 82
ਮੁੱਲ : 400/-
ਪ੍ਰਕਾਸ਼ਨ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

## ਅਮਰ 'ਸੂਫ਼ੀ' ਦੀਆਂ ਗ਼ਜ਼ਲਾਂ



98555-43660

*ਮਾਂ ਬੋਲੀ ਪੰਜਾਬੀ ਨੂੰ ਅੰਤਾਂ ਦਾ ਪਿਆਰ ਕਰਨ ਵਾਲਾ ਅਮਰ 'ਸੂਫ਼ੀ' ਕਈ ਹੋਰ ਭਾਸ਼ਾਵਾਂ ਵੀ ਜਾਣਦਾ ਹੈ। ਦੀਪਕ ਜੈਤੋਈ ਦਾ ਸ਼ਾਗਿਰਦ, ਸ਼ਾਂਤ ਸੁਭਾਅ, ਮਾਂ-ਬੋਲੀ ਦਾ ਅਧਿਆਪਕ, ਪਿਛਲੇ ਚਾਰ ਦਹਾਕਿਆਂ ਤੋਂ ਸਾਹਿਤ ਸਿਰਜਣਾ ਕਰ ਰਿਹੈ। ਦੇਸ਼-ਵਿਦੇਸ਼ ਵਿਚ ਘੁੰਮਣ ਤੇ ਪੁਖ਼ਤਾ ਗ਼ਜ਼ਲ ਕਹਿਣ ਵਾਲੇ ਇਸ ਸ਼ਾਇਰ ਨੇ ਦੋਹੇ, ਦੋਹਿੜੇ, ਬੈਂਤ, ਨਜ਼ਮਾਂ, ਰੁਮਿਸਰੇ, ਗੀਤ ਆਦਿ ਦੀ ਰਚਨਾ ਕੀਤੀ ਹੈ। ਵਾਰਤਕ ਪੁਸਤਕ 'ਨਿੱਕੀ ਜਿਹੀ ਗੱਲ' ਅਤੇ ਬੱਚਿਆਂ ਵਾਸਤੇ 'ਬੀਬਾ ਰਾਣਾ' ਪੁਸਤਕਾਂ ਆ ਚੁੱਕੀਆਂ ਹਨ...*

-----(1)-----

ਰੂਹ ਜਦ ਕੂੰਜ ਤਰ੍ਹਾਂ ਕੁਰਲਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।
ਗੀਤਾਂ ਪਾਈ ਹਾਲ ਦੁਹਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਦਿਲ ਦੇ ਜਜ਼ਬੇ ਨੂੰ ਤਾਂ ਦਿਲਬਰ !
ਹੰਝੂ-ਹੰਝੂ ਲਿਖ ਦਿੰਦਾ ਹਾਂ,
ਖ਼ਾਬਾਂ ਨੇ ਜਦ ਲਈ ਅੰਗੜਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਜਦ ਚਿਤਵਾਂ ਮੈਂ ਤੇਰੀ ਸੂਰਤ,
ਲਿਖ ਹੋ ਜਾਏ ਯਾਰ, ਗ਼ਜ਼ਲ ਕੁਈ,
ਤੇਰੇ ਮੋਹ ਜਦ ਵੀ ਖਿੱਚ ਪਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਮੇਰੇ ਪੋਟੇ ਆਪ-ਮੁਹਾਰੇ,
ਤੇਰਾ ਨਾਂ ਬਸ ਲਿਖ ਦਿੰਦੇ ਨੇ,
ਖ਼ਾਲੀ ਕਾਗਜ਼ ਪਾਈ ਦੁਹਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਮੋਹਨਾਮਾ ਜਦ ਲਿਖ ਨਾ ਹੋਇਆ,
ਸੁੱਟ ਦਿੱਤਾ ਸੀ ਪਾੜ ਕੇ ਪੰਨਾ,
ਪੁਰਜੇ ਤੱਕ ਜਦ ਅੱਖ ਭਰ ਆਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਜਦ ਵੀ ਤੇਰਾ ਖ਼ਤ ਮਿਲਦਾ ਹੈ,
ਚੋਰੀ-ਚੋਰੀ ਲੁਕ-ਲੁਕ ਪੜ੍ਹਦਾਂ,
ਭਾਵਾਂ ਦਿਲ ਵਿਚ ਅੱਗ ਮਚਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਫੁੱਲਾਂ ਵਾਲਾ ਕਾਗ਼ਜ਼ ਲੈ ਕੇ,
ਛੱਤ ਦੇ ਉੱਤੇ ਜਾਅ ਬਹਿੰਦਾ ਹਾਂ,
ਤੇਰੀ ਯਾਦ ਘਟਾ ਬਣ ਆਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਯਾਦ ਤਿਰੀ ਵਿਚ ਲੁੱਛਦਾ ਰਹਿੰਦਾ,
ਮੈਂ ਹਾਂ ਪੀੜ ਅਵੱਲੀ ਸਹਿੰਦਾ,
ਜਾਂਦੀ ਨਈਂ ਜਦ ਪੀੜ ਲੁਕਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਹਰ ਵਾਰੀ ਤੇਰਾ ਇਹ ਕਹਿਣਾ,
ਤੂੰ ਵੀ 'ਸੂਫ਼ੀ' ਲਿਖਿਆ ਕਰ ਕੁਝ,
ਤੂੰ ਮੇਰੇ ਹੱਥ ਕਲਮ ਫੜਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

-----(2)-----

ਜਿੱਥੇ ਘੋਰ ਦਰਿੰਦੇ ਵੱਸਣ।
ਉੱਥੇ ਕਿੰਜ ਪਰਿੰਦੇ ਵੱਸਣ।

ਘਰ ਦੇ ਮਾਲਕ, ਦੇਸ਼ ਬਿਗਾਨੇ,
ਇੱਥੇ ਕੁੰਡੇ ਜਿੰਦੇ ਵੱਸਣ।

ਘਰ ਵੀ ਤਾਂ ਹੀ ਘਰ ਹੁੰਦਾ ਹੈ,
ਜੇ ਘਰ ਵਿਚ ਬਾਸ਼ਿੰਦੇ ਵੱਸਣ।

ਚੀਂ-ਚੀਂ ਕਰਦੀ ਰਹਿੰਦੀ ਹੈ ਰੂਹ,
ਅੰਦਰ ਸ਼ਾਂਤ ਪਰਿੰਦੇ ਵੱਸਣ।

'ਸੂਫ਼ੀ' ਦੱਸੀਂ, ਕਿਹੜੀ ਗੱਲੋਂ,
ਹੰਝੂ ਛੱਟੇ ਬਿੰਦੇ ਵੱਸਣ।

-----(3)-----

ਜੇਕਰ ਮੈਨੂੰ ਮੋੜ ਸਕੇਂ ਤੂੰ,
ਮੋੜ ਦਵੀਂ ਹਰ ਹਾਲ।
ਸੱਜਣਾ ਤੈਨੂੰ ਭਾਲਣ ਖ਼ਾਤਰ,
ਲਾਏ ਜਿਹੜੇ ਸਾਲ।

ਸਾੜ ਦਵੀਂ ਮੇਰੇ ਖ਼ਤ ਸਾਰੇ,
ਚੁੱਲ੍ਹੇ ਦੇ ਵਿਚ ਡਾਹ ਕੇ,
ਇਸ ਰੱਦੀ ਦੀ ਕਿਹੜੀ ਗੱਲੋਂ,
ਕਰਦੈਂ ਹੁਣ ਸੰਭਾਲ।

ਗਲ ਦੀ ਗਾਨੀ, ਚੀਚੀ ਛੱਲਾ
ਤੇ ਪੈਰਾਂ ਦੀ ਝਾਂਜਰ।
ਕਿੱਥੇ ਰੱਖੀਆਂ ਇਹ ਸੌਗਾਤਾਂ,
ਕੀ ਇਨ੍ਹਾਂ ਦਾ ਹਾਲ ?

ਭੀੜ 'ਚ ਜਦ ਮੈਂ ਤੇਰੇ ਵਰਗਾ,
ਚਿਹਰਾ ਤੱਕਦਾਂ ਕੋਈ,
ਅੱਠੇ ਪਹਿਰ ਜ਼ਿਹਨ ਵਿਚ ਘੁੰਮੇ,
ਦਿਲਬਰ ਤੇਰਾ ਖ਼ਿਆਲ।

ਬੜਾ ਵਰਜਿਆ ਸੀ ਨੈਣਾਂ ਨੂੰ,
ਆਖੇ ਮੂਲ ਨਾ ਲੱਗੇ,
ਕਿਹੜਾ ਚੰਦਰਾ ਪਲ ਸੀ,
ਜਦ ਇਹ ਬੈਠੇ ਸੁਪਨੇ ਪਾਲ।



ਤੇਰੀ ਸੁੰਦਰ ਬਾਗ਼ੀਚੀ ਦੀ,
ਖ਼ੈਰ ਸਦਾ ਮੈਂ ਮੰਗਾਂ,
ਜੀਵੇ ਮਾਲੀ ਜਿਹੜਾ ਇਸ ਦੀ,
ਕਰਦੈ ਸਾਂਭ ਸੰਭਾਲ।

ਮੁੱਦਤ ਹੋ ਗਈ ਤੈਨੂੰ ਮਿਲਿਆਂ,
ਥਹੁ ਨਾ, ਵਸਦੈਂ ਕਿੱਥੇ,
ਗੁਜ਼ਰ ਬਸਰ ਬਸ ਕਰਦਾ 'ਸੂਫ਼ੀ',
ਕੀ ਹੈ ਤੇਰਾ ਹਾਲ?

-----(4)-----

ਦੱਸੀਂ, ਕੀ ਤੂੰ ਮੈਨੂੰ ਕਰਦਾ
ਪਿਆਰ ਨਹੀਂ।
ਕੀ ਤੇਰੇ 'ਤੇ ਮੇਰਾ ਕੁਝ
ਅਧਿਕਾਰ ਨਹੀਂ।

ਮੇਰੀ ਆਖੀ ਹੋਈ
ਜਾਂ ਤਾਂ ਮੰਨ ਸਹੀ,
ਜਾਂ ਫਿਰ ਕਹਿ ਦੇ,
ਤੇਰੇ 'ਤੇ ਇਤਬਾਰ ਨਹੀਂ।

ਪਿਆਰ ਮੁਹੱਬਤ ਬਾਝੋਂ,
ਜੇ ਕਰ ਸੁੰਨਾ ਹੈ,
ਕੀ ਫਿਰ ਜੀਵਨ
ਬੰਦੇ ਉੱਤੇ ਭਾਰ ਨਹੀਂ।

ਜਿਸ ਬਾਝੋਂ ਨਾ
ਈਦ ਮਨਾਈ ਜਾਂਦੀ ਸੀ,
ਹੁੰਦਾ ਉਸ ਦਾ ਹੁਣ
ਕਿਧਰੇ ਦੀਦਾਰ ਨਹੀਂ।

ਸੁੰਨ-ਮਸੁੰਨੇ ਰੁੱਖ,
ਬਨੇਰੇ, ਛੱਤਾਂ ਵੀ,
ਚਿਰ ਤੋਂ ਆਈ ਹੁਣ
ਚਿੜੀਆਂ ਦੀ ਡਾਰ ਨਹੀਂ।

ਗਣਿਤ ਕਿਵੇਂ ਦਾ ਹੋਇਆ
ਵੇਖੋ ਜੀਵਨ ਦਾ,
ਦੋ ਤੇ ਦੋ ਵੀ ਹੁੰਦੇ
ਅੱਜ ਕੱਲ੍ਹ ਚਾਰ ਨਹੀਂ।

ਕਿਹੜੇ ਕੰਮ ਹੈ ਸ਼ਾਇਰੀ ਦਾ
ਪਰਪੰਚ ਤਿਰਾ,
ਕਲਮ ਤਿਰੀ ਦੀ ਤਿੱਖੀ
ਜੇ ਕਰ ਧਾਰ ਨਹੀਂ।

ਥੱਲ ਕਿਵੇਂ ਫਿਰ ਆਵੇਗਾ
ਛਿੰਘ ਪੁੱਟਣ ਦਾ,
ਪੈਰਾਂ ਹੇਠਾਂ ਜੇ ਦਗਦੇ
ਅੰਗਿਆਰ ਨਹੀਂ।

ਕਲਮ ਖ਼ਰੀਦਣ ਦਾ 'ਸੂਫ਼ੀ'
ਉਹ ਯਤਨ ਕਰੇ,
ਉਸ ਦੀ ਬੁਰਕੀ ਉੱਤੇ
ਮਾਰੀ ਧਾਰ ਨਹੀਂ।

-----(5)-----

ਪਿਆਰ ਵਿਚ ਵਿਸ਼ਵਾਸ,
ਮੇਰਾ ਨਾ ਰਿਹਾ।
ਦਿਲ 'ਚ ਜਿਸ ਦਾ ਵਾਸ,
ਮੇਰਾ ਨਾ ਰਿਹਾ।

ਉਹ ਜੋ ਮੇਰਾ ਸੀ
ਦੁਲਾਰਾ ਜਾਨ ਤੋਂ,
ਦੇਣ ਨੂੰ ਧਰਵਾਸ,
ਮੇਰਾ ਨਾ ਰਿਹਾ।

ਧੜਕਦਾ ਜੋ ਦਿਲ 'ਚ
ਮੇਰੇ ਸੀ ਕਦੇ,
ਉਸ ਦੇ ਹਿਰਦੇ ਵਾਸ,
ਮੇਰਾ ਨਾ ਰਿਹਾ।

ਕੀ ਕਰਾਂ ਮੈਂ
ਜ਼ਿੰਦਗੀ ਨੂੰ ਦੋਸਤੋ,
ਇਸ 'ਚ ਹੁਣ ਵਿਸ਼ਵਾਸ,
ਮੇਰਾ ਨਾ ਰਿਹਾ।

ਖ਼ਾਸ ਜਿਸ ਨੂੰ ਸਮਝਿਆ
ਸੀ ਮੈਂ ਕਦੇ,
ਉਹ ਨ ਆਇਆ ਰਾਸ,
ਮੇਰਾ ਨਾ ਰਿਹਾ।

ਪੀੜ, ਗ਼ਮ ਤੇ ਹਿਜ਼ਰ
ਇਸ ਨੂੰ ਚੂੰਡਦੇ,
ਜਿਸਮ ਉੱਤਲਾ ਮਾਸ,
ਮੇਰਾ ਨਾ ਰਿਹਾ।

ਮਾਣ 'ਸੂਫ਼ੀ' ਨੂੰ
ਬੜਾ ਸੀ ਇਸ਼ਕ 'ਤੇ,
ਹੁਸਨ ਵਾਲਾ ਖ਼ਾਸ,
ਮੇਰਾ ਨਾ ਰਿਹਾ। •

# ਪੰਜਾਬੀ ਸੱਭਿਆਚਾਰ ਦਾ ਕੋਸ਼

## ਗਿਆਨੀ ਗੁਰਦਿੱਤ ਸਿੰਘ



• ਪ੍ਰੋ. ਨਵ ਸੰਗੀਤ ਸਿੰਘ
94176-92015

ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇਕ ਸਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ 1923 ਨੂੰ ਹੀਰਾ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ, ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ।

ਲਾਹੌਰ ਤੋਂ 1944-45 ਵਿਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਿਕ ਅਸਥਾਨਾਂ, ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬ੍ਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬ੍ਰੇਰੀ ਵਿੱਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲੜਕੇ ਰੁਪਇੰਦਰ ਸਿੰਘ (1960) ਅਤੇ ਰਵੀਇੰਦਰ ਸਿੰਘ (1961) ਪੈਦਾ ਹੋਏ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ਼੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤਕ ਦੇ ਪਹਿਲੇ ਅਤੇ ਇਕਲੌਤੇ ਇਸਤਰੀ ਵੀਸੀ ਹੋ ਗੁਜ਼ਰੇ ਹਨ। ਸ਼੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ।

ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ-ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚ-ਪੱਧਰੀ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ ਕਵਿਤਾ : ਅਛੋਹ ਸਿਖਰਾਂ (1950), ਭਾਵਾਂ ਦੇ ਦੇਸ਼ (1952)। ਖੋਜ ਅਤੇ ਆਲੋਚਨਾ : ਰਾਗ ਮਾਲਾ ਦੀ ਅਸਲੀਅਤ (1946), ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਅਤੇ ਉਨਾਂ ਦੀ ਰਚਨਾ (1960), ਮੁੰਦਾਵਣੀ (2003)।

ਵਾਰਤਕ : ਮੇਰਾ ਪਿੰਡ (ਪਹਿਲੀ ਛਾਪ 1961, ਬਾਰ੍ਹਵੀਂ ਛਾਪ 2014)। ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ। ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ। ਜੀਵਨੀ : ਭਾਈ ਲਾਲੋ ਦਰਸ਼ਨ (1987), ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ ( ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ। ਸੱਭਿਆਚਾਰ ਤੇ ਇਤਿਹਾਸ ਦੀਆਂ ਪੁਸਤਕਾਂ : ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ (1965), ਪੰਜਾਬੀ ਸੱਭਿਆਚਾਰ (1987)।

ਧਰਮ ਤੇ ਫ਼ਲਸਫ਼ਾ : ਜੀਵਨ ਦਾ ਉਸਰੱਈਆ-ਸ੍ਰੀ ਗੁਰੂ ਨਾਨਕ ਦੇਵ ਜੀ (1947), ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ : ਭਗਤ ਬਾਣੀ ਭਾਗ (1990)। ਸੰਪਾਦਨ ਪੁਸਤਕਾਂ ਵਿਚ : ਅਮਰਨਾਮਾ (1950), ਲੋਕ ਕਹਾਣੀਆਂ (ਤਿੰਨ ਜਿਲਦਾਂ 1977, ਤਿੰਨੇ ਜਿਲਦਾਂ ਸੰਯੁਕਤ ਰੂਪ ਵਿਚ-1987) ਸ਼ਾਮਿਲ ਹੈ।

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਤੇ ਵਿਰਸੇ ਦਾ ਜੋ ਭਰਪੂਰ ਚਿੱਤਰ ਇਸ ਵਿਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ, ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਲਾਂ, ਵਹਿਮਾਂ- ਭਰਮਾਂ ਤੇ ਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ ਕਰ ਕੇ, ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ 'ਸਾਹਿਤ ਪ੍ਰਕਾਸ਼ਨ' ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ।

1958-59 ਵਿਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ (1961), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ : ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਆਚਾਰੀਆ' ਦੀ ਉਪਾਧੀ (1991), ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ, ਸਿੱਖ ਕਲਚਰਲ ਸੋਸਾਇਟੀ ਵੈਨਕੂਵਰ, ਕੈਨੇਡਾ, ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ (1990), ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ' (2002), ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ (2006) ਆਦਿ ਉਲੇਖਯੋਗ ਹਨ।

ਗਿਆਨੀ ਜੀ ਵੱਲੋਂ ਕੀਤੇ ਕਾਰਜਾਂ ਵਿਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਿਲ ਹੈ। 1948 ਵਿਚ ਉਨਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤਕ ਪਟਿਆਲੇ ਤੋਂ ਛਪਦਾ ਰਿਹਾ। 1956 ਤੋਂ 1964 ਤਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ ਅਤੇ ਫਿਰ 1970 ਤੋਂ 1979 ਤੱਕ ਫਿਰ ਪਟਿਆਲੇ ਤੋਂ ਸਪਤਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤਰ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤਾ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਹਦੇ ਜਨਰਲ ਸਕੱਤਰ ਰਹੇ। 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿਚ ਕਾਰਜ ਕੀਤਾ। ਉਨ੍ਹਾਂ ਨੇ ਅਣਗਿਣਤ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ 'ਤੇ ਆਯੋਜਿਤ ਕਰਵਾਏ। ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੀ ਸਥਾਪਨਾ ਕੀਤੀ।

ਗਿਆਨੀ ਜੀ ਪੰਜਾਬ ਵਿਧਾਨ ਪਰਿਸ਼ਦ ਦੇ 1958 ਤੋਂ 1961 ਤਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਿਕ ਉਪਰਾਲੇ ਕੀਤੇ।

ਗਿਆਨੀ ਗੁਰਦਿੱਤ ਸਿੰਘ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਯੂਨੀਵਰਸਿਟੀਆਂ ਵਿਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿਚ ਐੱਮਏ ਦੀਆਂ ਜਮਾਤਾਂ ਵਿਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐੱਮਫਿਲ ਅਤੇ ਪੀ-ਐੱਚਡੀ ਪੱਧਰ ਦਾ ਖੋਜ-ਕਾਰਜ ਵੀ ਇਸ ਸਬੰਧ ਵਿਚ ਹੋ ਚੁੱਕਾ ਹੈ। ਸੋਸ਼ਿਆਲੋਜੀ ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ। ਇਸ ਤਰ੍ਹਾਂ ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿਚ ਰੁੱਝੇ ਰਹੇ ਅਤੇ ਅੰਤ 17 ਜਨਵਰੀ 2007 ਨੂੰ ਅਕਾਲ ਚਲਾਣਾ ਕਰ ਗਏ। •

### ਮੁੱਢਲੀ ਸਿੱਖਿਆ

ਗਿਆਨੀ ਜੀ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ। ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਦੁਆਰਾ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਨੂੰ ਸਮਝਿਆ।



ਅੱਜ ਜਨਮ ਦਿਨ 'ਤੇ ਵਿਸ਼ੇਸ਼

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਤੇ ਦਿੱਲੀ ਦੀਆਂ ਕੁਝ ਯੂਨੀਵਰਸਿਟੀਆਂ 'ਚ ਪੜ੍ਹਾਇਆ ਜਾ ਰਿਹਾ ਹੈ। ਇਸ ਪੁਸਤਕ 'ਤੇ ਐੱਮਫਿਲ ਤੇ ਪੀਐੱਚਡੀ ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ...

ਅੱਜ ਯਾਦਗਾਰੀ ਐਵਾਰਡ 'ਤੇ ਵਿਸ਼ੇਸ਼

ਮੇਰੀ ਮੁਲਾਕਾਤ ਜਦੋਂ ਉਸ ਨਾਲ ਹੋਈ ਓਦੋਂ ਉਸ ਦੀ ਕਿਤਾਬ 'ਲਿਖਤੁਮ ਸ਼ਹਿਰ ਭੰਬੋਰ' ਛਪ ਚੁੱਕੀ ਸੀ। ਉਸ ਨੇ 'ਅਕਾਦਮੀ ਆਫ਼ ਪੰਜਾਬੀ ਫੋਕਲੋਰ' ਨਾਂ ਦੀ ਸੰਸਥਾ ਬਣਾ ਲਈ ਸੀ। ਕਦੇ ਕਦਾਈਂ 'ਵਾਰਿਸ' ਰਸਾਲਾ ਵੀ ਛਾਪਦਾ ਸੀ...

# ਕੰਵਰ ਇਮਤਿਆਜ਼ ਨੂੰ ਯਾਦ ਕਰਦਿਆਂ



• ਸੁਰਿੰਦਰ ਸੋਹਲ
0016462202586

ਮੈਨੂੰ ਸੋਢੀ ਸੁਲਤਾਨ ਸਿੰਘ ਦਾ ਫੋਨ ਆਇਆ,'ਯਾਰ ਮੈਂ ਕੱਲ੍ਹ ਕੰਵਰ ਇਮਤਿਆਜ਼ ਨਾਲ ਗੱਲ ਕੀਤੀ ਸੀ। ਮਨ ਨੂੰ ਬੜੀ ਚੈਨ ਮਿਲੀ। ਪਿਛਲੇ ਛੇ ਸੱਤ ਸਾਲਾਂ ਤੋਂ ਉਹ ਮੇਰੇ ਨਾਲ ਨਾਰਾਜ਼ ਸੀ।'

ਮੈਂ ਕਿਹਾ,'ਤੂੰ ਮੈਨੂੰ ਵੀ ਕੰਵਰ ਇਮਤਿਆਜ਼ ਦਾ ਨੰਬਰ ਦੇਵੀਂ।' ਮੁੜ ਕੇ ਮੇਰੇ ਕੋਲੋਂ ਕਾਲ ਨਈਂ ਕਰ ਹੋਈ। ਸੋਢੀ ਸੁਲਤਾਨ ਸਿੰਘ ਨੇ ਅਚਾਨਕ ਹੀ ਕੰਵਰ ਦਾ ਜ਼ਿਕਰ ਛੇੜ ਲਿਆ ਤਾਂ ਮੈਨੂੰ ਉਸ ਨਾਲ ਗੁਜ਼ਾਰਿਆ ਜ਼ਮਾਨਾ ਯਾਦ ਆਉਣ ਲੱਗਾ। ਜਦੋਂ ਮੇਰੀ ਮੁਲਾਕਾਤ ਹੋਈ ਸੀ, ਉਸ ਦੀ ਕਿਤਾਬ 'ਲਿਖਤੁਮ ਸ਼ਹਿਰ ਭੰਬੋਰ' ਛਪ ਚੁੱਕੀ ਸੀ। ਉਸ ਨੇ 'ਅਕਾਦਮੀ ਆਫ਼ ਪੰਜਾਬੀ ਫੋਕਲੋਰ' ਨਾਂ ਦੀ ਸੰਸਥਾ ਬਣਾ ਲਈ ਸੀ। ਆਪਣੇ ਕਦੇ ਕਦਾਈਂ ਛਪਣ ਵਾਲੇ ਰਸਾਲੇ 'ਵਾਰਿਸ' 'ਚ ਉਹ ਇਕਬਾਲ ਕੈਸਰ ਦੀ ਕਿਤਾਬ 'ਪੱਤਰ ਟਾਵਾਂ ਟਾਵਾਂ' ਪੂਰੀ ਦੀ ਪੂਰੀ ਛਾਪ ਚੁੱਕਾ ਸੀ। 'ਹਰਕਾਰਾ' ਮੈਗਜ਼ੀਨ ਦਾ ਸਹਿ-ਸੰਪਾਦਕ ਬਣ ਗਿਆ ਸੀ। ਪਾਕਿਸਤਾਨ ਤੋਂ 'ਬਾਬਾ ਬੁੱਲ੍ਹੇ ਸ਼ਾਹ ਐਵਾਰਡ' ਅਜੇ ਪ੍ਰਾਪਤ ਕਰਨ ਵਾਲਾ ਰਹਿੰਦਾ ਸੀ। 'ਮੈਂ ਪੰਜਾਬ ਹਾਂ' ਕਿਤਾਬ ਦਾ ਸੰਪਾਦਨ ਵੀ ਹਾਲੇ ਉਸ ਨੇ ਕੀਤਾ ਨਹੀਂ ਸੀ।

ਉਸ ਦੇ ਹੱਥੀਂ ਲਾਇਆ ਬੂਟਾ 'ਸਿਰਜਣਾ ਕੇਂਦਰ ਕਪੂਰਥਲਾ' ਵੱਧ ਫੁੱਲ ਕੇ ਆਪਣੀ ਥਾਂ ਬਣਾ ਚੁੱਕਾ ਸੀ। ਹੌਲੀ ਹੌਲੀ ਉਹ ਇਸ ਦਾ ਸਰਪ੍ਰਸਤ ਬਣ ਗਿਆ ਸੀ। ਪੰਜਾਬੀ ਸਾਹਿਤ ਦੀ ਦੁਨੀਆ 'ਚ ਸਾਡੀ ਅਜੇ 'ਐਂਟਰੀ' ਹੀ ਸੀ। ਕਰਨੈਲ ਸਿੰਘ ਨਿੱਝਰ ਆਪਣੇ ਪਿੰਡ ਨਿੱਝਰਾਂ ਵਿਚ 'ਨਿੱਝਰ ਸਾਹਿਤ ਸਭਾ' ਵੱਲੋਂ ਫੰਕਸ਼ਨ ਕਰਵਾਉਂਦਾ ਸੀ। ਇਨ੍ਹਾਂ ਸਮਾਗਮਾਂ 'ਚ ਸਾਡੀ ਉਸ ਨਾਲ ਜਾਣ-ਪਛਾਣ ਵਧੀ ਸੀ। 'ਸ਼ਬਦਾਂ ਦਾ ਜਾਦੂਗਰ' ਵਿਸ਼ੇਸ਼ਣ ਉਸ ਲਈ ਆਮ ਵਰਤਿਆ ਜਾਂਦਾ।

ਕਰਨੈਲ ਸਿੰਘ ਨਿੱਝਰ ਦੀ ਕਿਤਾਬ 'ਠਾਕੀਆਂ ਜੀਭਾਂ' ਉੱਪਰ ਏਪੀਜੇ ਸਕੂਲ ਜਲੰਧਰ ਵਿਚ ਗੋਸ਼ਟੀ ਸੀ। ਜਸਵੰਤ ਸਿੰਘ ਕੰਵਲ ਇਸ ਦੀ ਪ੍ਰਧਾਨਗੀ ਕਰ ਰਿਹਾ ਸੀ। ਗੋਸ਼ਟੀ ਦੀ ਚਾਲ ਬਹੁਤ ਠੰਢੀ ਸੀ। ਇਸ ਸਮਾਗਮ ਦੀ ਕਾਰਵਾਈ ਚਲਾਉਂਦਾ ਕੰਵਰ ਚਿਹਰੇ 'ਤੇ ਬੇਹੱਦ ਗੁੱਸਾ ਅਤੇ ਅੱਖਾਂ ਵਿਚ ਜੋਸ਼ ਲਿਆ ਕੇ ਬੋਲਿਆ,'ਅਸੀਂ ਕਿਤਾਬ ਦੀ ਗੋਸ਼ਟੀ 'ਤੇ ਆਏ ਆਂ। ਸਾਨੂੰ ਮਿੱਠੀਆਂ-ਮਿੱਠੀਆਂ ਗੱਲਾਂ ਨਈਂ ਕਰਨੀਆਂ ਚਾਹੀਦੀਆਂ। ਕਹਾਣੀਆਂ ਬਾਰੇ ਬੇਬਾਕ ਹੋ ਕੇ ਬੋਲਣਾ ਚਾਹੀਦੈ। ਕਹਾਣੀਆਂ ਨਾਲ ਇਨਸਾਫ਼ ਕਰਨਾ ਚਾਹੀਦੈ। ਕਹਾਣੀਕਾਰ ਦੀ ਸਮਰੱਥਾ ਬਾਰੇ ਗੱਲ ਕਰਨੀ ਚਾਹੀਦੀ ਐ।' ਗੋਸ਼ਟੀ ਵਿਚ ਇਕਦਮ ਤੇਜ਼ੀ ਆ ਗਈ। ਕਹਾਣੀਆਂ ਦੇ ਹੱਕ ਤੇ ਵਿਰੋਧ ਵਿਚ ਬਹਿਸ ਭਖ ਗਈ। ਲੇਖਕਾਂ ਨੂੰ ਇੱਥੇ ਲੜਦੇ ਵੀ ਅਸੀਂ ਪਹਿਲੀ ਵਾਰ ਹੀ ਦੇਖਿਆ ਸੀ।

ਕੰਵਰ ਇਮਤਿਆਜ਼ ਦੇ ਪਿੰਡ ਸਿੱਧਵਾਂ ਵਿਖੇ ਮੇਰੀ ਭੂਆ ਦੀ ਕੁੜੀ ਵਿਆਹੀ ਹੋਈ ਹੈ। ਉੱਥੇ ਹੀ ਸਕੂਲ ਵਿਚ ਉਹ ਮਾਸਟਰ ਰਿਹਾ। ਇਕ ਵਾਰ ਮੈਂ ਕੰਵਰ ਨੂੰ ਸਕੂਲੇ ਮਿਲਣ ਗਿਆ। ਉਸ ਨੇ ਕਲਾਸ ਤੋਂ ਹਟਵੀਆਂ ਦੋ ਕੁਰਸੀਆਂ ਰਖਵਾ ਲਈਆਂ। ਗੱਲਾਂ ਕਰਦਾ ਕਰਦਾ ਉਹ ਕਹਿਣ ਲੱਗਾ,'ਤੈਨੂੰ ਪਤਾ ਰੱਬ ਨੇ ਖ਼ੂਬਸੂਰਤ ਚੀਜ਼ਾਂ ਇਕੱਠੀਆਂ ਕਰ ਕੇ ਲੇਖਕ ਬਣਾ ਦਿੱਤਾ। ਜਿਹੜਾ ਮਗਰੋਂ ਫੋਕ ਬਚਿਆ ਉਸ ਦਾ ਆਲੋਚਕ ਬਣਾ ਦਿੱਤਾ।' ਉਹ ਉੱਚੀ ਉੱਚੀ ਹੱਸਿਆ। ਫਿਰ ਬੋਲਿਆ,'ਚੈਖਵ ਪਤਾ ਕੀ ਕਹਿੰਦੈ ਆਲੋਚਕ ਬਾਰੇ? ਕਹਿੰਦਾ-ਆਲੋਚਕ ਉਹ ਬੌਣਾ ਹੈ ਜਿਹੜਾ ਲੇਖਕ ਦੇ ਮੋਢਿਆਂ 'ਤੇ ਚੜ੍ਹ ਕੇ ਆਖਦਾ ਹੈ-ਦੇਖ ਮੈਂ ਤੇਰੇ ਨਾਲੋਂ ਉੱਚਾ ਹਾਂ..।'

ਦਰਖ਼ਤਾਂ 'ਤੇ ਪੰਛੀ ਬੋਲੇ। ਉਹ ਪੰਛੀਆਂ ਬਾਰੇ ਦੱਸਣ ਲੱਗਾ,'ਤੈਨੂੰ ਪਤਾ ਜਦੋਂ ਅਸੀਂ ਕਹਿੰਦੇ ਹਾਂ-ਕੋਇਲ ਕੂਕਦੀ ਹੈ। ਇਹ ਗ਼ਲਤ ਹੈ। ਹਮੇਸ਼ਾ ਨਰ ਕੋਇਲ ਹੀ ਕੂਕਦਾ ਹੈ। ਮਾਦਾ ਕੋਇਲ ਨੂੰ ਆਕਰਸ਼ਤ ਕਰਨ ਲਈ। ਇਸ ਲਈ ਕੋਇਲ ਕੂਕਦਾ ਹੈ, ਸਹੀ ਹੈ।' ਫਿਰ ਉਹ ਮਮੋਲਿਆਂ, ਮੋਰਾਂ, ਗਟਾਰਾਂ, ਸ਼ਾਰਕਾਂ ਬਾਰੇ ਨਿੱਕੀਆਂ ਨਿੱਕੀਆਂ ਗੱਲਾਂ ਦੱਸਦਾ ਰਿਹਾ।

ਕੰਵਰ ਇਮਤਿਆਜ਼ ਦੀ ਸ਼ਾਇਰੀ ਧਰਤੀ ਨਾਲ, ਮਨੁੱਖ ਨਾਲ ਜੁੜੀ ਹੋਈ ਹੈ-

ਜ਼ਿੰਦਗੀ ਦੁਸ਼ਵਾਰੀਆਂ ਤੇ ਠੋਕਰਾਂ।
ਸੁਪਨਿਆਂ ਵਿਚ ਰੀਂਗਦੀ ਹੈ ਕਲਪਨਾ।
ਜਾਣ ਵਾਲੇ ਜਾਹ ਤੇਰਾ ਸ਼ੁਕਰੀਆ,
ਆਉਣ ਲੱਗਾ ਲੈ ਕੇ ਆਵੀਂ ਰੌਣਕਾਂ।

ਕੰਵਰ ਇਮਤਿਆਜ਼ ਚਿੱਤਰਕਾਰੀ ਵੀ ਕਰਦਾ ਸੀ। ਚਿੱਤਰਕਾਰੀ ਵਿਚ ਉਸ ਨੇ ਆਪਣਾ ਉਸਤਾਦ ਇਮਰੋਜ਼ ਨੂੰ ਮੰਨਿਆ ਹੋਇਆ ਸੀ। ਮੈਂ ਤੇ ਕੁਲਭੂਸ਼ਨ ਨੇ ਤ੍ਰੈ ਮਾਸਿਕ ਪਰਚਾ 'ਅਹਿਸਾਸ' ਸ਼ੁਰੂ ਕਰ ਲਿਆ। ਸੁਰਜੀਤ ਸਾਜਨ ਨੇ ਦੱਸਿਆ,'ਕੰਵਰ ਤੇਰੇ ਮੈਟਰ ਦੀ ਸਿਲੈਕਸ਼ਨ ਦੀ ਤਾਰੀਫ਼ ਕਰਦਾ ਸੀ।' ਉਨ੍ਹੀਂ ਦਿਨੀਂ ਕੰਵਰ ਇਮਤਿਆਜ਼ ਨੇ ਆਪਣੀ 'ਅਕਾਦਮੀ ਆਫ਼ ਪੰਜਾਬੀ ਫੋਕਲੋਰ' ਵੱਲੋਂ ਕਪੂਰਥਲੇ ਦੇ ਐੱਸਡੀਐੱਮ ਦੀ ਕਿਤਾਬ 'ਕਲਾਮ ਹੀਰ' ਪ੍ਰਕਾਸ਼ਿਤ ਕੀਤੀ। ਮੈਂ ਰਾਤ ਨੂੰ ਕਿਤਾਬ ਪੜ੍ਹਦਾ ਗਿਆ ਤੇ ਪੁਆਇੰਟ ਲਿਖਦਾ ਗਿਆ। ਤੜਕੇ ਨੂੰ ਮੈਨੂੰ ਫਿਰ ਜਾਗ ਆ ਗਈ। ਮੈਂ ਉਸ ਕਿਤਾਬ ਬਾਰੇ ਲੰਬਾ ਲੇਖ ਲਿਖ ਦਿੱਤਾ। ਮੈਨੂੰ ਲੱਗਦਾ ਸੀ ਕਿ ਕੰਵਰ ਨੂੰ ਇਹ ਕਿਤਾਬ ਘੱਟੋ ਘੱਟ 'ਅਕਾਦਮੀ' ਵੱਲੋਂ ਛਾਪਣੀ ਨਹੀ ਸੀ ਚਾਹੀਦੀ। ਮੈਂ ਆਪਣੇ ਲੇਖ ਦੀ ਆਖ਼ਰੀ ਲਾਈਨ ਇਹ ਲਿਖੀ ਸੀ-ਜੇਕਰ ਅਕਾਦਮੀ ਆਫ਼ ਪੰਜਾਬੀ ਫੋਕਲੋਰ ਅਜਿਹੀਆਂ ਕਿਤਾਬਾਂ ਪ੍ਰਕਾਸ਼ਿਤ ਕਰੇਗੀ ਤਾਂ ਉਸਦੇ ਭਵਿੱਖ 'ਤੇ ਤਰਸ ਹੀ ਖਾਧਾ ਜਾ ਸਕੇਗਾ।' ਸੁਰਜੀਤ ਸਾਜਨ ਨੇ ਲੇਖ ਪੜ੍ਹਿਆ ਤਾਂ ਅਸੀ ਸਲਾਹ ਬਣਾਈ ਕਿ ਇਸ ਨੂੰ 'ਅਹਿਸਾਸ' ਵਿਚ ਛਾਪ ਦੇਈਏ। ਇਹ 'ਅਹਿਸਾਸ' ਦਾ ਦੂਸਰਾ ਅੰਕ ਸੀ। ਲੇਖ ਛਾਪ ਦਿੱਤਾ ਗਿਆ। ਲੇਖ ਲਿਖਣ ਵਾਲੇ ਦੇ ਨਾਂ ਦੀ ਥਾਂ ਸਿਰਫ਼ 'ਟਿੱਪਣੀਕਾਰ' ਛਾਪ ਦਿੱਤਾ।

1997 ਵਿਚ ਮੈਂ ਪੰਜਾਬ ਛੱਡ ਦਿੱਤਾ। ਦੋ ਤਿੰਨ ਸਾਲ ਬਾਅਦ ਮੈਂ ਇਕ ਮੀਟਿੰਗ ਵਿਚ ਗਿਆ। 'ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ' ਦੀ ਮੀਟਿੰਗ ਰਣਧੀਰ ਸਿੰਘ ਨਿਊਯਾਰਕ ਦੇ ਘਰ ਹੋ ਰਹੀ ਸੀ। ਇਸ ਮੀਟਿੰਗ ਵਿਚ ਮੈਨੂੰ ਇਕਬਾਲ ਕੈਸਰ ਮਿਲਿਆ। ਉਹ ਪਾਕਿਸਤਾਨ ਤੋਂ ਆਇਆ ਸੀ। ਆਪਣੇ ਨਾਲ 'ਪਾਕਿਸਤਾਨ ਵਿਚ ਗੁਰਦੁਆਰੇ' ਨਾਂ ਦੀ ਵੱਡੀ ਸਾਰੀ ਕਿਤਾਬ ਵੀ ਲੈ ਕੇ ਆਇਆ ਸੀ, ਜਿਸ ਵਿਚ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਬਾਰੇ ਗੁਰਮੁਖੀ, ਉਰਦੂ ਤੇ ਅੰਗਰੇਜ਼ੀ ਵਿਚ ਜਾਣਕਾਰੀ ਸੀ। ਮੈਨੂੰ ਲੱਗਦਾ ਸੀ ਇਹ ਨਾਂ ਸੁਣਿਆ ਹੋਇਆ ਹੈ।

ਦੂਸਰੇ ਦਿਨ ਉਸ ਨਾਲ ਬੈਠਕ ਰਾਣੀ ਨਰਿੰਦਰ ਦੇ ਘਰ ਸੀ। ਮੈਂ ਤੇ ਸੁਖਵਿੰਦਰ ਖੱਟੜਾ ਇਕਬਾਲ ਕੈਸਰ ਨੂੰ ਹੀ ਮਿਲਣ ਇਸ ਮੀਟਿੰਗ ਵਿਚ ਗਏ ਸਾਂ। ਮੀਟਿੰਗ ਮੁੱਕੀ ਤਾਂ ਅਸੀ ਪੁੱਛਿਆ,'ਅੱਜ ਰਾਤ ਕਿੱਥੇ?' ਉਹ ਬੋਲਿਆ,'ਜਿਹੜਾ ਲੈ ਜਾਏ।' ਅਸੀ ਉਸ ਨੂੰ ਆਪਣੇ ਨਾਲ ਹੀ ਲੈ ਆਏ। ਘਰ ਰਸੋਈ ਵਿਚ ਬੈਠ ਕੇ ਉਸ ਨਾਲ ਇੰਟਰਵਿਊ ਕਰਦੇ ਰਹੇ। ਉਸ ਦੀ ਕਿਤਾਬ ਦਾ ਜ਼ਿਕਰ ਆਇਆ ਤਾਂ ਮੈਂ ਪੁੱਛਿਆ,'ਇਕਬਾਲ ਜੀ ਇਹ ਕਿਤਾਬ ਕਿਤੇ ਉਹੀ ਤਾਂ ਨਹੀ ਜਿਹੜੀ 'ਸਾਡੇ ਕੰਵਰ ਇਮਤਿਆਜ਼' ਨੇ ਆਪਣੇ ਪਰਚੇ 'ਵਾਰਿਸ' ਵਿਚ ਪੂਰੀ ਦੀ ਪੂਰੀ ਇਕੋ ਵਾਰੀ ਛਾਪ ਦਿੱਤੀ ਸੀ।'

'ਹਾਂ ਜੀ।'

'ਜਿੱਦਣ ਸੋਢੀ ਨੇ ਉਸ ਨੂੰ ਫੋਨ ਕੀਤਾ, 5 ਜਨਵਰੀ (2009) ਨੂੰ। ਉਸੇ ਰਾਤ। ਉਹ ਜਲੰਧਰੋਂ ਆਇਆ। ਸਾਢੇ ਕੁ ਨੌਂ ਵਜੇ ਰੋਟੀ ਖਾਧੀ। ਫਿਰ ਕਹਿੰਦਾ ਮੇਰਾ ਦਿਲ ਘਬਰਾ ਰਿਹਾ। ਮੁੰਡੇ ਨੇ ਕਿਹਾ-ਚਲੋ ਡਾਕਟਰ ਦੇ ਚਲਦੇ ਆਂ। ਕਹਿਣ ਲੱਗਾ-ਮੈਂ ਰਿਟਾਇਰ ਵੀ ਹੋ ਗਿਆ। ਤੇਰੀ ਘਰ ਵਾਲੀ ਦੀ ਬਦਲੀ ਵੀ ਕਰਵਾ ਦਿੱਤੀ ਐ। ਬੇਟੀ ਸਨੋਬਰ ਦਾ ਵਿਆਹ ਵੀ ਕਰ ਲਿਆ। ਮੈਨੂੰ ਲਗਦੈ ਸਾਰੀਆਂ ਜ਼ਿੰਮੇਵਾਰੀਆਂ ਮੈਂ ਨਿਭਾਹ ਲਈਆਂ। ਆਪਣੇ ਗੀਤਾਂ ਦਾ ਖਰੜਾ ਵੀ ਪਬਲਿਸ਼ਰ ਨੂੰ ਦੇ ਆਇਆਂ। ਮੈਂ ਸਾਰੀ ਉਮਰ ਅਜਿਹੀਆਂ ਗੱਲਾਂ 'ਤੇ ਯਕੀਨ ਨਹੀਂ ਕੀਤਾ। ਹੁਣ ਵੀ ਨਹੀ ਕਰ ਰਿਹਾ। ਇਨ੍ਹਾਂ ਗੱਲਾਂ ਦੇ ਵਿਗਿਆਨਕ ਕਾਰਨ ਜਾਣਨ ਲਈ ਕੋਸ਼ਿਸ਼ ਵਿਚ ਹਾਂ। ਸ਼ਾਇਦ ਦਿਮਾਗ਼ ਨੂੰ ਆਕਸੀਜ਼ਨ ਜਾਣੀ ਘਟ ਗਈ ਹੋਵੇ ਤੇ ਇਸ ਤਰ੍ਹਾਂ ਦੇ ਬਿੰਬ-ਪ੍ਰਤੀਬਿੰਬ ਦਿਮਾਗ਼ ਵਿਚ ਬਣਨ ਲੱਗ ਪਏ ਹੋਣ। ਪਰ ਸੋਢੀ ਸੁਲਤਾਨ ਸਿੰਘ ਦਾ ਫੋਨ ਕੱਟਣ ਵੇਲੇ 'ਹੁਣ ਰੁਖ਼ਸਤੀ ਦੇਣਾ' ਦੇ ਕੀ ਅਰਥ ਹਨ। ਇਹ ਵੀ ਤਾਂ ਸੱਚ ਹੈ ਜਦੋਂ ਮੈਂ ਸੋਢੀ ਸੁਲਤਾਨ ਸਿੰਘ ਤੋਂ ਕੰਵਰ ਇਮਤਿਆਜ਼ ਦਾ ਫੋਨ ਨੰਬਰ ਮੰਗ ਰਿਹਾ ਸਾਂ, ਉਸ ਵੇਲੇ ਉਸ ਨੂੰ ਸਪੁਰਦੇ-ਖ਼ਾਕ ਕਰਨ ਲਈ ਤਿਆਰੀ ਕੀਤੀ ਜਾ ਰਹੀ ਸੀ। •

### ਆਲੋਚਕ

ਇਕ ਵਾਰ ਮੈਂ ਕੰਵਰ ਨੂੰ ਉਸ ਦੇ ਸਕੂਲ ਮਿਲਣ ਗਿਆ। ਉਸ ਨੇ ਕਲਾਸ ਤੋਂ ਹਟਵੀਆਂ ਦੋ ਕੁਰਸੀਆਂ ਰਖਵਾ ਲਈਆਂ। ਗੱਲਾਂ ਕਰਦਾ-ਕਰਦਾ ਉਹ ਕਹਿਣ ਲੱਗਾ, 'ਤੈਨੂੰ ਪਤਾ ਰੱਬ ਨੇ ਖ਼ੂਬਸੂਰਤ ਚੀਜ਼ਾਂ ਇਕੱਠੀਆਂ ਕਰ ਕੇ ਲੇਖਕ ਬਣਾਇਆ ਤੇ ਜੋ ਮਗਰੋਂ ਫੋਕ ਬਚਿਆ ਉਸ ਦਾ ਆਲੋਚਕ ਬਣਾ ਦਿੱਤਾ।' ਇਹ ਕਹਿ ਉੱਚੀ-ਉੱਚੀ ਹੱਸਿਆ...



# ਪੰਜਾਬੀ ਸਾਹਿਤ ਦਾ ਗੌਰਵ

## ਗੁਲਜ਼ਾਰ ਸਿੰਘ ਸੰਧੂ



• ਪ੍ਰਿੰ. ਸਰਵਣ ਸਿੰਘ

ਗੁਲਜ਼ਾਰ ਸਿੰਘ ਸੰਧੂ ਦੀ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਛਪਣ ਸਾਰ 'ਪੰਜਾਬ ਗੌਰਵ' ਨਾਂ ਦਾ ਇਕ ਹੋਰ ਮੋਤੀ ਉਸ ਦੀ ਝੋਲੀ ਆ ਡਿੱਗਾ ਹੈ। ਅਜੇ ਪਤਾ ਨਹੀਂ ਹੋਰ ਕਿੰਨੇ ਡਿੱਗਣੇ ਹਨ? ਡਰ ਇਹੋ ਹੈ ਕਿ ਕਿਸੇ ਜੋਤਸ਼ੀ ਦੇ ਦੱਸੇ ਮੁਤਾਬਿਕ ਉਹ ਕਿਤੇ ਸੱਚੀਂ 'ਪਾਗ਼ਲ' ਨਾ ਹੋ ਜਾਵੇ! ਆਪਣੀ ਸਵੈਜੀਵਨੀ ਦੇ ਅੰਤ ਵਿਚ ਉਸ ਨੇ ਆਪ ਲਿਖਿਆ ਹੈ, 'ਆਪਣੀ ਉਮਰ ਦੇ ਨੌਵੇਂ ਦਹਾਕੇ ਵਿਚ ਪਹੁੰਚ ਕੇ ਮੈਨੂੰ ਇੰਨਾ ਜ਼ਰੂਰ ਪਤਾ ਲੱਗ ਗਿਆ ਹੈ ਕਿ ਆਖ਼ਰੀ ਉਮਰੇ ਚੇਤੇ ਨੂੰ ਖੋਰਾ ਲੱਗ ਜਾਂਦਾ ਹੈ। ਮੇਰੇ ਉੱਘੇ ਤੇ ਸੀਨੀਅਰ ਮਿੱਤਰਾਂ ਨੂੰ ਲੱਗ ਗਿਆ ਸੀ। ਇੱਧਰ ਵੀ ਭਾਣਾ ਵਰਤ ਸਕਦਾ ਹੈ। ਉਹ ਜੋਤਸ਼ੀ ਪਤਾ ਨਹੀਂ ਕਿੰਨਿਆਂ ਬੰਦਿਆਂ ਨੂੰ ਇਹ ਦੱਸ ਕੇ ਪਾਗ਼ਲ ਕਰ ਚੁੱਕਿਆ ਹੈ। ਹਾਲੀ ਤਕ ਤਾਂ ਮੈਂ ਠੀਕ ਠਾਕ ਹਾਂ। ਉਂਜ ਕਹਿੰਦੇ ਹਨ ਕਿ ਹਰ ਪਾਗ਼ਲ ਆਪਣੇ ਆਪ ਨੂੰ ਠੀਕ ਹੀ ਕਹਿੰਦਾ ਹੈ।'

ਗੁਲਜ਼ਾਰ ਸਿੰਘ ਸੰਧੂ ਸਦਾਬਹਾਰ ਲੇਖਕ ਹੈ। ਇਹ ਖ਼ਿਤਾਬ ਉਸ ਨੂੰ ਬਲਵੰਤ ਗਾਰਗੀ ਨੇ ਦਿੱਤਾ ਸੀ। ਉਮਰ ਦੀ ਚੁਰਾਸੀ ਕੱਟ ਕੇ ਵੀ ਉਸ ਦੀ ਕਲਮ ਪਹਿਲਾਂ ਵਾਂਗ ਚੱਲ ਰਹੀ ਹੈ ਤੇ ਹਾਸਾ ਵੀ ਪਹਿਲਾਂ ਵਾਂਗ ਹੀ ਛਣਕ ਰਿਹੈ। ਆਂਢੀਆਂ-ਗੁਆਂਢੀਆਂ ਨੂੰ ਪਤਾ ਲੱਗ ਜਾਂਦੈ ਕਿ ਅਗਲਿਆਂ ਦੇ ਘਰ ਗੁਲਜ਼ਾਰ ਸੰਧੂ ਆਇਆ ਹੋਇਆ। ਹਾਸਾ ਉਸ ਦੀ ਰੂਹ ਦੀ ਖ਼ੁਰਾਕ ਹੈ। ਹਾਸੇ ਦੇ ਸਿਰ 'ਤੇ ਹੀ ਉਹ ਜੀਵਨ 'ਚ ਆਈਆਂ ਅਨੇਕਾਂ ਔਕੜਾਂ ਤੋਂ ਬਚਦਾ ਆ ਰਿਹੈ। ਹਾਸੇ ਕਰਕੇ ਹੀ ਉਹ ਗੁਲਜ਼ਾਰ ਹੈ ਤੇ ਸਦਾਬਹਾਰ ਹੈ। ਹਸਮੁੱਖ ਬੰਦੇ ਕਰਮਾਂ ਦੇ ਬਲੀ ਹੁੰਦੇ ਹਨ। ਸੰਧੂ ਕਰਮਾਂ ਦਾ ਬਲੀ ਹੈ। ਕਿਸਮਤ ਦਾ ਧਨੀ। ਹਰ ਮੈਦਾਨ ਫਤਹਿ!

ਪੰਜਾਬੀ ਦਾ ਉਹ ਹਰਫ਼ਨਮੌਲਾ ਸਾਹਿਤਕਾਰ ਹੈ। ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਪੱਤਰਕਾਰ, ਰੇਖਾ ਚਿੱਤਰਕਾਰ, ਸਫ਼ਰਨਾਮੀਆ, ਅਨੁਵਾਦਕ ਤੇ ਸੰਪਾਦਕ। ਅਖ਼ਬਾਰਾਂ ਦਾ ਕਾਲਮ ਨਵੀਸ। ਗੱਲਾਂ ਦਾ ਧਨੀ। ਸਾਹਿਤ ਸਭਾਵਾਂ ਤੇ ਅਕਾਦਮੀਆਂ ਦਾ ਪ੍ਰਧਾਨ, ਸਕੱਤਰ ਤੇ ਸਲਾਹਕਾਰ। ਵਫ਼ਾਦਾਰ ਪਤੀ, ਰਿਸ਼ਤੇਦਾਰਾਂ ਦਾ ਸਕਾ ਸਨੇਹੀ ਤੇ ਮਿੱਤਰਾਂ ਦਾ ਮਿੱਤਰ। ਉਹ ਹੋਰ ਵੀ ਬਹੁਤ ਕੁਝ ਹੈ ਪਰ ਹੈ ਸਭ ਕਾਸੇ ਤੋਂ ਬੇਨਿਆਜ਼। 'ਕੋਈ ਰੌਲ਼ਾ ਨੀਂ' ਉਸ ਦਾ ਤਕੀਆ ਕਲਾਮ ਹੈ। ਹਾਲ-ਚਾਲ ਪੁੱਛੋ ਤਾਂ ਅਜੋਕਾ ਜਵਾਬ ਹੈ, 'ਚੱਲਦੈ!' ਪਹਿਲਾਂ ਉਹ 'ਚੜ੍ਹਦੀ ਕਲਾ' ਕਹਿੰਦਾ ਸੀ, ਫਿਰ 'ਇਕ ਨੰਬਰ ਕਹਿਣ ਲੱਗ ਪਿਆ' ਤੇ ਫੇਰ 'ਹਾਲੀ ਤਕ ਠੀਕ ਹੈ।' ਹੁਣ ਉਸ ਦੀ ਹਾਲਤ ਉਸ ਗੇਂਦ ਵਰਗੀ ਹੈ ਜੋ ਰੁੜ੍ਹ ਤਾਂ ਰਹੀ ਹੈ ਪਰ ਉਹਦਾ ਰੁੜ੍ਹਨਾ ਰੁਕਣ ਵਾਲਾ ਹੈ :

*ਰੌਅ ਮੇਂ ਹੈ ਰਖ਼ਸ਼ ਏ ਉਮਰ*
*ਕਹਾਂ ਦੇਖੀਏ ਥਮੇਂ,*
*ਨਾ ਹਾਥ ਬਾਗ਼ ਪਰ ਹੈ*
*ਨਾ ਪਾ ਹੈ ਰਕਾਬ ਮੇਂ।*

ਉਸ ਦੀਆਂ ਪੁਸਤਕਾਂ ਦੇ ਨਾਂ ਹਨ, ਸਾਡੇ ਹਾਰ ਸ਼ਿੰਗਾਰ, ਹੁਸਨ ਦੇ ਹਾਣੀ, ਇਕ ਸਾਂਝ ਪੁਰਾਣੀ, ਸੋਨੇ ਦੀ ਇੱਟ, ਅਮਰ ਕਥਾ, ਗਮਲੇ ਦੀ ਵੇਲ, ਚੋਣਵੀਆਂ ਕਹਾਣੀਆਂ, ਰੁਦਨ ਬਿੱਲੀਆਂ ਦਾ, ਦਿਨ ਦੀਵੀਂ ਲੁੱਟ, ਇਕ ਇੱਟ ਵਾਲੀ ਹਵੇਲੀ, ਤਿੰਨ ਛੱਕੇ, ਕੰਪੀਂ ਜਾਏ, ਧਰੂ ਤਾਰੇ, ਗੋਰੀ ਹਿਰਨੀ, ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ, 25 ਮੁਲਕ 75 ਗੱਲਾਂ, ਸਾਹਿਤਕ ਸਵੈਜੀਵਨੀ, ਮੇਰੀ ਸਹੁੰ/ਸਰਗੋਸ਼ੀਆਂ-1, ਮਿੱਤਰਾਂ ਦਾ ਮੈਂ ਤੇ ਅੱਸੀ ਕੋਹ ਦੀ ਦੌੜ/ਜੀਵਨ ਦਰਪਨ। ਟੈੱਸ, ਪਾਕਿਸਤਾਨ ਮੇਲ, ਜੀਵਨ ਤੇ ਸਾਹਿਤ, ਸਾਥੀ, ਬਾਲ ਬਿਰਖ ਤੇ ਸੂਰਜ, ਲਹਿਰਾਂ ਦੀ ਆਵਾਜ਼ ਤੇ ਭਾਰਤੀ ਸੈਨਾ ਦੀਆਂ ਪ੍ਰਾਪਤੀਆਂ ਅਨੁਵਾਦਤ ਪੁਸਤਕਾਂ ਹਨ। ਅੱਗ ਦਾ ਸਫ਼ਰ ਸ਼ਿਵ ਬਟਾਲਵੀ ਦੀ ਚੋਣਵੀਂ ਕਵਿਤਾ, ਪੰਜਾਬ ਦਾ ਛੇਵਾਂ ਦਰਿਆ ਐੱਮਐੱਸ ਰੰਧਾਵਾ, ਨਵਯੁਗ ਟਕਸਾਲ ਭਾਪਾ ਪ੍ਰੀਤਮ ਸਿੰਘ, ਵਾਸਨਾ ਵਿਸਕੀ ਵਿਦਵਤਾ ਖ਼ੁਸ਼ਵੰਤ ਸਿੰਘ ਤੇ ਲਾਲ ਕਿਲੇ ਦੀਆਂ ਟਾਹਣੀਆਂ ਸੰਪਾਦਤ ਪੁਸਤਕਾਂ ਵੱਖਰੀਆਂ ਹਨ। ਉਸ ਦੀਆਂ ਕਹਾਣੀਆਂ ਦੇ ਸੰਗ੍ਰਹਿ ਅੰਗਰੇਜ਼ੀ ਤੇ ਉਰਦੂ ਵਿਚ ਵੀ ਛਪੇ ਹਨ। ਪੰਜਾਬੀਜ਼ ਵਾਰ ਐਂਡ ਵਿਮੈੱਨ, ਗਾਡਜ਼ ਆਨ ਟਰਾਇਲ ਤੇ ਅਮਰ ਕਥਾ। ਉਹ ਸਪਤਾਹਿਕ ਤੇ ਮਾਸਕ ਰਸਾਲਿਆਂ ਤੋ ਇਲਾਵਾ ਰੋਜ਼ਾਨਾ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦਾ ਸੰਪਾਦਕ ਵੀ ਰਿਹਾ। ਉਹ 1954 ਤੋਂ ਲਗਾਤਾਰ ਲਿਖ ਰਿਹੈ। ਸੱਤਵਾਂ ਦਹਾਕਾ ਚੱਲ ਰਿਹੈ ਉਹਦੀ ਲੇਖਣੀ ਦੀ ਮੈਰਾਥਨ ਦਾ। ਹੁਣ ਉਸ ਦੀ ਸਵੈਜੀਵਨੀ ਛਪੀ ਹੈ ਜਿਸ ਦੇ ਕਾਂਡ ਹਨ ਨਾਨਕੇ, ਦਾਦਕੇ, ਦਿੱਲੀ, ਜ਼ਿੰਦਗੀ ਦੀ ਹਾਈਵੇਅ, ਭਾਰਤ ਦਰਸ਼ਨ, ਸਾਰਕ ਸੰਸਾਰ, ਗੋਰੀ ਕਾਲੀ ਦੁਨੀਆ, ਪੱਤਰਕਾਰਤਾ ਦੇ ਅੰਗ-ਸੰਗ, ਅਸਤਬਾਜ਼ੀ ਤੇ ਚਲੋ ਚਲੀ। ਪਹਿਲਾ ਵਾਕ ਹੈ : ਮੈਂ ਡਾਇਰੀ ਨਹੀਂ ਲਿਖਦਾ, ਰੱਖਦਾ ਹੀ ਨਹੀਂ।

ਉਸ ਨੂੰ ਭਾਰਤੀ ਸਾਹਿਤ ਅਕੈਡਮੀ ਤੋਂ ਲੈ ਕੇ ਦੇਸ਼-ਪਰਦੇਸ ਦੀਆਂ ਅਨੇਕਾਂ ਸਭਾਵਾਂ ਦੇ ਮੋਤੀ ਮਿਲੇ ਹਨ। ਪੰਜਾਬੀ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਸਾਹਿਤ ਅਕੈਡਮੀ ਚੰਡੀਗੜ੍ਹ ਦਾ ਮਾਣ ਸਨਮਾਨ, ਫੈਲੋਸ਼ਿਪਾਂ ਤੇ ਪ੍ਰੋਫੈਸਰ ਆਫ਼ ਐਮੀਨੈਂਸ ਵਰਗੀਆਂ ਪਦਵੀਆਂ। ਉਹ ਭਾਰਤੀ ਖੇਤੀ ਮੰਤਰਾਲੇ ਵਿਚ ਡਾਇਰੈਕਟਰ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦਾ ਸੰਚਾਰ ਵਿਭਾਗ ਦਾ ਮੁਖੀ, 'ਪੰਜਾਬੀ ਟ੍ਰਿਬਿਊਨ ਤੇ 'ਦੇਸ਼ ਸੇਵਕ ਰੋਜ਼ਾਨਾ ਅਖ਼ਬਾਰਾਂ ਦਾ ਐਡੀਟਰ, ਪੰਜਾਬ ਆਰਟਸ ਕਾਊਂਸਲ ਦਾ ਚੇਅਰਮੈਨ, ਪੰਜਾਬ ਰੈੱਡ ਕਰਾਸ ਦਾ ਸਕੱਤਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦਾ ਪ੍ਰੋਫੈਸਰ ਤੇ ਮੁਖੀ ਰਿਹਾ। ਉਹ ਪੰਜਾਬੀ ਯੂਨੀਵਰਸਿਟੀ ਦਾ ਆਜੀਵਨ ਫੈਲੋ ਹੈ ਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਪ੍ਰਧਾਨ। ਉਸ ਨੇ 1953 ਵਿਚ ਬੀਏ ਕੀਤੀ ਸੀ, ਅਗਲੇ ਸਾਲ ਗਿਆਨੀ ਤੇ 1958 ਵਿਚ ਕੈਂਪ ਕਾਲਜ ਨਵੀਂ ਦਿੱਲੀ ਤੋਂ ਅੰਗਰੇਜ਼ੀ ਦੀ ਐੱਮਏ।

ਗੁਲਜ਼ਾਰ ਸੰਧੂ ਨੂੰ ਮੈਂ 1962 ਤੋਂ ਜਾਣਨ ਲੱਗਾ ਜਦੋਂ ਮੈਂ ਵੀ ਉਹਦੇ ਵਾਂਗ ਦਿੱਲੀ ਪੁੱਜਾ। ਉਹ ਇੱਕੀਵੇਂ ਸਾਲ ਦੀ ਉਮਰ 'ਚ ਦਿੱਲੀ ਗਿਆ ਸੀ। ਪਿਛੋਕੜ ਸਾਡਾ ਇੱਕੋ ਜਿਹਾ ਸੀ। ਫ਼ਰਕ ਬਸ ਇੰਨਾ ਕੁ ਸੀ ਕਿ ਦਿੱਲੀ ਉਹਦੇ ਮਾਮਿਆਂ ਵਾਂਗ ਮੇਰੇ ਮਾਮਿਆਂ ਦੀਆਂ ਟੈਕਸੀਆਂ ਨਹੀਂ ਸਨ ਚਲਦੀਆਂ। ਮੇਰਾ ਕੋਈ ਰਿਸ਼ਤੇਦਾਰ ਨਹੀਂ ਸੀ ਉੱਥੇ। ਸੰਧੂ ਦਾ ਦਿੱਲੀ ਦੇ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਉਂਦਿਆਂ ਕਿਸੇ ਲੜਕੀ ਨਾਲ ਸਨੇਹ ਦਾ ਰਿਸ਼ਤਾ ਬਣ ਚੱਲਿਆ ਸੀ ਜੋ ਉਸ ਨੂੰ ਪ੍ਰੋਫ਼ੈਸਰੀ ਦੀ ਕੱਚੀ ਨੌਕਰੀ ਤੋਂ ਹਟਾਉਣ ਦਾ ਸਬੱਬ ਬਣਿਆ। ਉਹ ਸਨੇਹ ਸ਼ਾਇਦ ਇਕਪਾਸੜ ਹੀ ਹੋਵੇ ਪਰ ਉਸ ਵਿਗੋਚੇ ਨੇ ਗੁਲਜ਼ਾਰ ਨੂੰ ਲੇਖਕ ਬਣਨ ਦੇ ਰਾਹ ਪਾ ਦਿੱਤਾ।

ਜੰਮਿਆ ਉਹ ਪੁਆਧ ਵਿਚ, ਸਕੂਲੀ ਪੜ੍ਹਾਈ ਮਾਲਵੇ 'ਚ ਕੀਤੀ ਤੇ ਕਾਲਜ ਦੀ ਵਿੱਦਿਆ ਦੁਆਬੇ ਦੇ ਮਾਹਿਲਪੁਰ ਕਾਲਜ ਤੋਂ ਲਈ। ਦਿੱਲੀ, ਲੁਧਿਆਣੇ, ਚੰਡੀਗੜ੍ਹ ਤੇ ਪਟਿਆਲੇ 'ਚ ਨੌਕਰੀ ਕੀਤੀ। ਦੁਨੀਆ ਦੇ ਅਨੇਕਾਂ ਦੇਸ਼ ਤੇ ਸ਼ਹਿਰ ਗਾਹੇ। 25 ਦੇਸ਼ 75 ਗੱਲਾਂ। ਡੇਰਾ ਡਾਂਗ 'ਤੇ ਨਹੀਂ ਕਲਮ 'ਤੇ ਰੱਖਿਆ। ਸਿਹਤ ਵਿਭਾਗ ਦਿੱਲੀ ਦੀ ਡਾਇਰੈਕਟਰ ਡਾ. ਸੁਰਜੀਤ ਕੌਰ ਪੰਨੂੰ ਸੰਗ ਵਿਆਹੇ ਜਾਣ ਪਿੱਛੋਂ ਵੀ ਉਹ ਜਿਹੋ ਜਿਹਾ ਪਹਿਲਾਂ ਸੀ ਉਹੋ ਜਿਹਾ ਹੀ ਬਾਅਦ ਵਿਚ ਰਿਹਾ। ਵਿਆਹ ਕਰਵਾ ਕੇ ਵੀ ਕਬੀਲਦਾਰ ਨਹੀਂ ਬਣਿਆ।

ਉਸ ਦੇ ਵਿਆਹ ਦੀ 53ਵੀਂ ਵਰ੍ਹੇ-ਗੰਢ ਆਉਣ ਵਾਲੀ ਹੈ। 11 ਮਾਰਚ 1966 ਨੂੰ ਸੰਧੂ ਜੋੜੇ ਦਾ ਵਿਆਹ ਹੋਇਆ ਸੀ। ਇਸ ਹੀ ਤਰੀਕ ਨੂੰ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਪੰਜਾਬੀ ਸੂਬੇ ਦੀ ਮੰਗ ਮੰਨਣ ਪਿੱਛੇ 1965 ਦੀ ਇੰਡੋ-ਪਾਕਿ ਜੰਗ ਵਿਚ ਸਿੱਖ ਫ਼ੌਜੀਆਂ ਤੇ ਸਰਹੱਦ ਨੇੜਲੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ ਸੀ। ਸੰਧੂ ਦੇ ਲਿਖਣ ਮੁਤਾਬਿਕ, 'ਸੰਨ 1966 ਤੋਂ ਸੁਰਜੀਤ ਐੱਸਕੇ ਸੰਧੂ ਹੋ ਗਈ। ਉਸ ਦੇ ਘਰ ਕੋਈ ਬਾਲ-ਬੱਚਾ ਨਾ ਹੋਇਆ ਫਿਰ ਵੀ ਬੱਚਿਆਂ ਦਾ ਸੰਧੂ ਨੇ ਕਦੇ ਝੋਰਾ ਨਹੀਂ ਝੁਰਿਆ। ਡਾ. ਅਤਰ ਸਿੰਘ ਦੱਸਦਾ ਹੁੰਦਾ ਸੀ, 'ਇਕੇਰਾਂ ਸੰਧੂ ਕਨਾਟ ਪਲੇਸ ਕਾਕੇ ਦੇ ਢਾਬੇ 'ਤੇ ਦੋਸਤਾਂ ਨਾਲ ਖਾਂਦਾ ਪੀਂਦਾ ਨਸ਼ੇ 'ਚ ਹੋ ਗਿਆ। ਨਾਲੇ ਰੋਈ ਜਾਵੇ ਨਾਲੇ ਤਾਜ਼ੀ ਮਿਲੀ ਤਨਖ਼ਾਹ ਦੇ ਨੋਟ ਸੁੱਟਦਾ ਕਹੀ ਜਾਵੇ, 'ਆਪਣੇ ਕਿਹੜਾ ਜੁਆਕ ਰੋਂਦੇ ਆ!' ਖਿਲਰੇ ਨੋਟ ਫਿਰ ਅਤਰ ਸਿੰਘ ਨੇ ਹੀ ਸੰਭਾਲੇ ਸਨ।

ਭਲਕ ਦਾ ਪਤਾ ਨਹੀਂ ਉਹ ਪਾਗ਼ਲ ਹੋਵੇ ਜਾਂ ਨਾ, ਹਾਲ ਦੀ ਘੜੀ ਤਾਂ ਉਠਾਂ ਵਾਲਿਆਂ ਦਾ ਗੁਲਜ਼ਾਰਾ ਹਵਾਈ ਜਹਾਜ਼ਾਂ ਦੇ ਉੱਤੋਂ ਦੀ ਉੱਡ ਰਿਹੈ! •

### ਜ਼ਿੰਦਾਦਿਲੀ

ਸੰਧੂ ਸਦਾਬਹਾਰ ਲੇਖਕ ਹੈ। ਇਹ ਖ਼ਿਤਾਬ ਉਸ ਨੂੰ ਬਲਵੰਤ ਗਾਰਗੀ ਨੇ ਦਿੱਤਾ ਸੀ। ਉਮਰ ਦੀ ਚੁਰਾਸੀ ਕੱਟ ਕੇ ਵੀ ਉਸ ਦੀ ਕਲਮ ਪਹਿਲਾਂ ਵਾਂਗ ਚੱਲ ਰਹੀ ਹੈ ਤੇ ਹਾਸਾ ਵੀ ਪਹਿਲਾਂ ਵਾਂਗ ਹੀ ਛਣਕ ਰਿਹੈ। ਹਾਸਾ ਉਸ ਦੀ ਰੂਹ ਦੀ ਖ਼ੁਰਾਕ ਹੈ। ਇਸ ਦੇ ਸਿਰ 'ਤੇ ਉਹ ਜੀਵਨ 'ਚ ਆਈਆਂ ਔਕੜਾਂ ਤੋਂ ਬਚਦਾ ਆ ਰਿਹੈ...



ਸੰਧੂ ਜੋੜੇ ਨੇ ਵਸੀਅਤ ਲਿਖ ਦਿੱਤੀ ਹੈ ਕਿ ਮਰਨ ਉਪਰੰਤ ਸਾਡੀਆਂ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਸਾਡਾ ਮਰਨਾ ਖ਼ੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਉਨ੍ਹਾਂ ਦੀ ਜੇਬ ਵਿਚ ਰਹਿੰਦੈ...

# ਕੇਂਦਰ ਨੇ ਸਾਰੀਆਂ ਏਜੰਸੀਆਂ ਨੂੰ ਮੇਰੇ ਖਿਲਾਫ਼ ਉਤਾਰ ਦਿੱਤਾ, ਜਿਵੇਂ ਮੈਂ ਅੱਤਵਾਦੀ ਹੋਵਾਂ: ਕੇਜਰੀਵਾਲ

**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਯਾਨੀ ਕਿ ਅੱਜ ਭਾਜਪਾ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਸਾਰੀਆਂ ਏਜੰਸੀਆਂ ਨੂੰ ਮੇਰੇ ਖਿਲਾਫ਼ ਉਤਾਰ ਰਹੀ ਹੈ, ਜਿਵੇਂ ਕਿ ਮੈਂ ਸਭ ਤੋਂ ਵੱਡਾ ਅੱਤਵਾਦੀ ਹੋਵਾਂ। ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਤੇ ਮੁੱਖ ਮੰਤਰੀ ਕੇਜਰੀਵਾਲ ਨੇ ਇੱਥੇ ਦੁਆਰਕਾ 'ਚ ਇਕ ਸਕੂਲ ਦਾ ਨੀਂਹ ਪੱਥਰ ਰੱਖਣ ਮਗਰੋਂ ਇਹ ਗੱਲ ਆਖੀ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦਿੱਲੀ 'ਚ ਸਭ ਕੁਝ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਕੇਜਰੀਵਾਲ ਮੁਤਾਬਕ ਅਸੀਂ ਦਿੱਲੀ 'ਚ ਲੋਕਾਂ ਨੂੰ ਘਰ ਤੱਕ ਰਾਸ਼ਨ ਪਹੁੰਚਾਉਣ ਦੀ ਸੇਵਾ ਦੇਣਾ ਚਾਹੁੰਦੇ ਸੀ ਪਰ ਕੇਂਦਰ ਨੇ ਇਸ ਨੂੰ ਰੋਕ ਦਿੱਤਾ ਪਰ ਭਗਵਾਨ ਦੀ ਕ੍ਰਿਪਾ ਨਾਲ ਅਸੀਂ ਪੰਜਾਬ ਵਿਚ ਸਰਕਾਰ ਬਣਾਈ। ਸ਼ਨੀਵਾਰ ਨੂੰ ਮੈਂ ਪੰਜਾਬ ਵਿਚ ਰਹਾਂਗਾ, ਜਿੱਥੇ ਅਸੀਂ ਹਰ ਘਰ ਤੱਕ ਰਾਸ਼ਨ ਪਹੁੰਚਾਉਣ ਦੀ ਸਕੀਮ ਸ਼ੁਰੂ ਕਰਾਂਗੇ।

ਕੇਜਰੀਵਾਲ ਮੁਤਾਬਕ ਤੁਸੀਂ ਅਖ਼ਬਾਰਾਂ 'ਚ ਪੜ੍ਹਦੇ ਹੋਵੋਗੇ ਕਿ ਕੇਜਰੀਵਾਲ ਨੂੰ ਈਡੀ ਦਾ ਨੋਟਿਸ, ਸੀ.ਬੀ.ਆਈ. ਦਾ ਨੋਟਿਸ, ਦਿੱਲੀ ਪੁਲਸ ਦਾ ਨੋਟਿਸ ਮਿਲਿਆ ਹੈ। ਸਾਰੀਆਂ ਏਜੰਸੀਆਂ ਨੂੰ ਮੇਰੇ ਖਿਲਾਫ਼ ਤਾਇਨਾਤ ਕਰ ਦਿੱਤਾ ਹੈ, ਜਿਵੇਂ ਕਿ ਮੈਂ ਸਭ ਤੋਂ ਵੱਡਾ ਅੱਤਵਾਦੀ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਭ੍ਰਿਸ਼ਟ ਦੱਸਿਆ ਜਾ ਰਿਹਾ ਹੈ। ਕੇਜਰੀਵਾਲ ਨੇ ਕਿਹਾ ਕਿ ਉਹ ਕਹਿੰਦੇ ਹਨ, ਮੈਂ ਚੋਰ ਹਾਂ। ਤੁਸੀਂ ਮੈਨੂੰ ਦੱਸੋ, ਕੀ ਕੋਈ ਵਿਅਕਤੀ ਜੋ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੰਦਾ ਹੈ, ਕੀ ਲੋਕਾਂ ਨੂੰ ਮੁਫ਼ਤ ਸਹੂਲਤੀ ਦੇਣ ਵਾਲਾ ਚੋਰ ਹੈ ਜਾਂ ਸਭ ਕੁਝ ਮਹਿੰਗਾ ਕਰਨ ਵਾਲਾ।

# ਕਾਂਗਰਸ ਨੇ ਮੋਦੀ ਸਰਕਾਰ ਦੀਆਂ ਨਾਕਾਮੀਆਂ ਬਾਰੇ ਬਲੈਕ ਪੇਪਰ ਜਾਰੀ ਕੀਤਾ

**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਪਿਛਲੇ 10 ਸਾਲਾਂ ਦੀਆਂ ਨਾਕਾਮੀਆਂ 'ਤੇ 'ਬਲੈਕ ਪੇਪਰ' ਜਾਰੀ ਕੀਤਾ ਹੈ। ਕਾਂਗਰਸ ਵੱਲੋਂ ਜਾਰੀ ਇਹ ਬਲੈਕ ਪੇਪਰ 'ਚ ਪਾਰਟੀ ਨੇ ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਸਮੱਸਿਆਵਾਂ 'ਤੇ ਸਰਕਾਰ ਦੀਆਂ ਨਾਕਾਮੀਆਂ ਸਾਹਮਣੇ ਲਿਆਂਦਾ ਹੈ। ਸ੍ਰੀ ਖੜਗੇ ਨੇ ਕਿਹਾ ਕਿ ਸਰਕਾਰ ਨੇ 2 ਕਰੋੜ ਨੌਕਰੀਆਂ ਦੇਣ ਤੇ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਦੀ ਮੋਦੀ ਦੀ ਗਾਰੰਟੀ ਦਿੱਤੀ ਸੀ ਪਰ ਅਜਿਹਾ ਨਹੀਂ ਹੋਇਆ ਤੇ ਹੁਣ ਉਹ ਨਵੀਂ ਗਾਰੰਟੀ ਦੀ ਗੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਨੂੰ ਯਕੀਨੀ ਬਣਾਇਆ ਅਤੇ 2024 ਵਿੱਚ ਦੇਸ਼ ਨੂੰ ਭਾਜਪਾ ਦੇ 'ਬੇਇਨਸਾਫ਼ੀ ਦੇ ਹਨੇਰੇ' ਵਿੱਚੋਂ ਕੱਢੇਗੀ।

# ਜਦੋਂ ਵੀ ਲੋਕਤੰਤਰ ਦੀ ਗੱਲ ਛਿੜੇਗੀ ਤਾਂ ਮਨਮੋਹਨ ਸਿੰਘ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ: ਮੋਦੀ

**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਸ਼ ਲਈ ਯੋਗਦਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਜਦੋਂ ਵੀ ਲੋਕਤੰਤਰ ਦੀ ਗੱਲ ਕੀਤੀ ਜਾਵੇਗੀ ਤਾਂ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ। ਰਾਜ ਸਭਾ ਦੇ ਸੇਵਾਮੁਕਤ ਹੋ ਰਹੇ ਮੈਂਬਰਾਂ ਦੀ ਵਿਦਾਇਗੀ ਮੌਕੇ ਉਪਰਲੇ ਸਦਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਸਰੀਰਕ ਬਿਮਾਰੀ ਦੇ ਬਾਵਜੂਦ ਸਦਨ ਦੀ ਕਾਰਵਾਈ ਵਿੱਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਮਨਮੋਹਨ ਸਿੰਘ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਵੀ ਕੀਤੀ। ਸ੍ਰੀ ਮਨਮੋਹਨ ਸਿੰਘ ਸਮੇਤ ਉਪਰਲੇ ਸਦਨ ਦੇ 68 ਮੈਂਬਰ ਫਰਵਰੀ ਤੋਂ ਮਈ ਦਰਮਿਆਨ ਸੇਵਾਮੁਕਤ ਹੋ ਰਹੇ ਹਨ।

# ਲੋੜਵੰਦਾਂ ਲਈ ਵੱਖ-ਵੱਖ ਰੋਜ਼ਗਾਰ ਕਿੱਤਿਆਂ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਵੱਡੀ ਲੋੜ: ਸਪੀਕਰ ਸੰਧਵਾਂ



**ਚੰਡੀਗੜ੍ਹ, 9 ਫਰਵਰੀ**
**--ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕਿ ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ, ਘੋੜੇ ਪਾਲਣ, ਕੁੱਤੇ ਪਾਲਣ ਅਤੇ ਡੇਅਰੀ ਸਬੰਧੀ ਕਿੱਤੇ ਅਪਣਾਉਣ ਦੇ ਚਾਹਵਾਨ ਨੌਜਵਾਨਾਂ/ਕਿਸਾਨਾਂ ਨੂੰ ਵੱਖ-ਵੱਖ ਰੋਜ਼ਗਾਰ ਕਿੱਤਿਆਂ ਪ੍ਰਤੀ ਉਤਸ਼ਾਹਿਤ ਕਰਨਾ ਸਮੇਂ ਦੀ ਵੱਡੀ ਲੋੜ ਹੈ, ਕਿਉਂਕਿ ਉਹ ਵੱਖ-ਵੱਖ ਕਿੱਤੇ ਅਪਣਾ ਕੇ ਆਪਣਾ ਚੰਗਾ ਜੀਵਨ ਨਿਰਬਾਹ ਕਰਨ ਦੇ ਯੋਗ ਬਣ ਸਕਦੇ ਹਨ।

ਅੱਜ ਇੱਥੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਵੱਖ-ਵੱਖ ਕਿੱਤਿਆਂ ਦੇ ਮਾਹਿਰਾਂ, ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਅਤੇ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੇ ਉਪ ਕੁਲਪਤੀ ਨਾਲ ਕੀਤੀ ਮੀਟਿਗ ਦੌਰਾਨ ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਸੂਬੇ ਦੇ ਵਿਧਾਇਕਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸੂਬੇ ਦੇ ਲੋੜਵੰਦ ਨੌਜਵਾਨਾਂ ਅਤੇ ਕਿਸਾਨਾਂ ਨੂੰ ਖੇਤੀਬਾੜੀ ਦੇ ਸਹਾਇਕ ਕਿੱਤਿਆਂ ਲਈ ਉਤਸ਼ਾਹਿਤ ਕਰਨਾ ਜ਼ਰੂਰੀ ਹੈ ਅਤੇ ਇਸ ਖੇਤਰ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਸਪੀਕਰ ਸੰਧਵਾਂ ਨੇ ਕਿਹਾ ਕਿ ਪਸ਼ੂ ਪਾਲਣ, ਮੱਛੀ ਪਾਲਣ, ਘੋੜੇ ਪਾਲਣ, ਕੁੱਤੇ ਪਾਲਣ ਅਤੇ ਡੇਅਰੀ ਸਬੰਧੀ ਕਿੱਤਿਆਂ ਨੂੰ ਰੋਜ਼ਗਾਰ ਬਣਾਉਣ ਲਈ ਸਬੰਧਤ ਧਿਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਦੇਸ਼ਾਂ ਵਿੱਚ ਪਹਿਲਾਂ ਹੀ ਆਯੋਜਿਤ ਹੁੰਦੇ ਪਸ਼ੂ ਮੇਲਿਆਂ ਵਿੱਚ ਵੈਟਨਰੀ ਯੂਨੀਵਰਸਿਟੀ ਅਤ ਪਸ਼ੂ ਪਾਲਣ ਵਿਭਾਗ ਨੂੰ ਆਪਣੀਆਂ ਟੀਮਾਂ ਭੇਜਣੀਆਂ ਚਾਹੀਦੀਆਂ ਹਨ ਤਾਂ ਜੋ ਇਸ ਸਬੰਧੀ ਹੋਰ ਵਧਰੇ ਜਾਣਕਾਰੀ ਹਾਸਲ ਹੋ ਸਕੇ।

ਸ. ਸੰਧਵਾਂ ਨੇ ਪਸ਼ੂ ਪਾਲਣ ਵਿਭਾਗ ਅਤੇ ਵੈਟਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਨੂੰ ਸਾਂਝੀ ਤਜਵੀਜ਼ ਬਣਾਉਣ ਲਈ ਵੀ ਕਿਹਾ ਤਾਂ ਜੋ ਵਿਭਿੰਨ ਰੋਜ਼ਗਾਰ ਕਿੱਤਿਆਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਯੋਜਨਾ ਬਣਾਈ ਜਾ ਸਕੇ ਅਤੇ ਇਸ ਸਬੰਧੀ ਲੋੜੀਂਦੇ ਫੰਡਾਂ ਦੇ ਪ੍ਰਬੰਧ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਜੇਕਰ ਸਾਂਝੀ ਤਜਵੀਜ਼ ਬਣਾਉਣ ਦੇ ਕਾਰਜ 'ਚ ਕੋਈ ਅਧਿਕਾਰੀ ਅਣਗਹਿਲੀ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਮੌਕੇ ਸਾਬਕਾ ਮੰਤਰੀ ਤੇ ਮੌਜੂਦਾ ਰਾਣਾ ਗੁਰਜੀਤ ਸਿੰਘ ਅਤੇ ਫੌਜਾ ਸਿੰਘ ਸਰਾਰੀ, ਵਿਧਾਇਕ ਅਮਿਤ ਰਤਨ, ਕਸ਼ਮੀਰ ਸਿੰਘ ਸੋਹਲ, ਮਦਨ ਲਾਲ ਬੱਗਾ, ਕੁਲਜੀਤ ਸਿੰਘ ਰੰਧਾਵਾ, ਗੁਰਪ੍ਰੀਤ ਬੱਸੀ ਗੋਗੀ, ਵਧੀਕ ਮੁੱਖ ਸਕੱਤਰ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਕਾਸ ਪ੍ਰਤਾਪ, ਉਪ ਕੁਲਪਤੀ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਇੰਦਰਜੀਤ ਸਿੰਘ ਅਤੇ ਡਾਇਰੈਕਟਰ ਮੱਛੀ ਪਾਲਣ ਜਸਵੀਰ ਸਿੰਘ, ਡਾਇਰੈਕਟਰ ਡੇਅਰੀ ਵਿਕਾਸ ਕੁਲਦੀਪ ਸਿੰਘ, ਡਾਇਰੈਕਟਰ ਪਸ਼ੂ ਪਾਲਣ ਮੱਛੀ ਪਾਲਣਾ ਅਤੇ ਡੇਅਰੀ ਵਿਕਾਸ ਗੁਰਸ਼ਰਨਜੀਤ ਸਿੰਘ ਬੇਦੀ ਹਾਜ਼ਰ ਸਨ।

# ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ 11 ਫਰਵਰੀ ਨੂੰ ਰਾਜ ਦੇ ਲੋਕਾਂ ਨੂੰ ਸਮਰਪਿਤ ਕਰਨਗੇ ਗੁਰੂ ਅਮਰਦਾਸ ਥਰਮਲ ਪਲਾਂਟ: ਹਰਭਜਨ ਸਿੰਘ ਈ.ਟੀ.ਓ.

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਅੱਜ ਇਥੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ 11 ਫਰਵਰੀ, 2024 ਨੂੰ ਗੁਰੂ ਅਮਰਦਾਸ ਥਰਮਲ ਪਾਵਰ ਲਿਮਟਿਡ (ਜੀ.ਏ.ਟੀ.ਪੀ.ਐਲ), ਗੋਇੰਦਵਾਲ ਸੂਬੇ ਦੇ ਲੋਕਾਂ ਨੂੰ ਸਮਰਪਿਤ ਕਰਨਗੇ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਬਿਜਲੀ ਮੰਤਰੀ ਨੇ ਕਿਹਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਨੇ 12 ਜਨਵਰੀ, 2024 ਨੂੰ ਜੀਏਟੀਪੀਐਲ ਨੂੰ ਸ਼ਾਮਲ ਕੀਤਾ ਸੀ ਅਤੇ 07 ਫਰਵਰੀ, 2024 ਨੂੰ ਅਧਿਗ੍ਰਹਿਣ ਪ੍ਰਕਿਰਿਆ ਪੂਰੀ ਹੋਣ ਨਾਲ ਜੀ.ਵੀ.ਕੇ ਪਾਵਰ (ਗੋਇੰਦਵਾਲ ਸਾਹਿਬ) ਲਿਮਟਿਡ ਜੀ.ਏ.ਟੀ.ਪੀ.ਐਲ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਜੀ.ਵੀ.ਕੇ ਪਾਵਰ (ਗੋਇੰਦਵਾਲ ਸਾਹਿਬ) ਲਿਮਟਿਡ ਦਾ ਇਹ ਤਾਪ ਬਿਜਲੀ ਘਰ ਪੂਰੀ ਤਰ੍ਹਾਂ ਪੰਜਾਬ ਸਰਕਾਰ ਦੀ ਜਾਇਦਾਦ ਹੈ। ਉਨ੍ਹਾਂ ਕਿਹਾ ਕਿ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਗੋਇੰਦਵਾਲ ਸਾਹਿਬ ਵਿਖੇ ਸਥਾਪਤ ਇਸ ਥਰਮਲ ਪਲਾਂਟ ਦਾ ਨਾਮ ਵੀ ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ ਰੱਖਿਆ ਗਿਆ ਹੈ।

ਬਿਜਲੀ ਮੰਤਰੀ ਨੇ ਕਿਹਾ ਕਿ ਇਸ ਪ੍ਰਾਪਤੀ ਨਾਲ ਜੀ.ਵੀ.ਕੇ ਪਾਵਰ (ਗੋਇੰਦਵਾਲ ਸਾਹਿਬ) ਲਿਮਟਿਡ ਵੱਲੋਂ ਕੀਤੇ ਗਏ 3000 ਕਰੋੜ ਰੁਪਏ ਦੀ ਦੇਣਦਾਰੀ ਵਾਲੇ ਕੇਸ ਖਤਮ ਹੋ ਜਾਣਗੇ, ਇਸ ਤਰ੍ਹਾਂ ਸੂਬੇ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੇ ਬਿਜਲੀ ਦਰ੍ਹਾਂ ਦੇ ਅਚਾਨਕ ਵਾਧੇ ਵਾਲੇ ਝਟਕਿਆਂ ਤੋਂ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਸੂਬੇ ਦੇ ਬਿਜਲੀ ਖਪਤਕਾਰਾਂ ਨੂੰ ਸਸਤੀ ਬਿਜਲੀ ਮੁਹੱਈਆ ਕਰਨ ਵਿੱਚ ਮਦਦ ਮਿਲੇਗੀ ਉੱਥੇ ਹੀ ਬਿਜਲੀ ਦੀ ਉਪਲਬਧਤਾ ਵਿੱਚ ਵੀ ਸੁਧਾਰ ਹੋਵੇਗਾ।

ਸ. ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਇਸ ਪਲਾਂਟ ਨੂੰ ਕਿਫ਼ਾਇਤੀ ਢੰਗ ਨਾਲ ਚਲਾਉਣ ਲਈ ਪਛਵਾੜਾ ਖਾਣ ਵਿੱਚੋਂ ਕੋਲਾ ਮੁਹੱਈਆ ਕਰਵਾਉਣ ਲਈ ਕੇਂਦਰੀ ਬਿਜਲੀ ਮੰਤਰਾਲੇ ਨਾਲ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਰਾਜ ਨੂੰ ਲਗਭਗ 300 ਕਰੋੜ ਰੁਪਏ ਦੀ ਸਾਲਾਨਾ ਬੱਚਤ ਹੋਵੇਗੀ। ਉਨ੍ਹਾਂ ਦੱਸਿਆ ਕਿ ਤਾਪ ਬਿਜਲੀ ਘਰ ਕੋਲ ਕਰੀਬ 1100 ਏਕੜ ਜ਼ਮੀਨ ਹੈ, ਜਿਸ ਵਿੱਚੋਂ 700 ਏਕੜ ਜ਼ਮੀਨ ਪ੍ਰਾਜੈਕਟ ਦੀ ਉਸਾਰੀ ਲਈ ਵਰਤੀ ਜਾ ਚੁੱਕੀ ਹੈ ਅਤੇ 400 ਏਕੜ ਦੇ ਕਰੀਬ ਅਜੇ ਵੀ ਅਣਵਰਤੀ ਪਈ ਹੈ।

# ਕਿਸਾਨ ਪ੍ਰਦਰਸ਼ਨ ਕਾਰਨ ਦਿੱਲੀ 'ਚ ਸੁਰੱਖਿਆ ਪ੍ਰਬੰਧ ਮਜ਼ਬੂਤ

**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਦੇ ਵਿਆਪਕ ਪ੍ਰਦਰਸ਼ਨ ਦੇ ਮੱਦੇਨਜ਼ਰ ਰਾਸ਼ਟਰੀ ਰਾਜਧਾਨੀ ਖਾਸ ਕਰਕੇ ਦਿੱਲੀ-ਉੱਤਰ ਪ੍ਰਦੇਸ਼ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਇਸ ਲਈ ਟ੍ਰੈਫਿਕ ਵਿਵਸਥਾ 'ਚ ਕੁਝ ਬਦਲਾਅ ਵੀ ਕੀਤੇ ਗਏ ਹਨ ਅਤੇ ਲੋਕਾਂ ਨੂੰ ਕੁਝ ਖਾਸ ਰੂਟਾਂ 'ਤੇ ਸਫਰ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਇਸ ਕਰਨ ਕਈ ਥਾਵਾਂ 'ਤੇ ਵੱਡੇ ਜਾਮ ਲੱਗ ਗਏ ਹਨ। ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਵਿਵਸਥਾ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਕਾਨੂੰਨ ਵਿਵਸਥਾ ਬਰਕਰਾਰ ਰੱਖਣ ਲਈ ਨੀਮ ਫੌਜੀ ਬਲਾਂ ਦੇ ਨਾਲ ਭਾਰੀ ਸੁਰੱਖਿਆ ਬਲਾਂ ਨੂੰ ਪਹਿਲਾਂ ਹੀ ਤਾਇਨਾਤ ਕੀਤਾ ਗਿਆ ਹੈ। ਦਿੱਲੀ-ਹਰਿਆਣਾ ਅਤੇ ਦਿੱਲੀ-ਉੱਤਰ ਪ੍ਰਦੇਸ਼ ਨੂੰ ਜੋੜਨ ਵਾਲੇ ਸਰਹੱਦੀ ਖੇਤਰਾਂ 'ਤੇ ਬੈਰੀਕੇਡ ਲਗਾਏ ਗਏ ਹਨ।

# ਹਰਜੋਤ ਬੈਂਸ ਨੇ 'ਆਪ' ਦੀ ਸਰਕਾਰ, ਆਪ ਦੇ ਦੁਆਰ ਯੋਜਨਾ ਅਧੀਨ ਵੱਖ-ਵੱਖ ਪਿੰਡਾਂ ਵਿੱਚ ਲੱਗੇ ਕੈਂਪਾਂ ਦਾ ਕੀਤਾ ਨਿਰੀਖਣ

**ਨੰਗਲ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਬ ਡਵੀਜ਼ਨ ਨੰਗਲ ਵਿੱਚ ਪੰਜਾਬ ਸਰਕਾਰ ਵੱਲੋਂ 'ਆਪ' ਦੀ ਸਰਕਾਰ, ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਸਰਕਾਰੀ ਸਕੀਮਾਂ ਦਾ ਲਾਭ ਨਾਗਰਿਕਾਂ ਨੂੰ ਦੇਣ ਲਈ ਅੱਜ ਦਬਖੇੜਾ, ਭਾਲੋਵਾਲ, ਅਜੋਲੀ ਤੇ ਬ੍ਰਹਮਪੁਰ ਵਿਖੇ ਵੱਖ ਵੱਖ ਥਾਵਾਂ ਤੇ ਕੈਂਪ ਲਗਾਏ ਗਏ।

ਇਹ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਕੈਂਪਾਂ ਵਾਲੀਆਂ ਥਾਵਾਂ ਦਾ ਨਿਰੀਖਣ ਕੀਤਾ ਅਤੇ ਕੈਂਪਾਂ ਵਿੱਚ ਹਾਜ਼ਰ ਨਾਗਰਿਕਾਂ ਨੂੰ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਨੇ ਸਰਕਾਰ ਬਣਦਿਆਂ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਘਰ-ਘਰ ਜਾ ਕੇ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਯਕੀਨੀ ਬਣਾਏਗੀ, ਜਿਸ ਦੀ ਸ਼ੁਰੂਆਤ ਕੈਂਪ ਲਗਾ ਕੇ ਕੀਤੀ ਹੈ ਜਿੱਥੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹਾਜ਼ਰ ਨਾਗਰਿਕਾਂ ਨੂੰ ਸੁਵਿਧਾਵਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਉੱਚੀ ਸੋਚ ਸਦਕਾ ਹੀ ਅਜਿਹਾ ਹੋ ਸਕਿਆ ਕਿ ਪਹਿਲੀ ਵਾਰ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਸਰਕਾਰੀ ਸਕੀਮਾਂ ਦੀਆਂ ਸੁਵਿਧਾਵਾਂ ਮਿਲ ਰਹੀਆਂ ਹਨ।

ਕੈਂਪਾਂ ਦੌਰਾਨ ਵੱਖ-ਵੱਖ ਦਸਤਾਵੇਜ ਬਣਾਉਣ ਲਈ ਆ ਰਹੀਆਂ ਦਰਖਾਸਤਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਅਤੇ ਰਹਿੰਦੀਆਂ ਦਰਖਾਸਤਾ ਨਿਪਟਾਰੇ ਲਈ ਸਬੰਧਤ ਵਿਭਾਗਾਂ ਨੂੰ ਭੇਜੀਆਂ ਗਈਆਂ ਹਨ।

ਇਸ ਮੌਕੇ ਵੱਖ ਵੱਖ ਪਿੰਡਾਂ ਦੇ ਪਤਵੰਤੇ ਹਾਜਰ ਸਨ। ਇਸ ਮੌਕੇ ਡਾ.ਸੰਜੀਵ ਗੌਤਮ, ਪੱਮੂ ਢਿੱਲੋਂ ਬਲਾਕ ਪ੍ਰਧਾਨ, ਸੁੱਚਾ ਸਿੰਘ ਚੇਅਰਮੈਨ, ਰਾਕੇਸ ਕੁਮਾਰ ਅਜੋਲੀ, ਸੁੱਚਾ ਸਿੰਘ, ਪ੍ਰਿੰਸ ਉੱਪਲ, ਓਕਾਰ ਸਿੰਘ, ਪ੍ਰਿੰ.ਰਾਮ ਕੁਮਾਰ, ਵਿਕਾਸ, ਮਨਜੀਤ ਸੈਣੀ, ਬੱਬੂ ਖਾਨ, ਰਿੰਕੂ, ਸੁਮਿਤ ਕੁਮਾਰ, ਸੋਹਣ ਸਿੰਘ, ਬੂਟਾ ਸਿੰਘ, ਕ੍ਰਿਸ਼ਨ ਚੰਦ, ਤਿਲਕ ਰਾਜ, ਸਰਪੰਚ ਦਬਖੇੜਾ, ਸਰਪੰਚ ਭਾਲੋਵਾਲ, ਮਨੂੰ ਪੁਰੀ, ਨਿਤਿਨ ਬਾਸੋਵਾਲ, ਅਨੰਦ ਸਾਹਿਲ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਕਾਰਨ ਦਿੱਲੀ-ਨੋਇਡਾ ਸਰਹੱਦ 'ਤੇ ਲੱਗਿਆ ਭਾਰੀ ਜਾਮ



**ਨਵੀਂ ਦਿੱਲੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਰਾਜਧਾਨੀ ਖੇਤਰ ਦੇ ਨੋਇਡਾ ਅਤੇ ਗ੍ਰੇਟਰ ਨੋਇਡਾ ਦੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਵੇਖਦੇ ਹੋਏ ਦਿੱਲੀ-ਉੱਤਰ ਪ੍ਰਦੇਸ਼ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ, ਜਿਸ ਤੋਂ ਬਾਅਦ ਵੀਰਵਾਰ ਨੂੰ ਵਾਹਨਾਂ ਦਾ ਭਾਰੀ ਜਾਮ ਲੱਗ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਸਰਿਤਾ ਵਿਹਾਰ ਵਿਚ ਕਈ ਦੋ-ਪਹੀਆ ਅਤੇ ਚਾਰ ਪਹੀਆ ਵਾਹਨ ਜਾਮ 'ਚ ਫਸ ਗਏ, ਜਿਸ ਨਾਲ ਸੜਕਾਂ 'ਤੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ-ਨੋਇਡਾ ਹਾਈਵੇਅ 'ਤੇ ਵੀ ਵੱਡੀ ਗਿਣਤੀ 'ਚ ਵਾਹਨਾਂ ਦੇ ਜਾਮ 'ਚ ਫਸੇ ਹੋਣ ਦੀ ਸੂਚਨਾ ਹੈ। ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਵੇਖਦੇ ਹੋਏ ਰਾਸ਼ਟਰੀ ਰਾਜਧਾਨੀ ਖ਼ਾਸ ਕਰ ਕੇ ਦਿੱਲੀ-ਉੱਤਰ ਪ੍ਰਦੇਸ਼ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ।

ਨੋਇਡਾ ਅਤੇ ਗ੍ਰੇਟਰ ਨੋਇਡਾ 'ਚ ਕਿਸਾਨ ਸਮੂਹ ਦਸੰਬਰ 2023 ਤੋਂ ਸਥਾਨਕ ਵਿਕਾਸ ਅਥਾਰਟੀਆਂ ਵਲੋਂ ਐਕੁਆਇਰ ਕੀਤੀਆਂ ਜ਼ਮੀਨਾਂ ਦੇ ਬਦਲੇ 'ਚ ਮੁਆਵਜ਼ਾ ਵਧਾਉਣ ਅਤੇ ਵਿਕਸਿਤ ਪਲਾਟਾਂ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। 13 ਫਰਵਰੀ ਨੂੰ ਦਿੱਲੀ 'ਚ ਕਿਸਾਨਾਂ ਨੇ ਕੇਂਦਰ 'ਤੇ ਦਬਾਅ ਬਣਾਉਣ ਲਈ ਟਰੈਕਟਰ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਕਿਸਾਨ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਲਈ ਕਾਨੂੰਨ ਬਣਾਉਣ ਸਮੇਤ ਕਈ ਹੋਰ ਮੰਗਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰਨਗੇ। ਸੰਯੁਕਤ ਕਿਸਾਨ ਮੋਰਚਾ ਦੇ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਦਾਅਵਾ ਕੀਤਾ ਕਿ ਦੇਸ਼ ਭਰ ਤੋਂ 200 ਤੋਂ ਵਧੇਰੇ ਕਿਸਾਨ ਜਥੇਬੰਦੀਆਂ 'ਦਿੱਲੀ ਚਲੋ' ਮਾਰਚ 'ਚ ਹਿੱਸਾ ਲੈਣਗੇ।

# ਬਲਵਿੰਦਰ ਸਿੰਘ ਲੋਦੀਪੁਰ ਨੇ ਅਲਵਰ ਰਾਜਸਥਾਨ ਵਿਖੇ ਹੋਈਆਂ ਨੈਸ਼ਨਲ ਖੇਡਾਂ ਵਿੱਚ ਜਿੱਤੇ ਤਿੰਨ ਗੋਲਡ ਤਗਮੇ

**ਸ੍ਰੀ ਅਨੰਦਪੁਰ ਸਾਹਿਬ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਵਿੰਦਰ ਸਿੰਘ ਲੋਦੀਪੁਰ ਨੇ ਇੱਕ ਵਾਰ ਫਿਰ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਅਲਵਰ ਰਾਜਸਥਾਨ ਵਿਖੇ ਹੋਈਆਂ 19ਵੀਂ ਨੈਸ਼ਨਲ ਚੈਂਪੀਅਨਸ਼ਿਪ 2024 ਦੇ ਵਿੱਚ ਗੋਲਾ ਸੁੱਟਣ ਜੈਵਲਿਨ ਅਤੇ ਡਿਸਕਸ ਥਰੋ ਦੇ ਵਿੱਚ ਗੋਲਡ ਦੇ ਤਗਮੇ ਜਿੱਤੇ ਜਿਸ ਵਿੱਚ ਦੋ ਦਰਜਨ ਤੋਂ ਵੱਧ ਪ੍ਰਾਂਤਾਂ ਸਮੇਤ ਬੰਗਲਾਦੇਸ਼ ਅਤੇ ਸ਼੍ਰੀਲੰਕਾ ਦੇ ਖਿਡਾਰੀਆਂ ਨੇ ਭਾਗ ਲਿਆ। ਸਿੱਖਿਆ ਵਿਭਾਗ ਵਿੱਚ ਬਤੌਰ ਈਟੀਟੀ ਅਧਿਆਪਕ ਸੇਵਾ ਨਿਭਾ ਰਹੇ ਬਲਵਿੰਦਰ ਸਿੰਘ ਲੋਦੀਪੁਰ ਨੇ ਯੁਵਰਾਣੀ ਅਥਲੈਟਿਕ ਐਸੋਸੀਏਸ਼ਨ ਅਲਵਰ ਵੱਲੋਂ ਕਰਵਾਈਆਂ ਗਈਆਂ 19ਵੀਆਂ ਨੈਸ਼ਨਲ ਚੈਂਪੀਅਨਸ਼ਿਪ ਵਿੱਚ 40 ਸਾਲ ਤੋਂ 45 ਸਾਲ ਦੇ ਵਰਗ ਵਿੱਚ ਗੋਲਾ ਸੁੱਟਣ , ਜੈਵਲਿਨ ਅਤੇ ਡਿਸਕਸ ਥਰੋ ਦੇ ਮੁਕਾਬਲਿਆਂ ਦੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਗੋਲਡ ਮੈਡਲ ਜਿੱਤੇ, ਇਸ ਤੋਂ ਪਹਿਲਾਂ ਉਹ ਸਾਲ 2023 ਦੇ ਵਿੱਚ ਤਿੰਨ ਨੈਸ਼ਨਲ ਪੱਧਰੀ ਖੇਡਾਂ, ਛੇ ਸੂਬਾ ਪੱਧਰੀ ਚੈਂਪੀਅਨਸ਼ਿਪ ਅਤੇ ਖੇਡਾਂ ਵਤਨ ਪੰਜਾਬ ਦੇ ਵਿੱਚ ਮੱਲਾਂ ਮਾਰ ਚੁੱਕੇ ਹਨ। ਇਹਨਾਂ ਖੇਡਾਂ ਦੇ ਵਿੱਚ ਜਿੱਥੇ ਦੇਸ ਦੇ 16 ਪ੍ਰਾਂਤਾਂ ਦੇ ਖਿਡਾਰੀਆਂ ਨੇ ਭਾਗ ਲਿਆ ਉੱਥੇ ਹੀ ਬੰਗਲਾਦੇਸ਼ ਅਤੇ ਸ਼੍ਰੀਲੰਕਾ ਦੇ ਖਿਡਾਰੀਆਂ ਨੇ ਵੀ ਹਿੱਸਾ ਲਿਆ।

ਇਸ ਪ੍ਰਾਪਤੀ ਤੇ ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ, ਡਾਕਟਰ ਸੰਜੀਵ ਗੌਤਮ ਆਪ ਪੰਜਾਬ ਪ੍ਰਧਾਨ (ਡਾਕਟਰ ਵਿੰਗ) ,ਹਰਜੀਤ ਸਿੰਘ ਜੀਤਾ ਨਗਰ ਕੌਂਸਲ ਪ੍ਰਧਾਨ , ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਮੀਡੀਆ ਕੋਆਰਡੀਨੇਟਰ ਦੀਪਕ ਸੋਨੀ, ਜਸਵੀਰ ਸਿੰਘ ਆਰੋੜਾ ਜਿਲ੍ਹਾ ਪ੍ਰਧਾਨ (ਆਪ ਵਪਾਰ ਵਿੰਗ), ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਗੁਰਮਿੰਦਰ ਸਿੰਘ ਭੁੱਲਰ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਅਤੇ ਪ੍ਰਿਤਪਾਲ ਸਿੰਘ ਗੰਢਾ,ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆਂ, ਮਨਜੀਤ ਸਿੰਘ ਮਾਵੀ, ਗੁਰਿੰਦਰਪਾਲ ਸਿੰਘ ਖੇੜੀ, ਅੰਤਰਰਾਸ਼ਟਰੀ ਖਿਡਾਰੀ ਮਹਿੰਦਰ ਸਿੰਘ ਗਿੱਲ , ਪਿਆਰਾ ਸਿੰਘ ,ਕੋਚ ਪ੍ਰਦੀਪ ਸਿੰਘ ਮਾਨ, ਦਰਪਾਲ ਸਿੰਘ, ਜਗਬੀਰ ਸਿੰਘ ਜੱਗਾ, ਹਰਵਿੰਦਰ ਸਿੰਘ, ਅਮਰਜੀਤ ਸਿੰਘ, ਕ੍ਰਾਂਤੀ ਪਾਲ ਸਿੰਘ, ਹਰਦੀਪ ਸਿੰਘ ਬਬਲੀ, ਸਰਪੰਚ ਹਰਜਾਪ ਸਿੰਘ, ਐਡਵੋਕੇਟ ਸਤਬੀਰ ਰਾਣਾ, ਰਾਣਾ ਰਾਮ ਸਿੰਘ, ਚੌਧਰੀ ਪਹੂ ਲਾਲ, ਹਰਕੀਰਤ ਸਿੰਘ ਮਿਨਹਾਸ, ਐਡਵੋਕੇਟ ਅਮਨਦੀਪ ਸਿੰਘ ਮਿਨਹਾਸ, ਕੁਲਦੀਪ ਪਰਮਾਰ, ਮਨਿੰਦਰ ਰਾਣਾ, ਹਰਭਜਨ ਸਿੰਘ ਸਰੋਆ, ਪ੍ਰੇਮ ਸਿੰਘ ਠਾਕੁਰ, ਓਮ ਪ੍ਰਕਾਸ਼, ਰਾਮ ਰਾਣਾ, ਅਸ਼ੋਕ ਕੁਮਾਰ, ਜਸਪਾਲ ਸਿੰਘ, ਅਮਰਜੀਤਪਾਲ ਸਿੰਘ, ਮੁਕੇਸ਼ ਕੁਮਾਰ ਸ਼ਰਮਾ, ਹਰਪ੍ਰੀਤ ਸਿੰਘ ਆਦਿ ਨੇ ਮੁਬਾਰਕਬਾਦ ਦਿੱਤੀ।

# 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਤਹਿਤ ਤੀਜੇ ਦਿਨ ਵੀ ਜ਼ਿਲ੍ਹੇ 'ਚ ਲੱਗੇ 31 ਕੈਂਪ



**ਜਲੰਧਰ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਵਿੱਢੀ 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਤਹਿਤ ਅੱਜ ਤੀਜੇ ਦਿਨ ਵੀ ਜ਼ਿਲ੍ਹੇ ਦੀਆਂ 6 ਸਬ ਡਵੀਜ਼ਨਾਂ ਵਿੱਚ 31 ਕੈਂਪ ਲਗਾਏ ਗਏ, ਜਿਨ੍ਹਾਂ ਦਾ ਵੱਡੀ ਗਿਣਤੀ ਲੋਕਾਂ ਨੇ ਲਾਭ ਲੈਂਦਿਆਂ ਨਾਗਰਿਕ ਸੇਵਾਵਾਂ ਪ੍ਰਾਪਤ ਕੀਤੀਆਂ।

ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਬਿਨੈਕਾਰਾਂ ਨੂੰ ਇਕੋ ਛੱਤ ਹੇਠਾਂ ਸੇਵਾਵਾਂ ਦਾ ਲਾਭ ਮੁਹੱਈਆ ਕਰਵਾਉਣ ਤੋਂ ਇਲਾਵਾ ਉਨ੍ਹਾਂ ਦੀਆਂ ਮੁਸ਼ਕਲਾਂ ਦੀ ਸੁਣਵਾਈ ਵੀ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਦਾ ਜਲਦ ਨਿਪਟਾਰਾ ਕੀਤਾ ਜਾ ਸਕੇ।ਸ਼ੁਰੂ ਹੋਏ ਇਨ੍ਹਾਂ ਕੈਂਪਾਂ ਦੀ ਲੜੀ ਤਹਿਤ ਅੱਜ ਸਬ ਡਵੀਜ਼ਨ ਜਲੰਧਰ-1, 2 ਅਤੇ ਨਕੋਦਰ ਵਿਖੇ 4-4, ਸਬ ਡਵੀਜ਼ਨ ਸ਼ਾਹਕੋਟ ਵਿਖੇ 6, ਫਿਲੌਰ ਵਿਖੇ 8 ਅਤੇ ਆਦਮਪੁਰ ਵਿਖੇ 5 ਕੈਂਪ ਲਗਾਏ ਗਏ ਹਨ। ਇਨ੍ਹਾਂ ਕੈਂਪਾਂ ਦਾ ਸਿਲਸਿਲਾ ਕਰੀਬ ਇਕ ਮਹੀਨਾ ਚਲੇਗਾ ਅਤੇ ਬਿਨੈਕਾਰਾਂ ਨੂੰ 44 ਕਿਸਮ ਦੀਆਂ ਸੇਵਾਵਾਂ ਦਾ ਲਾਭ ਦੇਣ ਲਈ ਕਰੀਬ 900 ਕੈਂਪ ਲਗਾਏ ਜਾਣਗੇ।

ਅਧਿਕਾਰੀਆਂ ਨੂੰ ਨਾਗਰਿਕ ਸੇਵਾਵਾਂ ਦਾ ਲਾਭ ਯੋਗ ਬਿਨੈਕਾਰਾਂ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਪਹਿਲਾਂ ਹੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

# ਕੱਚੀਆਂ ਖੂਹੀਆਂ, ਬੋਰਵੈਲ ਤੇ ਟਿਊਬਵੈਲਾਂ ਦੀ ਖੁਦਾਈ ਤੇ ਮੁਰੰਮਤ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਫੌਜਦਾਰੀ, ਜਾਬਤਾ, ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕੱਚੀਆਂ ਖੂਹੀਆਂ ਅਤੇ ਬੋਰਵੈਲ/ਟਿਊਬਵੈਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਹਨਾਂ ਵਿੱਚ ਡਿੱਗ ਜਾਣ ਨਾਲ ਹੁੰਦੇ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਣ ਲਈ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਹੁਕਮਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਬੋਰਵੈਲ/ਟਿਊਬਵੈਲ ਦੀ ਖੁਦਾਈ/ਮੁਰੰਮਤ ਕਰਨ ਤੋਂ ਪਹਿਲਾਂ ਜ਼ਮੀਨ ਮਾਲਕ ਜ਼ਿਲ੍ਹਾ ਕੁਲੈਕਟਰ, ਸਬੰਧਤ ਸਰਪੰਚ ਗ੍ਰਾਮ ਪੰਚਾਇਤ, ਮਿਊਂਸਪਲ ਕਾਰਪੋਰੇਸ਼ਨ, ਨਗਰ ਕੌਂਸਲ, ਜਨ ਸਿਹਤ ਵਿਭਾਗ ਜਾਂ ਭੂਮੀ ਰੱਖਿਆ ਵਿਭਾਗ ਨੂੰ 15 ਦਿਨ ਪਹਿਲਾਂ ਸੂਚਿਤ ਕਰੇਗਾ ਅਤੇ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਵਾਲੀਆਂ ਸਾਰੀਆਂ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ ਏਜੰਸੀਆਂ ਦੀ ਰਜਿਸਟ੍ਰੇਸ਼ਨ ਹੋਣਾ ਲਾਜ਼ਮੀ ਹੋਵੇਗਾ। ਇਹ ਹੁਕਮ 5 ਅਪ੍ਰੈਲ 2024 ਤੱਕ ਜਾਰੀ ਰਹਿਣਗੇ ਅਤੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ਡਰਿਲਿੰਗ ਏਜੰਸੀ ਦੇ ਮਾਲਕ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ।

ਮਨਾਹੀ ਦੇ ਹੁਕਮਾਂ ਅਨੁਸਾਰ ਖੂਹ/ਬੋਰਵੈਲ ਦੇ ਪੁੱਟਣ ਜਾਂ ਮੁਰੰਮਤ ਵਾਲੀ ਥਾਂ 'ਤੇ ਡਰਿਲਿੰਗ ਏਜੰਸੀ ਅਤੇ ਖੂਹ/ਬੋਰਵੈਲ ਲਵਾਉਣ ਵਾਲੇ ਮਾਲਕ ਦੇ ਪੂਰੇ ਪਤੇ ਵਾਲਾ ਸਾਈਨ ਬੋਰਡ ਲਗਾਇਆ ਜਾਵੇ ਅਤੇ ਉਸ ਸਾਈਨ ਬੋਰਡ 'ਤੇ ਡਰਿਲਿੰਗ ਏਜੰਸੀ ਦਾ ਰਜਿਸਟ੍ਰੇਸ਼ਨ ਨੰਬਰ ਲਿਖਿਆ ਹੋਣਾ ਵੀ ਲਾਜ਼ਮੀ ਹੋਵੇਗਾ। ਬੋਰਵੈਲ ਦੇ ਆਲੇ-ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ ਬੋਲਟ ਬੰਦ ਕਰਕੇ ਢਕਣਾ ਜਰੂਰੀ ਹੋਵੇਗਾ, ਖੂਹ/ਬੋਰਵੈਲ ਦੇ ਆਲੇ ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫਾਰਮ, ਜੋ ਜ਼ਮੀਨੀ ਪੱਧਰ ਤੋਂ (0.30 ਮੀਟਰ ਉੱਪਰ ਅਤੇ 0.30 ਮੀਟਰ ਹੇਠਾਂ) ਖੂਹ ਦੇ ਆਲੇ ਦੁਆਲੇ ਉਸਾਰੀ ਕੀਤੀ ਜਾਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਖੂਹ/ਬੋਰਵੈਲ ਨੂੰ ਪੁੱਟਣ ਜਾਂ ਮੁਰੰਮਤ ਕਰਨ ਉਪਰੰਤ ਖਾਲੀ ਥਾਂ ਨੂੰ ਉਸ ਦੇ ਆਲੇ-ਦੁਆਲੇ ਮਿੱਟੀ ਪਾ ਕੇ ਪੱਧਰ ਕੀਤਾ ਜਾਵੇ, ਖਾਲੀ ਪਏ ਬੋਰਵੈਲ/ਖੂਹ ਨੂੰ ਮਿੱਟੀ/ਰੇਤ ਨਾਲ ਉਪਰ ਤੱਕ ਭਰਿਆ ਜਾਵੇ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ ਜ਼ਮੀਨੀ ਪੱਧਰ ਨੂੰ ਪਹਿਲਾਂ ਦੀ ਤਰ੍ਹਾਂ ਕੀਤਾ ਜਾਵੇ ਅਤੇ ਖੂਹ/ਬੋਰਵੈਲ ਨੂੰ ਕਿਸੇ ਵੀ ਹਾਲਤ ਵਿੱਚ ਖੁੱਲ੍ਹਾ ਨਾ ਛੱਡਿਆ ਜਾਵੇ ਅਤੇ ਨਕਾਰਾ ਪਏ ਖੂਹ ਨੂੰ ਚੀਕਨੀ ਮਿੱਟੀ, ਪੱਥਰ, ਕੰਕਰੀਟ ਆਦਿ ਨਾਲ ਤਲੇ ਤੋਂ ਲੈ ਕੇ ਉਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕੀਤਾ ਜਾਵੇ ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਅਤੇ ਉਨ੍ਹਾਂ ਦੀ ਦੇਖਰੇਖ ਤੋਂ ਬਿਨਾਂ ਨਹੀਂ ਕਰਵਾਏਗਾ। ਪੇਂਡੂ ਇਲਾਕੇ ਵਿੱਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ ਵਿੱਚ ਜਨ ਸਿਹਤ ਵਿਭਾਗ, ਭੂਮੀ ਰੱਖਿਆ ਕਾਰਪੋਰੇਸ਼ਨ, ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਅਧਿਕਾਰੀਆਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰਾਂ ਦੀ ਰਿਪੋਰਟ ਤਿਆਰ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਖੇਤਰ ਵਿੱਚ ਕਿੰਨੇ ਬੋਰਵੈਲ/ਖੂਹ ਆਦਿ ਨਵੇਂ ਖੁਦਵਾਏ ਗਏ ਹਨ, ਕਿੰਨਿਆਂ ਦੀ ਮੁਰੰਮਤ ਕਰਵਾਈ, ਕਿੰਨੇ ਵਰਤੋਂ ਵਿੱਚ ਹਨ, ਕਿੰਨੇ ਬਿਨਾਂ ਵਰਤੋਂ ਖਾਲੀ ਹਨ ਅਤੇ ਕਿੰਨੇ ਭਰਵਾਏ ਗਏ ਹਨ। ਇਨ੍ਹਾਂ ਵਿਭਾਗਾਂ ਵੱਲੋਂ ਆਪਣੇ ਆਪਣੇ ਖੇਤਰ ਦੀ ਰਿਪੋਰਟ ਦੀ ਇੱਕ ਕਾਪੀ ਦਫਤਰੀ ਰਿਕਾਰਡ ਲਈ ਆਪਣੇ ਕੋਲ ਰੱਖੀ ਜਾਵੇਗੀ ਅਤੇ ਹਰੇਕ ਮਹੀਨੇ ਇਸ ਰਿਪੋਰਟ ਦੀ ਇੱਕ ਕਾਪੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਭੇਜਣੀ ਲਾਜ਼ਮੀ ਹੋਵੇਗੀ।

# ਵਿਧਾਇਕ ਰਮਨ ਅਰੋੜਾ ਨੇ ਲੱਡੇਵਾਲੀ ਰਾਜਪੂਤ ਭਵਨ ਵਿਖੇ 'ਆਪ ਕੀ ਸਰਕਾਰ ਆਪ ਦੇ ਦੁਆਰ' ਤਹਿਤ ਮੀਟਿੰਗ ਕੀਤੀ ਅਤੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

**ਜਲੰਧਰ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਉਨ੍ਹਾਂ ਦੇ ਘਰਾਂ ਦੇ ਨੇੜੇ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਿਸ ਲਈ ਸਰਕਾਰ ਨੇ 'ਆਪ ਕੀ ਸਰਕਾਰ' ਆਪ ਦੇ ਦੁਆਰ ਵਰਗਾ ਲੋਕ ਪੱਖੀ ਉਪਰਾਲਾ ਕੀਤਾ ਹੈ। ਜਿਸ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।

ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਜਲੰਧਰ ਕੇਂਦਰੀ ਹਲਕੇ ਦੇ ਵਿਧਾਇਕ ਰਮਨ ਅਰੋੜਾ ਨੇ ਬੁੱਧਵਾਰ ਨੂੰ ਲੱਡੂਵਾਲੀ ਰਾਜਪੂਤ ਭਵਨ ਵਿਖੇ ''ਆਪ ਕੀ ਸਰਕਾਰ ਆਪ ਦਾ ਦੁਆਰ'' ਮੁਹਿੰਮ ਤਹਿਤ ਕੀਤੀ ਮੀਟਿੰਗ ਦੌਰਾਨ ਕੀਤਾ। ਇਸ 'ਮੀਟਿੰਗ' ਦੌਰਾਨ ਵਿਧਾਇਕ ਰਮਨ ਅਰੋੜਾ ਦੇ ਨਾਲ ਨਗਰ ਨਿਗਮ ਦੇ ਅਧਿਕਾਰੀ, ਨਾਇਬ ਤਹਿਸੀਲਦਾਰ, ਬਿਜਲੀ ਅਧਿਕਾਰੀ, ਮਾਲ ਵਿਭਾਗ ਦੇ ਅਧਿਕਾਰੀ, ਖੁਰਾਕ ਸਪਲਾਈ ਅਧਿਕਾਰੀ, ਸੁਵਿਧਾ ਕੇਂਦਰ ਦੇ ਅਧਿਕਾਰੀ ਅਤੇ ਪੁਲਿਸ ਅਧਿਕਾਰੀ ਵੀ ਹਾਜ਼ਰ ਸਨ।

ਇਸ ਦੌਰਾਨ ਵਿਧਾਇਕ ਰਮਨ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਸ਼ਹਿਰੀ ਸਹੂਲਤਾਂ ਦਾ ਲਗਾਤਾਰ ਵਿਸਤਾਰ ਹੋ ਰਿਹਾ ਹੈ। ਅਤੇ ਕਿਹਾ ਕਿ ਜਨਤਾ ਦੀ ਸਹੂਲਤ ਦੇ ਸਾਰੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਸਮੁੱਚੇ ਵਿਧਾਨ ਸਭਾ ਹਲਕੇ ਵਿੱਚ ਸਿੱਖਿਆ, ਸਿਹਤ, ਸੜਕਾਂ, ਬਿਜਲੀ, ਪੀਣ ਵਾਲੇ ਪਾਣੀ ਅਤੇ ਹੋਰ ਜਨਤਕ ਸਹੂਲਤਾਂ ਵਿੱਚ ਬੇਮਿਸਾਲ ਵਿਕਾਸ ਹੋਇਆ ਹੈ ਅਤੇ ਇਹ ਕੰਮ ਭਵਿੱਖ ਵਿੱਚ ਵੀ ਜਾਰੀ ਰਹੇਗਾ। ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਮੇਰੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਇਲਾਕੇ ਦੀਆਂ ਬੁਨਿਆਦੀ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹੀ ਇਲਾਕੇ ਦਾ ਵਿਕਾਸ ਸੰਭਵ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੋਚ ਵਿਕਾਸ ਦੀ ਹੈ ਅਤੇ ਉਹ ਹਰ ਖੇਤਰ ਅਤੇ ਹਰ ਵਰਗ ਦੇ ਹਿੱਤਾਂ ਦਾ ਖਿਆਲ ਰੱਖਣ ਲਈ ਦ੍ਰਿੜ੍ਹ ਹਨ। ਉਨ੍ਹਾਂ ਕਿਹਾ ਕਿ ਜਨਤਾ ਦਾ ਟੈਕਸ ਸਰਕਾਰ ਦੇ ਖਾਤੇ ਵਿੱਚ ਜਾਂਦਾ ਹੈ। ਇਸ ਤਰ੍ਹਾਂ ਵਿਕਾਸ ਕਾਰਜ ਹੁੰਦੇ ਹਨ। ਅਜਿਹੀ ਸਥਿਤੀ ਨਹੀਂ ਹੋਣੀ ਚਾਹੀਦੀ ਜਿੱਥੇ ਲੋਕ ਟੈਕਸ ਭਰਨ ਤੋਂ ਬਾਅਦ ਵੀ ਪ੍ਰੇਸ਼ਾਨ ਹੋਣ।

ਇਸ ਮੌਕੇ ਵਿਧਾਇਕ ਰਮਨ ਅਰੋੜਾ ਦੇ ਨਾਲ 'ਆਪ' ਵਲੰਟੀਅਰ ਅਮਰ ਦੀਪ ਸੰਦਲ (ਟਾਂਗੇ), ਸ਼ਮਸ਼ੇਰ ਸਿੰਘ ਖਹਿਰਾ, ਲਗਨ ਦੀਪ ਸਿੰਘ ਵੀ ਹਾਜ਼ਰ ਸਨ।

# ਸੜਕ ਸੁਰੱਖਿਆ ਮਹੀਨੇ ਤਹਿਤ ਸਮਾਜ ਸੇਵੀ ਸੰਸਥਾਵਾਂ ਵਲੋਂ ਗੱਡੀਆਂ ਉਪਰ ਰਿਫਲੈਕਟਰ ਲਗਾਉਣੇ ਸ਼ਲਾਘਾਯੋਗ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਸੁਰੱਖਿਆ ਮਹੀਨੇ ਤਹਿਤ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਯੂਥ ਫੈਡਰੇਸ਼ਨ ਆਫ ਇੰਡੀਆ, ਵਲੋਂ ਮਾਨਯੋਗ ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ, ਡੀ ਐਸ ਪੀ ਟ੍ਰੈਫਿਕ ਕਰਨੈਲ ਸਿੰਘ ਸਰਪ੍ਰਸਤੀ ਹੇਠ ਜ਼ਿਲ੍ਹਾ ਟ੍ਰੈਫਿਕ ਪੁਲਿਸ ਪਟਿਆਲਾ ਵਲੋਂ ਗੱਡੀਆਂ ਉਪਰ ਰਿਫਲੈਕਟਰ ਲਗਾਉਣ ਸਬੰਧੀ ਪ੍ਰੋਗਰਾਮ ਦਾ ਆਯੋਜਨ ਖੰਡਾ ਚੌਕ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ ਇੰਚਾਰਜ ਸਿਟੀ 2 ਟ੍ਰੈਫਿਕ ਪਟਿਆਲਾ ਨੇ ਸ਼ਿਰਕਤ ਕੀਤੀ , ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤਾ, ਸਟੇਟ ਐਵਾਰਡੀ ਰੁਪਿੰਦਰ ਕੌਰ ਕਲੱਬ ਪ੍ਰਧਾਨ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਨੇ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ, ਵਿਸ਼ੇਸ਼ ਤੌਰ ਤੇ ਰੂਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ,,ਏ ਐਸ ਆਈ ਪ੍ਰੇਮ ਸਿੰਘ,ਏ ਐਸ ਆਈ ਮੇਵਾ ਸਿੰਘ, ਹੌਲਦਾਰ ਸੁਖਦੇਵ ਸਿੰਘ, ਹੌਲਦਾਰ ਬਲਵਿੰਦਰ ਸਿੰਘ, ਜਸ਼ਨਜੋਤ ਸਿੰਘ,ਲੱਕੀ ਹਰਦਾਸਪੁਰ ਸਾਹਿਬਜੀਤ ਸਿੰਘ,ਗੁਰਮਨਜੋਤ ਕੋਰ, ਗੁਰਕੀਰਤ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ ਇੰਚਾਰਜ ਸਿਟੀ ਟ੍ਰੈਫਿਕ 2 ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋ ਖੰਡਾ ਚੌਕ ਵਿਖੇ ਸੜਕ ਸੁਰੱਖਿਆ ਮਹੀਨੇ ਤਹਿਤ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਰੁਪਿੰਦਰ ਕੌਰ ਦੀ ਅਗਵਾਈ ਹੇਠ ਰਫਲੈਕਟਰ ਲਗਾਉਣੇ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਜ਼ਿਆਦਾ ਤਰ ਸੜਕੀ ਹਾਦਸੇ ਸਾਡੀ ਅਣਗੈਹਲੀ ਅਤੇ ਨਸ਼ਿਆਂ ਦੇ ਸੇਵਨ ਨਾਲ ਵਾਪਰਦੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਨਸਾ ਕਰਕੇ ਅਤੇ ਉਵਰ ਸਪੀਡ ਨਾਲ ਵਾਹਨ ਨਹੀਂ ਚਲਾਉਣੇ ਚਾਹੀਦੇ ਉਹਨਾਂ ਧੂੰਦ ਦੇ ਮੌਸਮ ਨੂੰ ਦੇਖਦੇ ਹੋਏ ਵਾਹਨ ਚਾਲਕ ਆਪਣੀਆਂ ਦੋ ਪਹੀਆ ਅਤੇ ਚਾਰ ਪਹੀਆ ਵਾਹਨ ਪੂਰੀ ਸੂਝਬੂਝ ਨਾਲ ਚਲਾਉਣ ਓਵਰਟੇਕ ਨਾ ਕਰਨ ਸਪੀਡ ਹੋਲੀ ਰੱਖਣ ਅਤੇ ਟਰੈਫਿਕ ਨਿਯਮਾ ਦੀ ਪਾਲਣਾ ਕਰਦੇ ਹੋਏ ਵਹੀਕਲਜ਼ ਨੂੰ ਚਲਾਉਣ ਲਈ ਵੀ ਅਪੀਲ ਕੀਤੀ, ਇਸ ਮੌਕੇ 100 ਸੋ ਤੋਂ ਉਪਰ ਟਰੱਕਾਂ, ਟਰਾਲੀਆਂ,ਆਟੋ ਰਿਕਸ਼ਾ, ਮੋਟਰਸਾਈਕਲ, ਅਤੇ ਹੋਰ ਭਾਰੀ ਵਾਹਨਾਂ ਉਪਰ ਰਿਫਲੈਕਟਰ ਲਗਾਏ ਗਏ, ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਹੁਣ ਤੱਕ ਪਟਿਆਲਾ ਜ਼ਿਲ੍ਹੇ ਵਿੱਚ ਵੱਖ ਵੱਖ ਥਾਵਾਂ ਉਪਰ ਟ੍ਰੈਫਿਕ ਪੁਲਿਸ ਦੇ ਸਹਿਯੋਗ ਰਿਫਲੈਕਟਰ ਲਗਾਏ ਜਾ ਰਹੇ ਹਨ ਅਤੇ ਹੁਣ ਤੱਕ 3500 ਸੋ ਤੋਂ ਉਪਰ ਰਿਫਲੈਕਟਰ ਲਗਾਏ ਜਾ ਚੁੱਕੇ ਹਨ।

# ਪਟਿਆਲਾ ਜ਼ਿਲ੍ਹੇ ਦੇ 593 ਲਾਭਪਾਤਰੀਆਂ ਨੂੰ ਆਸ਼ੀਰਵਾਦ ਸਕੀਮ ਤਹਿਤ 3 ਕਰੋੜ ਰੁਪਏ ਦੀ ਰਾਸ਼ੀ ਜਾਰੀ : ਡਿਪਟੀ ਕਮਿਸ਼ਨਰ

**ਪਟਿਆਲਾ, 9 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਵਿਆਹ ਮੌਕੇ ਦਿੱਤੀ ਜਾਂਦੀ ਆਸ਼ੀਰਵਾਦ ਸਕੀਮ ਤਹਿਤ 51 ਹਜ਼ਾਰ ਰੁਪਏ ਦੀ ਮਾਲੀ ਮਦਦ ਲਈ ਪਟਿਆਲਾ ਜ਼ਿਲ੍ਹੇ ਦੇ ਕੁੱਲ 593 ਲਾਭਪਾਤਰੀਆਂ ਨੂੰ 3 ਕਰੋੜ 02 ਲੱਖ 43 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਲਈ ਜਾਰੀ ਕੀਤੀ ਗਈ ਰਾਸ਼ੀ ਵਿੱਚ ਅਨੁਸੂਚਿਤ ਜਾਤੀਆਂ ਲਈ 1 ਕਰੋੜ 46 ਲੱਖ 37 ਹਜ਼ਾਰ ਰੁਪਏ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ 1 ਕਰੋੜ 56 ਲੱਖ 06 ਹਜ਼ਾਰ ਰੁਪਏ ਜਾਰੀ ਕੀਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ



ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ 3 ਕਰੋੜ 02 ਲੱਖ 43 ਹਜ਼ਾਰ ਰੁਪਏ ਜਾਰੀ ਕੀਤੇ ਗਏ। ਜਿਸ ਵਿੱਚ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਲਈ 1 ਕਰੋੜ 46 ਲੱਖ 37 ਹਜ਼ਾਰ ਰੁਪਏ ਜਾਰੀ ਕੀਤੇ ਗਏ। ਜਿਸ ਦਾ ਲਾਭ ਜ਼ਿਲ੍ਹੇ ਦੇ 287 ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਨੂੰ ਮਿਲੇਗਾ। ਇਸੇ ਤਰ੍ਹਾਂ ਪਛੜੀ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਸਬੰਧਤ ਲਾਭਪਾਤਰੀਆਂ ਲਈ 1 ਕਰੋੜ 56 ਲੱਖ 06 ਹਜ਼ਾਰ ਰੁਪਏ ਜਾਰੀ ਹੋਏ ਹਨ, ਜਿਸ ਵਿੱਚ ਜ਼ਿਲ੍ਹੇ ਦੇ 306 ਪਛੜੀ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਸਬੰਧਤ ਲਾਭਪਾਤਰੀ ਕਵਰ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ/ ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਲੜਕੀਆਂ, ਪਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਪਛੜੇ ਪਰਿਵਾਰ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀ ਵਿਧਵਾਵਾਂ/ ਤਲਾਕਸ਼ੁਦਾ ਔਰਤਾਂ ਨੂੰ ਉਹਨਾਂ ਦੇ ਮੁੜ ਵਿਆਹ ਸਮੇਂ 51 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਮੁਕੁਲ ਬਾਵਾ ਨੇ ਦੱਸਿਆ ਕਿ ਪ੍ਰਾਪਤ ਹੋਈ ਰਾਸ਼ੀ ਡੀ.ਬੀ.ਟੀ ਮੋਡ ਰਾਹੀਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਰਹੀ ਹੈ ਅਤੇ ਸਰਕਾਰ ਵੱਲੋਂ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਵੀ ਰਾਸ਼ੀ ਜਲਦ ਹੀ ਜਾਰੀ ਕੀਤੀ ਜਾ ਰਹੀ ਹੈ।

# ਕਟਾਰੂ ਚੱਕ ਜੰਗਲਾਤ ਵਿਭਾਗ ਦੇ ਕਰਮਚਾਰੀਆਂ ਨਾਲ ਮੀਟਿੰਗ ਕਰਨ ਤੋਂ ਭੱਜਿਆ ਵਿਭਾਗ ਦੇ ਕਾਮਿਆਂ ਰੋਸ ਪ੍ਰਦਰਸ਼ਨ ਕਰਕੇ ਲਗਾਇਆ ਜਾਮ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਅਤੇ ਜੰਗਲਾਤ ਵਿਭਾਗ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਸੂਬਾ ਪ੍ਰਧਾਨ ਜਗਮੋਹਨ ਸਿੰਘ ਨੌਲੱਖਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੰਗਲਾਤ ਮੰਤਰੀ ਲਾਲ ਚੰਦ ਕਟਾਰੂ ਚਕ ਜੀ ਨੇ ਯੂਨੀਅਨ ਦੇ ਪ੍ਰਧਾਨ ਨੂੰ ਪਟਿਆਲਾ ਪ੍ਰਸ਼ਾਸਨ ਵੱਲੋਂ ਵਣ ਭਵਨ ਮੋਹਾਲੀ ਵਿਖੇ ਮਿਤੀ 12ਵਜੇ ਦਾ ਸਮਾਂ ਦਿੱਤਾ ਗਿਆ ਸੀ ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਜੰਗਲਾਤ ਵਿਭਾਗ ਦੇ ਕਰਮਚਾਰੀਆਂ ਵਰਕਰਾਂ ਵੱਲੋਂ 15 ਦਿਨਾਂ ਤੋਂ ਪੱਕਾ ਮੋਰਚਾ ਪੰਜਾਬ ਸਰਕਾਰ ਵਿਰੁੱਧ ਡੀ ਸੀ ਦਫਤਰ ਪਟਿਆਲਾ ਵਿਖੇ ਚੱਲ ਰਿਹਾ ਹੈ ਭਗਵੰਤ ਮਾਨ ਸਰਕਾਰ ਮਜ਼ਦੂਰਾਂ ਨਾਲ ਮੀਟਿੰਗ ਕਰਨ ਤੋਂ ਭਜ ਰਹੀ ਹੈ।ਜੰਗਲਾਤ ਮੰਤਰੀ ਨਾਲ ਅਤੇ ਵਿੱਤ ਮੰਤਰੀ ਮਾਨਯੋਗ ਹਰਪਾਲ ਸਿੰਘ ਚੀਮਾ ਜੀ ਨਾਲ ਮੀਟਿੰਗਾਂ



ਵਿੱਚ ਵਿਸ਼ਵਾਸ ਦਿਵਾਇਆ ਗਿਆ ਸੀ 16/5/2023ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਵਿੱਚ ਲਗਾਈਆ ਸ਼ਰਤਾਂ ਖ਼ਤਮ ਕਰ ਦਿੱਤੀਆਂ ਜਾਣਗੀਆਂ ਅਤੇ ਬਿਨਾਂ ਸ਼ਰਤ ਪੱਕਾ ਕੀਤਾ ਜਾਵੇਗਾ। ਪਰ ਅਜੇ ਤੱਕ ਕੋਈ ਸ਼ਰਤ ਖ਼ਤਮ ਨਹੀਂ ਕੀਤੀ ਗਈ ।ਜਿਵੇਂ ਕਿ ਜੰਗਲਾਤ ਵਿਭਾਗ ਜੰਗਲੀ ਜੀਵ ਸੁਰੱਖਿਆ ਵਿਭਾਗ ਵਿੱਚ ਕੰਮ ਕਰਦੇ 20ਸਾਲ। ਉਪਰ ਯੋਗਤਾ 8ਵੀ ਪਾਸ ਲਗਾਉਣੇ ਕੋਰਟ ਕੇਸਾਂ ਵਿੱਚ ਚੱਲਦੇ ਕੇਸਾਂ ਨੂੰ ਵੇਰੀਫਾਈ ਨਾ ਕਰਨੇ ਹਰੇਕ ਸਾਲ ਵਿੱਚ 240ਦਿਨ ਪੂਰਾ ਕਰਨਾ ਆਦਿ ਸ਼ਰਤਾਂ ਨੂੰ ਖਤਮ ਕਰਕੇ ਪੁਰਾਣੇਂ ਕੰਮ ਕਰਦੇ ਵਰਕਰਾਂ ਨੂੰ ਰਹਿਤ ਦੇਣ ਦੀ ਮੰਗ ਕੀਤੀ ਅੱਜ ਰੋਸ ਪ੍ਰਦਰਸ਼ਨ ਕਰਕੇ ਐਲਾਨ ਕੀਤਾ ਗਿਆ ਕਿ ਮਿਤੀ 9/2/2024 ਨੂੰ ਡਿਪਟੀ ਕਮਿਸ਼ਨਰ ਪਟਿਆਲਾ ਵਿਖੇ ਰੈਲੀ ਕਰਕੇ ਪੰਜਾਬ ਸਰਕਾਰ ਦੀ ਦੇ ਵਾਅਦਾ ਖਿਲਾਫੀ ਵਿਰੁੱਧ ਅਰਥੀ ਫੂਕੀ ਜਾਵੇਗੀ।

ਅਗਲੇ ਸੰਘਰਸ਼ ਦਾ ਐਲਾਨ ਭਗਵੰਤ ਮਾਨ ਦੇ ਹਲਕੇ ਸੰਗਰੂਰ ਵਿੱਚ ਰੈਲੀ ਕੀਤੀ ਜਾਵੇਗੀ ਪਕਾ ਮੋਰਚਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਜੰਗਲਾਤ ਵਿਭਾਗ ਜੰਗਲੀ ਜੀਵ ਵਿਭਾਗ ਦੇ ਕਰਮਚਾਰੀਆਂ ਨੂੰ ਬਿਨਾਂ ਸ਼ਰਤ ਪੱਕਾ ਨਹੀਂ ਕੀਤਾ ਜਾਂਦਾ।

ਇਸ ਰੋਸ ਪ੍ਰਦਰਸ਼ਨ ਵਿੱਚ ਹਾਜ਼ਰ ਦਰਸ਼ਨ ਸਿੰਘ ਮਾਲੇਵਾਲ ਤਰਲੋਚਨ ਗਿਰ ਤਰਲੋਚਨ ਸਿੰਘ ਮੰਡੋਲੀ ਬਲਵਿੰਦਰ ਸਿੰਘ ਨਾਭਾ ਹਰਜਿੰਦਰ ਸਿੰਘ ਅਮਲੋਹ ਮੁਖਤਿਆਰ ਸਿੰਘ ਚੇਅਰਮੈਨ ਕਾਕਾ ਡੰਡੋ ਹਰਭੀਮ ਸਿੰਘ ਹਲੋਤਲੀ ਦਵਿੰਦਰ ਸਿੰਘ ਲਖਵਿੰਦਰ ਸਿੰਘ ਮਾਂਗੇਵਾਲ ਸ਼ਾਮ ਸਿੰਘ ਅਮਰਜੀਤ ਸਿੰਘ ਧਾਲੀਵਾਲ ਜਗਰੂਪ ਸਿੰਘ ਮਹਿਮੂਦਪੁਰ ਪ੍ਰਧਾਨ ਬਿਜਲੀ ਬੋਰਡ ਲਾਭ ਸਿੰਘ ਭਟੇੜੀ ਸਾਬਕਾ ਚੇਅਰਮੈਨ ਮਦਨਜੀਤ ਡਾਕਲਾ ਬਸੀ ਲਾਲ ਰਵਿੰਦਰ ਸਿੰਘ ਕਾਕਾ ਸੈਣੀ ਕਿਰਨਪਾਲ ਇੰਦਰਜੀਤ ਰਹੀ ਰਾਮ ਆਦਿ ਸਾਥੀ ਨੇ ਐਲਾਨ ਕੀਤਾ ਕਿ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਦੀ ਕੋਠੀ ਅੱਗੇ ਅਤੇ ਅਜੀਤ ਪਾਲ ਕੋਹਲੀ ਐਮ ਐਲ ਏ ਪਟਿਆਲਾ ਅੱਗੇ ਜਾ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਕੇ ਅਰਥੀਆਂ ਸਾੜੀਆਂ ਜਾਣਗੀਆਂ।

# ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਨੇਹੀਆਂ ਵਾਲਾ ਅਤੇ ਗੋਨੇਆਣਾ ਮੰਡੀ ਵਿਖੇ ਲਗਾਏ ਜਾ ਰਹੇ ਹਨ ਕੈਂਪ : ਰਜਨੀਸ਼ ਰਾਜੂ

**ਗੋਨੇਆਣਾ, 9 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰੋ-**

ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੇ ਨੇਤਰਤੱਵ ਵਾਲੀ ਸਰਕਰ ਜਦੋਂ ਦੀ ਸੱਤਾ ਵਿਚ ਆਈ ਹੈ ਪਹਿਲੇ ਦਿਨ ਤੋਂ ਹੀ ਇਸਦਾ ਮਕਸਦ ਪੰਜਾਬ ਦੀ ਆਮ ਜਨਤਾ ਨੂੰ ਬਿਨਾਂ ਕਿਸੇ ਤਕਲੀਫ ਦੇ ਹਰ ਉਹ ਸਹੂਲਤ ਦੇਣਾ ਹੈ, ਜਿਸ ਵਾਸਤੇ ਪੰਜਾਬ ਦੀ ਜਨਤਾ ਪਿਛਲੀਆਂ ਸਰਕਾਰਾਂ ਦੇ ਸਮੇਂ ਸਰਕਾਰੀ ਦਫ਼ਤਰਾਂ ਵਿੱਚ ਖੱਜਲ ਖੁਆਰ ਹੁੰਦੀ ਰਹੀ ਹੈ

ਪੰਜਾਬ ਦੀ ਜਨਤਾ ਦੇ ਹਰ ਜਾਇਜ ਕੰਮ ਨੂੰ ਕਰਵਾਨਾ ਸਰਕਾਰ ਦੀ ਜਿੰਮੇਵਾਰੀ ਹੈ ! ਪੰਜਾਬ ਦੀ ਭਗਵੰਤ ਸਿੰਘ ਮਾਨ ਵਾਲੀ ਸਰਕਾਰ ਨੇ ਆਪਣੇ ਨਵੇਂ ਪ੍ਰੋਗਰਾਮ ਸਰਕਾਰ ਤੁਹਾਡੇ ਦੁਆਰ ਤਹਿਤ ਹਰੇਕ ਸਭ ਡਿਵੀਜ਼ਨ ਵਿੱਚ ਕੈਂਪ ਲਗਾ ਕੇ ਲੋਕਾਂ ਦੀਆਂ ਸਮੱਸਿਆ ਦਾ ਨਿਪਟਾਰਾ ਕੀਤਾ ਜਾ



ਰਿਹਾ ਹੈ, ਇਸ ਕੈਂਪ ਦੀ ਜਾਣਕਾਰੀ ਦਿੰਦਿਆਂ ਰਜਨੀਸ਼ ਕੁਮਾਰ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕੇ ਇਹ ਕੈਂਪ ਪਿੰਡਾਂ ਅਤੇ ਸ਼ਹਿਰੀ ਖੇਤਰ ਦੇ ਲੋਕਾਂ ਵਾਸਤੇ ਬਹੁਤ ਲਾਹੇਵੰਦ ਸਾਬਿਤ ਹੋਣਗੇ, ਅਤੇ ਇਸ ਨਾਲ ਆਮ ਜਨਤਾ ਨੂੰ ਸਰਕਾਰੀ ਸਕੀਮਾਂ ਦਾ ਲਾਭ ਓਹਨਾ ਦੀਆਂ ਬਰੂਹਾਂ ਤੇ ਜਾ ਕੇ ਦੇਣਾ ਸਰਕਾਰ ਦਾ ਬਹੁਤ ਹੀ ਸ਼ਲਾਘਯੋਗ ਕਦਮ ਹੈ , ਇਸ ਦੇ ਨਾਲ ਹੀ ਬਲਾਕ ਪ੍ਰਧਾਨ ਨੇ ਸ਼ਹਿਰੀ ਖੇਤਰ ਦੀ ਰਜਿਸਟਰੀ ਵਿੱਚੋ ਐਨ. ਓ. ਸੀ. ਦੀ ਸ਼ਰਤ ਖ਼ਤਮ ਕਰਨ ਵਾਸਤੇ ਪੰਜਾਬ ਸਰਕਾਰ ਅਤੇ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕੀਤਾ

ਅੱਗੇ ਜਾਣਕਾਰੀ ਦਿੰਦਿਆ ਓਹਨਾ ਕਿਹਾ ਕਿ ਆਮ ਜਨਤਾ ਨੂੰ ਬੇਨਤੀ ਹੈ ਕੇ ਉਹ 9 ਫਰਵਰੀ ਨੂੰ ਨੇਹੀਆਂ ਵਾਲੇ ਦੇ ਗੁਰਦਵਾਰਾ ਸਾਹਿਬ ਅਤੇ 12 ਫਰਵਰੀ ਨੂੰ ਗੋਨੇਆਣਾ ਮੰਡੀ ਦੀ ਪੰਚਾਇਤੀ ਧਰਮਸ਼ਾਲਾ ਵਿੱਚ ਦਿਨੇ 12 ਵਜੇ ਪਹੁੰਚ ਕੇ ਆਪਣੇ ਰਾਸ਼ਨ ਕਾਰਡ, ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅਧਾਰ ਕਾਰਡ ਦੀ ਕੋਈ ਸਮੱਸਿਆ, ਅਤੇ ਹੋਰ ਸਰਕਾਰੀ ਸਹੂਲਤ ਵਾਸਤੇ ਜਰੂਰ ਪਹੁੰਚਣ ਅਤੇ ਇਸ ਦਾ ਲਾਭ ਲੈਣ

# ਸਰਕਾਰੀ ਮਹਿੰਦਰਾ ਕਾਲਜ ਵੱਲੋਂ ਨਗਰ ਨਿਗਮ ਪਟਿਆਲਾ ਨਾਲ ਮਿਲ ਕੇ ਪਲਾਸਟਿਕ ਮੁਕਤ ਮੁਹਿੰਮ ਦੀ ਸ਼ੁਰੂਆਤ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ੇਸ਼ ਪਲਾਸਟਿਕ ਕੁਲੈਕਸ਼ਨ ਮੁਹਿੰਮ ਤਹਿਤ ਸੰਯੁਕਤ ਕਮਿਸ਼ਨਰ, ਨਗਰ ਨਿਗਮ ਪਟਿਆਲਾ ਬਬਨਦੀਪ ਸਿੰਘ ਵਾਲੀਆ ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਨਗਰ ਨਿਗਮ ਪਟਿਆਲਾ ਦੇ ਸਹਿਯੋਗ ਨਾਲ ਕਾਲਜ ਵਿਖੇ ਕੈਂਪਸ ਨੂੰ ਪੋਲੀਥੀਨ ਅਤੇ ਪਲਾਸਟਿਕ ਮੁਕਤ ਕਰਨ ਲਈ ਇੱਕ ਵਿਸ਼ੇਸ਼ ਸਾਫ਼-ਸਫ਼ਾਈ ਮੁਹਿੰਮ ਦਾ ਆਯੋਜਨ ਕੀਤਾ ਗਿਆ।

ਪ੍ਰੋ. ਅਮਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੂੜੇ ਨੂੰ ਵੱਖ-ਵੱਖ ਕਰਨ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ। ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣਾ ਆਲਾ-ਦੁਆਲਾ ਸਾਫ਼ ਸੁਥਰਾ ਅਤੇ ਕਾਲਜ ਕੈਂਪਸ ਨੂੰ ਪਲਾਸਟਿਕ ਅਤੇ ਪੋਲੀਥੀਨ ਮੁਕਤ ਰੱਖਣ ਲਈ ਸ਼ਲਾਘਾ ਕੀਤੀ। ਉਹਨਾਂ ਨੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਦੇ ਨੁਕਸਾਨਾਂ ਦੀ ਜਾਣਕਾਰੀ ਵੀ ਦਿੱਤੀ।

ਇਸ ਦੌਰਾਨ ਨਗਰ ਨਿਗਮ ਪਟਿਆਲਾ ਦੇ ਆਈ.ਸੀ ਐਕਸਪਰਟ ਅਮਨਦੀਪ ਸੇਖੋਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਵਿੱਚ 5 ਫਰਵਰੀ ਤੋਂ 10 ਫਰਵਰੀ ਤੱਕ ਇੱਕ ਵਿਸ਼ੇਸ਼ ਸਾਫ਼-ਸਫ਼ਾਈ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦਾ ਮਕਸਦ ਸ਼ਹਿਰ ਨੂੰ ਪਲਾਸਟਿਕ ਦੇ ਕੂੜੇ ਤੋਂ ਮੁਕਤ ਕਰਨਾ ਹੈ। ਉਹਨਾਂ ਨੇ ਕਾਲਜ ਵਿਦਿਆਰਥੀਆਂ ਨੂੰ ਇਸ ਮੁਹਿੰਮ ਵਿੱਚ ਵਧ ਚੜ੍ਹ ਕੇ ਯੋਗਦਾਨ ਦੇਣ ਲਈ ਕਿਹਾ। ਉਹਨਾਂ ਕਿਹਾ ਕਿ ਜੇਕਰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਵਿੱਚ ਨਾ ਕੀਤੀ ਜਾਵੇ ਤਾਂ ਸ਼ਹਿਰ ਵਿੱਚ ਕੂੜੇ ਦੀ ਮਿਕਦਾਰ ਬਹੁਤ ਘੱਟ ਜਾਵੇਗੀ। ਇਸ ਡਰਾਈਵ ਦੌਰਾਨ ਇਕੱਠੇ ਕੀਤੇ ਪਲਾਸਟਿਕ ਨੂੰ ਸੈਨੇਟਰੀ ਇੰਸਪੈਕਟਰ ਰਾਜੇਸ਼ ਮੱਟੂ ਵੱਲੋਂ ਯੋਗ ਪ੍ਰਬੰਧ ਹੇਠ ਨਗਰ ਨਿਗਮ ਪਟਿਆਲਾ ਵੱਲੋਂ 21 ਨੰਬਰ ਫਾਟਕ ਦੇ ਐਮ.ਆਰ.ਐਫ ਸੈਂਟਰ ਵਿਖੇ ਭੇਜਿਆ ਗਿਆ। ਉਹਨਾਂ ਕਿਹਾ ਕਿ ਸਿੰਗਲ ਯੂਜ਼ ਪਲਾਸਟਿਕ ਜਿਵੇਂ ਕਿ ਪਾਲੀਥੀਨ ਲਿਫ਼ਾਫ਼ੇ, ਪਲਾਸਟਿਕ ਕੱਪ, ਪਲੇਟਾਂ, ਚਮਚ ਅਤੇ ਹੋਰ ਡਿਸਪੋਜ਼ੇਬਲ ਆਦਿ ਸਰਕਾਰ ਵੱਲੋਂ ਬੈਨ ਹਨ ਅਤੇ ਇਨ੍ਹਾਂ ਨੂੰ ਬਣਾਉਣ, ਸਟੋਰ ਕਰਨ, ਵੇਚਣ ਅਤੇ ਵਰਤੋ ਕਰਨ ਤੇ ਜੁਰਮਾਨਾ ਲਗਾਇਆ ਜਾਂਦਾ ਹੈ।

ਸਫ਼ਾਈ ਮੁਹਿੰਮ ਵਿੱਚ ਕਾਲਜ ਦੇ ਐਨ.ਸੀ.ਸੀ ਇੰਚਾਰਜ ਪ੍ਰੋ. ਨਵਜੋਤ ਸਿੰਘ, ਐਨ.ਐਸ.ਐਸ ਪ੍ਰੋਗਰਾਮ ਅਫ਼ਸਰ ਪ੍ਰੋ. ਸੁਨੀਤਾ ਅਰੋੜਾ, ਪ੍ਰੋ. ਸੁਵੀਰ ਸਿੰਘ, ਪ੍ਰੋ. ਕਮਲਜੀਤ ਕੌਰ, ਪ੍ਰੋ. ਸਵਰਨ ਕੌਰ, ਨਗਰ ਨਿਗਮ ਪਟਿਆਲਾ ਦੇ ਕਮਿਊਨਿਟੀ ਫੈਸੀਲੀਟੇਟਰ ਜਵਾਲਾ ਸਿੰਘ, ਮੋਟੀਵੇਟਰ ਤੇ ਸਫ਼ਾਈ ਸੇਵਕ ਸ਼ਾਮਲ ਹੋਏ। ਇਸ ਮੁਹਿੰਮ ਵਿੱਚ ਕਾਲਜ ਦੇ ਐਨ.ਸੀ.ਸੀ ਅਤੇ ਐਨ.ਐਸ.ਐਸ ਦੇ 100 ਦੇ ਕਰੀਬ ਵਲੰਟੀਅਰਜ਼ ਨੇ ਸ਼ਾਮਲ ਹੋ ਕੇ ਇਸ ਨੂੰ ਪ੍ਰੋਗਰਾਮ ਨੂੰ ਸਫਲ ਬਣਾਇਆ ਅਤੇ ਕਾਲਜ ਨੂੰ ਪਲਾਸਟਿਕ ਫ਼ਰੀ ਰੱਖਣ ਦਾ ਸੰਕਲਪ ਲਿਆ।

# ਕੈਂਸਰ ਦੀ ਸਮੇਂ ਸਿਰ ਪਛਾਣ ਹੋਣ ਤੇ ਪੂਰੀ ਤਰ੍ਹਾ ਇਲਾਜ ਸੰਭਵ ਹੈ: ਡਾ.ਵਿਧਾਨ ਚੰਦਰ



**ਨੂਰਪੁਰ ਬੇਦੀ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ.ਮੰਨੂ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਵਿੱਚ ਵਿਸ਼ਵ ਕੈਂਸਰ ਦਿਵਸ ਸਬੰਧੀ ਜਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿਚ ਜਾਗਰੂਕਤਾ ਸਮਾਗਮ ਕੀਤੇ ਜਾ ਰਹੇ ਹਨ।

ਡਾ.ਪ੍ਰਵੀਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵ ਕੈਂਸਰ ਦਿਵਸ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਇਸ ਬਿਮਾਰੀ ਦੇ ਮੁਢਲੇ ਲੱਛਣ ਅਤੇ ਬਚਾਓ ਸਬੰਧੀ ਜਾਣਕਾਰੀ ਦੇਣਾ ਹੈ ਅਤੇ ਸਰਕਾਰ ਵੱਲੋਂ ਕੈਂਸਰ ਦੇ ਇਲਾਜ ਲਈ ਕੀਤੇ ਜਾ ਰਹੇ ਉਪਰਾਲਿਆ ਬਾਰੇ ਆਮ ਜਨਤਾ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਆਮ ਲੋਕ ਇਸ ਬਿਮਾਰੀ ਪ੍ਰਤੀ ਜਾਗਰੂਕ ਹੋ ਕੇ ਬਿਮਾਰੀ ਨੂੰ ਮੁੱਢਲੀ ਸਟੇਜ਼ ਤੇ ਪਤਾ ਲਗਾ ਕੇ ਉਸ ਦਾ ਇਲਾਜ ਕਰਵਾ ਸਕਨ ਅਤੇ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਦਾ ਕੈਸਰ ਦੇ ਮਰੀਜ ਲਾਭ ਲੈ ਸਕਣ।

ਉਨ੍ਹਾ ਕਿਹਾ ਕਿ ਕੈਂਸਰ ਦੀ ਬਿਮਾਰੀ ਪ੍ਰਤੀ ਸਮੇਂ ਸਿਰ ਜਾਗਰੂਕ ਹੋ ਕੇ ਹੀ ਇਸ ਤੇ ਕੰਟਰੋਲ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਪੂਰਨ ਇਲਾਜ਼ ਕਰਵਾਇਆ ਜਾ ਸਕਦਾ ਹੈ।

ਇਸ ਮੌਕੇ ਡਾ. ਵਿਧਾਨ ਚੰਦਰ ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਕੈਂਸਰ ਤੋਂ ਡਰੋ ਨਾ, ਸਗੋਂ ਇਸ ਦੇ ਖਿਲਾਫ ਲੜੋ। ਉਹਨਾਂ ਕਿਹਾ ਕਿ ਸਨੂੰ ਕੈਂਸਰ ਤੋਂ ਬਚਣ ਲਈ ਹਮੇਸ਼ਾ ਸੰਤੁਲਿਤ ਖੁਰਾਕ ਲੈਣੀ ਚਾਹੀਦੀ ਹੈ। ਤੰਬਾਕੂ, ਸ਼ਰਾਬ, ਜਾਂ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਫਸਲਾਂ ਉਤੇ ਜ਼ਿਆਦਾ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਅਤੇ ਜ਼ਿਆਦਾ ਚਰਬੀ ਵਾਲੇ ਭੋਜਣ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਦੱਸਿਆ ਕਿ ਜੇਕਰ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਰਸੌਲੀ ਜਾਂ ਗਿਲਟੀ ਹੋਵੇ ਤਾਂ ਤੁਰੰਤ ਡਾਕਟਰ ਦੀ ਸਲਾਹ ਲਵੋ ਅਤੇ ਆਪਣਾ ਆਲਾ ਦੁਆਲਾ ਸਾਫ ਰੱਖਣਾ ਚਾਹੀਦਾ ਹੈ।

# ਵਿਜੀਲੈਂਸ ਬਿਊਰੋ ਨੇ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਮਾਰਕੀਟ ਕਮੇਟੀ ਦਾ ਆਕਸ਼ਨ ਰਿਕਾਰਡਰ ਕੀਤਾ ਗ੍ਰਿਫਤਾਰ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਤਹਿਤ ਬੁੱਧਵਾਰ ਨੂੰ ਮਾਰਕੀਟ ਕਮੇਟੀ ਲੁਧਿਆਣਾ ਦੇ ਨਿਲਾਮੀ ਰਿਕਾਰਡਰ (ਆਕਸ਼ਨ ਰਿਕਾਰਡਰ) ਹਰੀ ਰਾਮ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਅਧਿਕਾਰੀ ਨੂੰ ਅਸ਼ੋਕ ਨਗਰ, ਸਲੇਮ ਟਾਬਰੀ, ਲੁਧਿਆਣਾ ਦੇ ਰਹਿਣ ਵਾਲੇ ਸੋਨੂੰ, ਜੋ ਕਿ ਗਿੱਲ ਕੋਆਪ੍ਰੇਟਿਵ ਲੇਬਰ ਐਂਡ ਕੰਸਟਰਕਸ਼ਨ ਸੁਸਾਇਟੀ ਲੁਧਿਆਣਾ ਦਾ ਸਕੱਤਰ ਹੈ, ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਸੰਪਰਕ ਕਰਕੇ ਦੱਸਿਆ ਕਿ ਉਨ੍ਹਾਂ ਦੀ ਉਕਤ ਸੁਸਾਇਟੀ ਲੁਧਿਆਣਾ ਸ਼ਹਿਰ ਅੰਦਰ ਪੈਂਦੀਆਂ ਮੰਡੀਆਂ, ਮੱਛੀ ਮੰਡੀਆਂ ਆਦਿ ਦੀ ਸਫਾਈ ਦਾ ਠੇਕਾ ਲੈਂਦੀ ਸੀ। ਉਕਤ ਸੁਸਾਇਟੀ ਨੂੰ ਮਾਰਕਿਟ ਕਮੇਟੀ ਲੁਧਿਆਣਾ ਵੱਲੋਂ 01-04-2023 ਤੋਂ 31-03-2024 ਤੱਕ ਦੀ ਮਿਆਦ ਲਈ ਕਾਰਾ-ਬਾਰਾ ਚੌਂਕ, ਬਹਾਦਰਕੇ ਰੋਡ, ਨੇੜੇ ਸਬਜੀ ਮੰਡੀ ਲੁਧਿਆਣਾ ਦੀ ਸਫ਼ਾਈ ਦਾ ਠੇਕਾ ਅਲਾਟ ਹੋਇਆ ਹੈ।

ਉਨ੍ਹਾਂ ਅੱਗੇ ਦੋਸ਼ ਲਾਇਆ ਕਿ ਮਾਰਕੀਟ ਕਮੇਟੀ ਦਾ ਕਰਮਚਾਰੀ ਹਰੀ ਰਾਮ ਵੱਲੋਂ ਸਕੱਤਰ ਮਾਰਕੀਟ ਕਮੇਟੀ ਤੋਂ ਸੁ ਸਾਇਟੀ ਦੇ ਮਹੀਨਾਵਾਰ ਬਿੱਲ ਪਾਸ ਕਰਵਾਉਣ ਬਦਲੇ ਹਰ ਮਹੀਨੇ 30,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਉਸ ਨੇ ਰਿਸ਼ਵਤ ਦੀ ਮੰਗ ਕਰਨ ਸਮੇਂ ਕਥਿਤ ਦੋਸ਼ੀ ਕਰਮਚਾਰੀ ਨਾਲ ਹੋਈ ਗੱਲਬਾਤ ਰਿਕਾਰਡ ਕਰ ਲਈ ਅਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਲੁਧਿਆਣਾ ਰੇਂਜ ਤੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਲਿਆ।

# ਸੋਸ਼ਲ ਨੇ ਆਪਣੇ ਨਵੇਂ ਅਟੱਲ ਮੀਨੂ ਵਿੱਚ ਨੇਸਲੇ ਇੰਡੀਆ ਦੀ ਨਵੀਂ ਪਲਾਂਟ-ਅਧਾਰਿਤ ਰੇਂਜ ਪੇਸ਼ ਕੀਤੀ

**ਚੰਡੀਗੜ੍ਹ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

Nestlé India ਨੇ MAGGI Professional ਦੀ ਪਲਾਂਟ-ਆਧਾਰਿਤ ਰੇਂਜ ਨੂੰ ਲਾਂਚ ਕਰਨ ਲਈ ਭਾਰਤ ਦੇ ਪਸੰਦੀਦਾ ਗੁਆਂਢੀ ਕੈਫੇ, SOCIAL ਨਾਲ ਸਹਿਯੋਗ ਕੀਤਾ ਹੈ। ਉਤਪਾਦਾਂ ਦੀ ਵਰਤੋਂ ਦ ਨਿਊ ਇਰੀਸਿਸਟਿਬਲ ਮੀਨੂ ਨੂੰ ਤਿਆਰ ਕਰਨ ਲਈ ਕੀਤੀ ਗਈ ਹੈ, ਜੋ ਕਿ ਦਿੱਲੀ (ਐਨਸੀਆਰ), ਮੁੰਬਈ, ਬੈਂਗਲੁਰੂ, ਪੁਣੇ ਅਤੇ ਚੰਡੀਗੜ੍ਹ ਵਿੱਚ 41 ਸੋਸ਼ਲ ਅਤੇ 40 ਬੌਸ ਬਰਗਰ ਆਉਟਲੇਟਾਂ 'ਤੇ ਤਿੰਨ ਮਹੀਨਿਆਂ ਲਈ ਉਪਲਬਧ ਹੈ। ਪੌਦਾ-ਅਧਾਰਤ ਰੇਂਜ ਖਾਸ ਤੌਰ 'ਤੇ ਸ਼ੈੱਫਾਂ ਲਈ ਵਿਕਸਤ ਕੀਤੀ ਗਈ ਹੈ ਅਤੇ ਇਸ ਵਿੱਚ ਦੋ ਪੇਸ਼ਕਸ਼ਾਂ ਹਨ - ਇੱਕ ਬਰਗਰ ਪੈਟੀ ਅਤੇ ਬਾਰੀਮਾ, ਮੀਟ-ਅਧਾਰਤ ਭੋਜਨ ਦੇ ਵਿਕਲਪ। ਉਤਪਾਦ ਚਿਕਨ ਦੇ ਸਮਾਨ ਸੰਵੇਦਨਾਤਮਕ ਗੁਣ ਪ੍ਰਦਾਨ ਕਰਦੇ ਹਨ, ਜਾਣੇ-ਪਛਾਣੇ ਉਛਾਲ ਅਤੇ ਰਸ ਨਾਲ। ਉਹ ਪ੍ਰੋਟੀਨ ਅਤੇ ਫਾਈਬਰ ਦਾ ਇੱਕ ਸਰੋਤ ਹਨ, ਅਤੇ ਕੁਦਰਤੀ ਤੌਰ 'ਤੇ ਕੋਲੇਸਟ੍ਰੋਲ ਤੋਂ ਮੁਕਤ ਹਨ। ਇਹ ਰੇਂਜ ਗਲੋਬਲ ਸੱਭਿਆਚਾਰਕ ਐਕਸਪੋਜਰ ਅਤੇ ਸੁਚੇਤ ਖਪਤ ਦੀਆਂ ਆਦਤਾਂ ਵਾਲੇ ਨੌਜਵਾਨ ਦਰਸ਼ਕਾਂ ਦੀਆਂ ਉੱਭਰਦੀਆਂ ਤਰਜੀਹਾਂ ਨੂੰ ਪੂਰਾ ਕਰਦੀ ਹੈ। SOCIAL ਵਿਖੇ, ਨਵਾਂ ਅਟੱਲ ਮੀਨੂ, ਰਸੋਈ ਨਵੀਨਤਾ ਅਤੇ ਸੁਆਦੀ ਸੰਜੋਗਾਂ ਦਾ ਜਸ਼ਨ ਪੇਸ਼ ਕਰਦਾ ਹੈ ਜਿਵੇਂ ਕਿ ਸਨਸਨੀਖੇਜ਼ ਸੀਖ #NotGuilty – Seekh ਅਤੇ ਤੁਹਾਨੂੰ ਇਹ ਪ੍ਰਭਾਵਸ਼ਾਲੀ ਪੌਦੇ-ਅਧਾਰਿਤ ਕਬਾਬ ਮਿਲਣਗੇ ! ਪੁਦੀਨੇ ਦੀ ਚਟਨੀ ਅਤੇ ਲੱਖਾ ਪਿਆਜ਼ ਨਾਲ ਪਰੋਸਿਆ; ਮਿਰਚ #NotChicken - ਅਸੀਂ ਇਸ ਰਸੀਲੇ ਪੌਦੇ-ਅਧਾਰਿਤ ਟੁਕੜਿਆਂ ਨੂੰ ਉਂਗਲੀ-ਚੱਟਣ ਵਾਲੀ ਮਿਰਚ ਦੀ ਚਟਣੀ ਵਿੱਚ ਸੁੱਟ ਕੇ ਮਿਰਚ ਨੂੰ ਚਿਲਿਨ ਵਿੱਚ ਪਾ ਦਿੱਤਾ ਹੈ; ਅਤੇ ਗਾਰਡਨ ਕਲੱਬ ਸੈਂਡਵਿਚ - ਸਬਜ਼ੀਆਂ ਅਤੇ ਪੌਦਿਆਂ-ਅਧਾਰਿਤ ਟ੍ਰੀਟ ਦੇ ਨਾਲ ਬਹੁਤ ਵਧੀਆ ਅਤੇ ਸੁਆਦੀ ਕਲੱਬ ਸੈਂਡਵਿਚ। BOSS ਬਰਗਰ 'ਤੇ, ਨਵੇਂ ਮੀਨੂ ਵਿੱਚ The ImBOSSible Cheeseburger – ਇੱਕ ਪੌਦੇ-ਅਧਾਰਿਤ ਪਨੀਰਬਰਗਰ ਵਰਗੇ ਵਿਕਲਪ ਸ਼ਾਮਲ ਹਨ ਜੋ ਇੰਨਾ ਬੋਲਡ ਅਤੇ ਬਲਾਕਬਸਟਰ ਹੈ, ਇਹ ਲਾਲਸਾ ਤੋਂ ਪਰੇ ਹੈ; ਅਤੇ ਕਰੰਬ ਡੀ ਲਾ ਐਵੋ ਬਰਗਰ - ਟੁਕੜੇ ਹੋਏ ਆਵਾਕੈਡੋ ਦੇ ਨਾਲ ਟੌਪਡ ਪੈਟੀ - ਬੋਲਡ, ਕ੍ਰੀਮੀਲੇਅਰ, ਸਵਾਦਿਸ਼ਟ ਅਤੇ ਪੌਦਿਆਂ ਨਾਲ ਭਰਪੂਰ। ਸਾਂਝੇਦਾਰੀ ਬਾਰੇ ਗੱਲ ਕਰਦੇ ਹੋਏ, ਸੁਰੇਸ਼ ਨਰਾਇਣਨ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਨੇਸਲੇ ਇੰਡੀਆ ਨੇ ਕਿਹਾ, ਸਾਨੂੰ ਸੀਮਿਤ ਮਿਆਦ ਦੇ ਮੀਨੂ ਰਾਹੀਂ ਮੈਗੀ ਪ੍ਰੋਫੈਸ਼ਨਲ ਦੀ ਨਵੀਂ ਪਲਾਂਟ-ਅਧਾਰਿਤ ਰੇਂਜ ਨੂੰ ਪਾਇਲਟ ਕਰਨ ਲਈ, SOCIAL ਨਾਲ ਸਾਡੀ ਭਾਈਵਾਲੀ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ।

# ਭਾਸ਼ਾ ਵਿਭਾਗ ਵੱਲੋਂ ਪੰਜਾਬੀ ਪ੍ਰਬੋਧ ਪ੍ਰੀਖਿਆ ਲਈ ਜਾਵੇਗੀ 10 ਮਾਰਚ ਨੂੰ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਭਾਸ਼ਾ ਵਿਭਾਗ ਹਰਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਭਰੀਆਂ ਜਾਣ ਵਾਲੀਆਂ ਗਰੁੱਪ ਸੀ ਅਤੇ ਇਸ ਤੋਂ ਉੱਪਰ ਦੀਆਂ ਅਸਾਮੀਆਂ ਲਈ ਨਿਰਧਾਰਤ ਯੋਗਤਾਵਾਂ ਵਿੱਚੋਂ ਇਕ ਯੋਗਤਾ ਇਹ




ਵੀ ਹੈ ਕਿ ਉਮੀਦਵਾਰਾਂ ਲਈ ਮੈਟ੍ਰਿਕ ਪੱਧਰ ਦੀ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਣਾ ਲਾਜ਼ਮੀ ਹੈ। ਜਿਨ੍ਹਾਂ ਉਮੀਦਵਾਰਾਂ ਪਾਸ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਯੋਗਤਾ ਨਹੀਂ ਹੈ, ਇਸ ਵਿਭਾਗ ਵੱਲੋਂ ਅਜਿਹੇ ਉਮੀਦਵਾਰਾਂ ਦੀ ਪੰਜਾਬੀ ਪ੍ਰਬੋਧ ਪ੍ਰੀਖਿਆ ਮਿਤੀ 10.03.2024 (ਦਿਨ ਐਤਵਾਰ) ਨੂੰ ਲਈ ਜਾਵੇਗੀ। ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 06.03.2024 ਹੋਵੇਗੀ। ਪਹਿਲਾਂ ਦੀ ਤਰ੍ਹਾਂ ਇਹ ਪ੍ਰੀਖਿਆ ਵਿਭਾਗ ਦੇ ਮੁੱਖ ਦਫਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦੀ ਫੀਸ ਦੋ ਹਜ਼ਾਰ ਰੁਪਏ ਹੋਵੇਗੀ ਜੋ ਕਿ ਨਕਦ ਵਸੂਲ ਕੀਤੀ ਜਾਵੇਗੀ। ਫਾਰਮ ਜਮ੍ਹਾਂ ਕਰਵਾਉਣ ਵਾਲੇ ਉਮੀਦਵਾਰ ਆਪਣੇ ਨਾਲ ਦਸਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਦੇ ਅਸਲ ਸਰਟੀਫਿਕੇਟ, ਅਤੇ ਇਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਇਕ 30⊘25 ਸੈ.ਮੀ. ਸਾਈਜ਼ ਦਾ ਸਵੈ ਪਤੇ ਵਾਲਾ ਲਿਫਾਫਾ ਜਿਸ ਉਤੇ 40/- ਰੁਪਏ ਦੀਆਂ ਡਾਕ ਟਿਕਟਾਂ ਲੱਗੀਆਂ ਹੋਣ ਅਤੇ ਪੰਜ ਫੋਟੋਆਂ ਇੱਕੋ ਸਨੈਪ ਦੀਆਂ ਪਾਸਪੋਰਟ ਸਾਈਜ਼ (ਜਿਨ੍ਹਾਂ ਵਿੱਚੋਂ ਦੋ ਫੋਟੋਆਂ ਗਜ਼ਟਿਡ ਅਫਸਰ ਵੱਲੋਂ ਤਸਦੀਕੀਆਂ ਹੋਣ) ਜਿਨ੍ਹਾਂ ਦੀ ਬੈਕ ਗਰਾਊਂਡ ਅਤੇ ਕੱਪੜੇ ਹਲਕੇ ਰੰਗ ਦੇ ਹੋਣ, ਨਾਲ ਲਿਆਉਣ।

ਪੰਜਾਬੀ ਪ੍ਰਬੋਧ ਪ੍ਰੀਖਿਆ ਸਬੰਧੀ ਵਧੇਰੇ ਜਾਣਕਾਰੀ ਲਈ ਦਫਤਰ ਦੇ ਫੋਨ ਨੰ. 0175-2214469 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਸ਼ਿਵਰਾਤਰੀ ਮੌਕੇ ਜਾਗਰਨ ਬੜੀ ਧੂਮ-ਧਾਮ ਨਾਲ ਕਰਵਾਇਆ ਜਾਵੇਗਾ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਵੱਲੋਂ ਇਸ ਸਾਲ ਸ਼ਿਵਰਾਤਰੀ ਦੇ ਮੌਕੇ ਭਗਤਾਂ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਪਹਿਲਾ ਸ਼ਿਵ ਜਾਗਰਨ ਬੜੀ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਸਤਨਾਮ ਹਸੀਜਾ ਜੀ ਅਤੇ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਰਜਿ: ਵੱਲੋਂ ਸ਼ਿਵ ਜਾਗਰਨ ਦੀ ਜਯੋਤੀ ਪ੍ਰਚੰਡ ਪਟਿਆਲਾ ਡਿਪਟੀ ਕਮਿਸ਼ਨਰ ਸਾਹਿਬ ਜੀ ਵਲੋਂ ਕਰਵਾਇਆ ਜਾਵੇਗਾ ਜੋ ਕਿ ਰਾਤ ਨੂੰ 8:00 ਵਜੇ ਡੀ.ਸੀ. ਸਾਹਿਬ ਪਹੁੰਚ ਕੇ ਜਯੋਤੀ ਪ੍ਰਚੰਡ ਕਰਨਗੇ ਅਤੇ ਇਸ ਉਪਰੰਤ ਭਰਪੂਰ ਭੰਡਾਰਾ ਚਲਾਇਆ ਜਾਵੇਗਾ।

ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਵਲੋਂ ਸਾਰੇ ਭਗਤਾਂ ਅਤੇ ਸ਼ਹਿਰ ਵਾਸੀਆਂ ਨੂੰ ਸ਼ਿਵ ਜਾਗਰਨ ਵਿੱਚ ਸ਼ਿਵਰਾਤਰੀ ਵਾਲੇ ਦਿਨ ਵੱਧ ਤੋਂ ਵੱਧ ਭਗਤ ਪਹੁੰਚ ਕੇ ਸ਼ਿਵ ਜੀ ਦਾ ਆਸ਼ੀਰਵਾਦ ਲੈਣ।

# ਪੰਜਾਬ ਪਬਲਿਕ ਸਕੂਲ ਨਾਭਾ ਦੇ ਪਾਸਿੰਗ-ਆਊਟ ਸਮਾਰੋਹ ਵਿੱਚ ਏ.ਐਸ. ਮਿਗਲਾਨੀ (ਸੇਵਾਮੁਕਤ) ਨੇ ਕੀਤੀ ਸ਼ਿਰਕਤ

**ਨਾਭਾ, 9 ਫਰਵਰੀ**
**-ਸੁਧੀਰ ਜੈਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਏ.ਐਸ. ਮਿਗਲਾਨੀ, ਆਈ.ਏ.ਐਸ. (ਸੇਵਾਮੁਕਤ), ਮੈਂਬਰ, ਕਾਰਜਕਾਰੀ ਕਮੇਟੀ ਅਤੇ ਬੋਰਡ ਮੈਂਬਰ ਨੇ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਆਈ.ਐਸ.ਸੀ. ਬੈਚ 2024 ਦੇ ਪਾਸਿੰਗ ਆਊਟ ਸਮਾਰੋਹ ਦੀ ਪ੍ਰਧਾਨਗੀ ਕੀਤੀ। ਸਮਾਗਮ ਦੇ ਆਰੰਭ ਵਿਚ ਵਿਦਿਆਰਥੀ ਇੱਕ ਕਾਫਲੇ ਦੇ ਰੂਪ ਵਿੱਚ ਟੈਨਿਸ ਕੋਰਟ ਤੋਂ ਸਕੂਲ ਆਡੀਟੋਰੀਅਮ ਵਿੱਚ ਦਾਖਲ ਹੋਏ। ਸਮਾਗਮ ਦੌਰਾਨ ਵਿਦਿਆਰਥੀ ਆਪਣੀ ਵਾਰੀ-ਸਿਰ ਸਟੇਜ ਉਤੇ ਆਏ। ਇਸ ਮੌਕੇ ਵਿਦਿਆਰਥੀਆਂ ਦੀਆਂ ਪਿਛਲੇ ਸਾਲਾਂ ਦੀਆਂ ਪ੍ਰਾਪਤੀਆਂ ਨੂੰ



ਉਜਾਗਰ ਕਰਦੇ ਪ੍ਰਸ਼ੰਸਾ ਪੱਤਰ ਪੜ੍ਹੇ ਗਏ। ਉਨ੍ਹਾਂ ਨੂੰ ਮੁੱਖ ਮਹਿਮਾਨ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਏ.ਐਸ. ਮਿਗਲਾਨੀ, ਆਈ.ਏ.ਐਸ. (ਸੇਵਾਮੁਕਤ), ਨੇ ਵਿਦਿਆਰਥੀਆਂ ਨੂੰ ਸਫਲ ਜੀਵਨ ਜਿਉਣ ਲਈ ਆਤਮ-ਵਿਸ਼ਵਾਸ, ਵਚਨਬੱਧਤਾ, ਹਿੰਮਤ, ਸਿਰਜਣਾਤਮਕਤਾ, ਸ਼ਿਸ਼ਟਾਚਾਰ ਅਤੇ ਚਰਿੱਤਰ ਆਦਿ ਇਹਨਾਂ 6 ਗੁਣਾ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ। ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਧੰਨਵਾਦ ਦਾ ਮਤਾ ਪੇਸ਼ ਕਰਦੇ ਹੋਏ ਡਾ. ਡੀ.ਸੀ ਸ਼ਰਮਾ ਨੇ ਮੁੱਖ ਮਹਿਮਾਨ ਦਾ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਦਿਲੋਂ ਧੰਨਵਾਦ ਕੀਤਾ। ਉਹਨਾਂ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਆਏ ਹੋਏ ਹੋਰ ਮਹਿਮਾਨਾਂ ਦਾ ਵੀ ਧੰਨਵਾਦ ਕੀਤਾ। ਇਸ ਤੋਂ ਬਾਅਦ ਹੈਡਮਾਸਟਰ ਗ੍ਰੀਨ ਵਿੱਚ ਰਾਤ ਦੇ ਭੋਜਨ ਦਾ ਪ੍ਰਬੰਧ ਕੀਤਾ ਗਿਆ।

# ਹੈਲਥ ਅਵੇਅਰਨੈਸ ਸੁਸਾਇਟੀ ਵਲੋਂ ਅੰਤਰ ਰਾਸ਼ਟਰੀ ਕੈਂਸਰ ਰੋਕਥਾਮ ਜਾਗਰੂਕ ਸੈਮੀਨਾਰ ਕਰਵਾਇਆ ਗਿਆ

**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੈਲਥ ਅਵੇਅਰਨੈਸ ਸੁਸਾਇਟੀ ਬਾਰਾਦਰੀ ਗਾਰਡਨਜ਼ ਰਜਿ: ਪਟਿਆਲਾ ਵੱਲੋਂ ਅੰਤਰ ਰਾਸ਼ਟਰੀ ਕੈਂਸਰ ਰੋਕਥਾਮ ਜਾਗਰੂਕ ਸੈਮੀਨਾਰ ਗੌਰਮਿੰਟ ਪੋਲੋਟਿਕਨਿਕ ਕਾਲਜ਼ ਵਿਖੇ ਇਹ ਸੈਮੀਨਾਰ ਪ੍ਰਿੰਸੀਪਲ ਇੰਜੀ: ਰਵਿੰਦਰ ਸਿੰਘ ਹੁੰਦਲ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਸਟੇਟ ਐਵਾਰਡੀ ਡਾ. ਜਗਬੀਰ ਸਿੰਘ ਜੀ ਨੇ ਕੈਂਸਰ ਦੇ ਲਛਣ ਅਤੇ ਇਸਦੀ ਰੋਕਥਾਮ ਬਾਰੇ ਬੱਚਿਆਂ ਅਤੇ ਸਟਾਫ ਮੈਂਬਰਾਂ ਨੂੰ ਜਾਣੂ ਕਰਵਾਇਆ। ਉਹਨਾਂ ਨੇ ਵਿਸਥਾਰ ਪੂਰਵਕ ਵਿਸ਼ੇਸ਼ ਤੌਰ ਤੇ ਛਾਤੀ, ਲੀਵਰ, ਹੱਡੀਆਂ ਅਤੇ ਮੂੰਹ, ਦਿਮਾਗ ਦੇ ਕੈਂਸਰ ਬਾਰੇ ਜਾਣਕਾਰੀ ਦਿੱਤੀ। ਕੈਂਸਰ ਹੋਣ ਸਬੰਧੀ ਮੁਢਲੀ ਜਾਂਚ ਖੁਦ ਕਰਨ ਦੀ ਢੰਗ ਤਰੀਕੇ ਦੱਸੇ। ਡਾ. ਸਾਹਿਬ ਨੇ ਦੱਸਿਆ ਕਿ ਕੈਂਸਰ ਤੋਂ ਬਚਣ ਲਈ ਸਾਨੂੰ ਤਾਜੇ ਫਲ,




ਸਬਜੀਆਂ, ਦਾਲਾਂ, ਸਾਫ ਪਾਣੀ, ਹਵਾਵਾਂ ਦੇ ਨਾਲ ਚੰਗੇ ਉਸਾਰੂ ਪਖੀ ਵਿਚਾਰਾਂ ਦਾ ਅਤੇ ਮਜਬੂਤ ਇਰਾਦੇ, ਚੰਗੀ ਭਾਵਨਾਵਾਂ ਦਾ ਪੱਕੇ ਇਰਾਦੇ ਦਾ ਹੋਣਾ ਜਰੂਰੀ ਹੈ। ਇਸ ਮੌਕੇ ਸੁਸਾਇਟੀ ਦੇ ਸਲਾਹਕਾਰ ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ. ਨੇ ਕਿਹਾ ਕਿ ਕੈਂਸਰ ਤੋਂ ਬਚਣ ਲਈ ਜਾਗਰੂਕਤਾ ਨਾਲ ਪੋਸ਼ਟਿਕ ਖੁਰਾਕ, ਕਸਰਤ, ਸੈਰ, ਯੋਗਾ ਆਦਿ ਜਰੂਰੀ ਹੈ। ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਨਸ਼ਾ ਛਡਾਓ ਕੇਂਦਰ ਦੇ ਡਾਇਰੈਕਟਰ ਸਰਦਾਰਨੀ ਪਰਮਿੰਦਰ ਕੌਰ ਮਨਚੰਦਾ ਨੇ ਦੱਸਿਆ ਕਿ ਨਸ਼ਿਆਂ ਕਾਰਨ ਕੈਂਸਰ ਅਤੇ ਅਪਰਾਧ ਕੀਤੇ ਜਾਂਦੇ ਹਨ। ਨਸ਼ੇ ਗਰਸਤ ਲੋਕਾਂ ਦਾ ਸਾਕੇਤ ਹਸਪਤਾਲ ਵਿੱਚ ਮੁਫ਼ਤ ਇਲਾਜ ਕੀਤੇ ਜਾਂਦੇ ਹਨ। ਸ੍ਰੀ ਕਾਕਾ ਰਾਮ ਵਰਮਾ ਨੇ ਫਸਟ ਏਡ, ਸੀ.ਪੀ.ਆਰ., ਦਿਲ ਦੇ ਦੌਰੇ ਅਨਜਾਈਨਾ ਕਾਰਤਿਕ ਅਤੇ ਸੁਰੱਖਿਆ ਬਚਾਓ ਕਰਨ ਦੀ ਟਰੇਨਿੰਗ ਲੈ ਕੇ ਪੀੜਤਾਂ ਦੇ ਮਦਦਗਾਰ ਹੋਣ ਦਾ ਸੁਝਾਓ ਦਿੱਤਾ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਕੋਲੀ ਨੇ ਕਿਹਾ ਕਿ ਕੈਂਸਰ ਦੇ ਲਛਣ ਅਤੇ ਉਪਾਅ ਬਾਰੇ ਜਾਣਕਾਰੀ ਦੇਣ ਹਿੱਤ ਅੱਜ ਦਾ ਸੈਮੀਨਾਰ ਕਰਵਾਇਆ ਗਿਆ। ਉਹਨਾਂ ਨੇ ਸਾਰੇ ਆਇਆ ਤੋਂ ਇਹ ਆਸ਼ਵਾਸਨ ਵੀ ਲਿਆ ਕਿ ਅੱਜ ਦੀ ਜਾਣਕਾਰੀ ਭਰਪੂਰ ਗਿਆਨ ਆਪ ਅਤੇ ਦੂਜਿਆਂ ਵਿੱਚ ਵੀ ਵੰਡੋਗੇ। ਵਿਦਿਆ ਵਿਚਾਰੀ ਤੇ ਪਰ ਉਪਕਾਰੀ ਦੇ ਸਿਧਾਂਤ ਤੇ ਅਮਲ ਕਰੋਗੇ। ਇਸੇ ਕਰਕੇ ਹੀ ਚੰਗੀ ਸਿਹਤ ਤੰਦਰੁਸਤੀ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਕਾਲਜ ਦੀ ਮੈਡਮ ਸਾਇਰਾ ਨੇ ਪ੍ਰਿੰਸੀਪਲ ਜੀ ਦੇ ਬਿਹਾਫ ਤੇ ਕੈਂਸਰ ਸਬੰਧੀ ਜਾਣਕਾਰੀ ਦੇਣ ਅਤੇ ਜਾਗਰੂਕ ਸੈਮੀਨਾਰ ਕਰਵਾਉਣ ਲਈ ਸਲਾਹਿਆ। ਜਨਰਲ ਸਕੱਤਰ ਤਾਰਾ ਸਿੰਘ ਭਮਰਾ ਵਲੋਂ ਸੁਸਾਇਟੀ ਦੇ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਸਰਦਾਰਨੀ ਸੁਰੇਂਦਰ ਕੌਰ ਆਹਲੂਵਾਲੀਆ ਨੇ ਮੰਚ ਸੰਚਾਲਨ ਬਾਖੂਬੀ ਸਾਇਰੀ ਅਤੇ ਕਵਿਤਾ ਦੇ ਰੂਪ ਵਿੱਚ ਸਾਰਿਆਂ ਨੂੰ ਸੰਬੋਧਨ ਕੀਤਾ। ਅੰਤ ਵਿੱਚ ਸੁਸਾਇਟੀ ਦੇ ਮੈਂਬਰ ਪੂਰਨ ਚੰਦ ਸਵਾਮੀ ਨੇ ਹਸਦੀ ਦੁਨੀਆ ਅਤੇ ਪ੍ਰਮਾਤਮਾ ਦਾ ਸ਼ੁਕਰ ਕਰਨ ਦੀ ਪ੍ਰੇਰਨਾ ਦਿੱਤੀ। ਇਸ ਦੇ ਨਾਲ ਹੀ ਅੰਤ ਵਿੱਚ ਬੁੱਕੇ ਅਤੇ ਯਾਦਗਾਰੀ ਚਿੰਨ ਦੇ ਕੇ ਡਾ. ਸਾਹਿਬ, ਮਨਚੰਦਾ ਜੀ, ਪ੍ਰਿੰਸੀਪਲ ਸਾਹਿਬ ਨੂੰ ਸਨਮਾਨਿਤ ਕੀਤਾ ਗਿਆ। ਸੁਸਾਇਟੀ ਦੇ ਆਹੁਦੇਦਾਰਾਂ ਵੱਲੋਂ ਕਾਲਜ ਦੀ ਮੈਨਜਮੈਂਟ ਅਤੇ ਖਾਸ ਤੌਰ ਤੇ ਪ੍ਰੋ. ਹਰਮੇਲ ਸਿੰਘ ਚਹਿਲ ਦਾ ਧੰਨਵਾਦ ਕੀਤਾ ਗਿਆ।

# 16 ਫਰਵਰੀ ਦੇ ਪੇਂਡੂ ਭਾਰਤ ਬੰਦ ਸਬੰਧੀ ਐਸ.ਕੇ.ਐਮ. ਅਤੇ ਟਰੇਡ ਯੂਨੀਅਨਾਂ ਵਲੋਂ ਵੱਖ-ਵੱਖ ਜਥੇਬੰਦੀਆਂ ਨਾਲ ਤਾਲਮੇਲ



**ਪਟਿਆਲਾ, 9 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਪਟਿਆਲੇ ਨਾਲ ਸਬੰਧਤ ਕਿਸਾਨ ਯੂਨੀਅਨਾਂ ਟਰੇਡ ਯੂਨੀਅਨਾਂ ਜਮਹੂਰੀ ਜਥੇਬੰਦੀ ਦੀਆਂ 16 ਫਰਵਰੀ ਦੇ ਪੈਂਡੂ ਭਾਰਤ ਬੰਦ ਦੀ ਤਿਆਰੀ ਸਬੰਧੀ ਵੱਖ—ਵੱਖ ਮੀਟਿੰਗਾਂ ਕੀਤੀਆਂ ਗਈਆਂ। ਜਿਸ ਵਿੱਚ ਰਾਕੇਸ਼ ਗੁਪਤਾ ਪ੍ਰਦੇਸ਼ ਵਪਾਰ ਮੰਡਲ ਪ੍ਰਧਾਨ ਜਿਲਾ ਪਟਿਆਲਾ, ਸਤਵਿੰਦਰ ਸਿੰਘ ਸੈਣੀ ਆੜਤੀ ਐਸੋਸੀਏਸ਼ਨ ਪ੍ਰਧਾਨ ਜਿਲ੍ਹਾ ਪਟਿਆਲਾ (ਚੀਮਾ ਗਰੁੱਪ), ਮੁਲਖਰਾਜ ਪ੍ਰਧਾਨ ਆੜਤੀ ਐਸੋਸੀਏਸ਼ਨ ਜਿਲ੍ਹਾ ਪਟਿਆਲਾ ਅਤੇ ਉਹਨਾਂ ਦੇ ਐਸੋਸੀਏਸ਼ਨ ਮੈਂਬਰਾਂ ਨਾਲ ਤਾਲਮੇਲ ਕੀਤਾ ਗਿਆ। ਵਪਾਰ ਮੰਡਲ ਦੇ ਪ੍ਰਧਾਨ ਰਾਕੇਸ਼ ਗੁਪਤਾ ਨੇ ਕਿਹਾ ਕਿ ਸਾਡਾ ਸਮਰਥਨ 16 ਤਰੀਕ ਦੇ ਭਾਰਤ ਬੰਦ ਨੂੰ ਕਾਮਯਾਬ ਕਰਨ ਲਈ ਅਸੀਂ ਆਪਣੀ ਵਿਸ਼ੇਸ਼ ਮੀਟਿੰਗ ਕਰਕੇ ਇਸ ਦਾ ਪੂਰਨ ਤੌਰ ਤੇ ਸਮਰਥਨ ਕਰਨ ਦਾ ਵਿਸ਼ਵਾਸ਼ ਦਿਵਾਇਆ। ਇਸੇ ਤਰ੍ਹਾਂ ਸਾਰੀਆਂ ਤਹਿਸੀਲਾਂ ਅਤੇ ਕਸਬਿਆਂ ਜਿਵੇਂ ਰਾਜਪੁਰਾ, ਪਾਤੜਾਂ, ਨਾਭਾ, ਸਮਾਣਾ, ਘਨੌਰ, ਵਿਖੇ ਵੀ ਇਸੇ ਤਰ੍ਹਾਂ ਵਪਾਰੀਆਂ, ਟਰੱਕ ਯੂਨੀਅਨਾਂ, ਟੈਂਪੂ ਅਤੇ ਟੈਕਸੀ ਯੂਨੀਅਨਾਂ ਨਾਲ ਜਥੇਬੰਦੀ ਦੇ ਆਗੂਆਂ ਨੇ ਤਾਲਮੇਲ ਕੀਤਾ ਅਤੇ ਉਹਨਾਂ ਵਲੋਂ ਬੰਦ ਦਾ ਪੂਰਨ ਸਮਰਥਨ ਕਰਨ ਦਾ ਵਿਸ਼ਵਾਸ਼ ਦਿਵਾਇਆ। ਅਵਤਾਰ ਸਿੰਘ ਕੌਰਜੀਵਾਲਾ ਨੇ ਦੱਸਿਆ ਕਿ ਜਿਨ੍ਹਾਂ ਵੱਲੋਂ ਮੋਦੀ ਸਰਕਾਰ ਵਲੋਂ ਬਣਾਏ ਗਏ ਹਿੱਟ ਐਂਡ ਰਨ ਕਾਨੂੰਨ ਅਤੇ ਇਸ ਤਰ੍ਹਾਂ ਦੇ ਹੋਰ ਲੁਕਵੇਂ ਕਾਨੂੰਨ ਬਣਾ ਕੇ ਭਾਰਤ ਦੀ ਜਨਤਾ ਨੂੰ ਕਾਰਪੋਰੇਟ ਘਰਾਣਿਆਂ ਦੀ ਲੁੱਟ ਕਰਨ ਦੀ ਖੁੱਲ ਦਿੱਤੀ ਹੈ। ਅੱਜ ਦੀ ਟੀਮਾਂ ਦੀ ਅਗਵਾਈ ਵੱਖ—ਵੱਖ ਜਥੇਬੰਦੀਆਂ ਨੂੰ ਮਿਲਣ ਦੀ ਅਗਵਾਈ ਸੁਰਜੀਤ ਸਿੰਘ ਲਚਕਾਣੀ ਜਿਲ੍ਹਾ ਆਗੂ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਦਵਿੰਦਰ ਸਿੰਘ ਪੂਨੀਆ ਜਿਲਾ ਪ੍ਰਧਾਨ ਹਰਜਿੰਦਰ ਸਿੰਘ ਪ੍ਰਧਾਨ ਦੋਧੀ ਡਾਇਰੀ ਯੂਨੀਅਨ, ਰਾਜ ਕਿਸ਼ਨ, ਬਲਜੀਤ ਸਿੰਘ ਪੰਜੋਲਾ, ਕਿਰਤੀ ਕਿਸਾਨ ਯੂਨੀਅਨ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਵਤਾਰ ਸਿੰਘ ਕੌਰਜੀਵਾਲਾ ਵਲੋਂ 16 ਫਰਵਰੀ ਦੇ ਭਾਰਤ ਬੰਦ ਨੂੰ ਕਾਮਯਾਬ ਕਰਨ ਲਈ ਹਰ ਵਰਗ ਦੀਆਂ ਯੂਨੀਅਨਾਂ ਨਾਲ ਸੰਪਰਕ ਕਰਨ ਦੀ ਤਿਆਰੀ ਲਈ 9 ਤਰੀਕ ਨੂੰ ਵੱਡੇ ਪੱਧਰ ਤੇ ਜੀਪਾਂ, ਮੋਟਰ ਸਾਈਕਲਾਂ ਅਤੇ ਕਾਰਾਂ ਦੇ ਕਾਫਲੇ ਲੈ ਕੇ ਝੰਡਾ ਮਾਰਚ ਵੀ ਕੀਤਾ ਜਾਵੇਗਾ। ਸਾਰੇ ਵਰਗਾਂ ਤੋਂ 16 ਫਰਵਰੀ ਦੇ ਬੰਦ ਦਾ ਸਮਰਥਨ ਲਿਆ ਜਾਵੇਗਾ।

## ਹੋਮ ਲੋਨ 'ਚ ਵਾਧੇ ਕਾਰਨ ਕ੍ਰੈਡਿਟ ਗ੍ਰੋਥ 'ਚ ਆਈ ਤੇਜੀ

ਚੇਨਈ 9 ਫਰਵਰੀ। ਚੋਟੀ ਦੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਭਾਰਤ ਦੇ ਆਰਥਿਕ ਵਿਕਾਸ 'ਚ ਪ੍ਰਮੁੱਖ ਯੋਗਦਾਨ ਦੇਣ ਵਾਲੀ ਘਰੇਲੂ ਬੱਚਤ 'ਚ ਵਿੱਤੀ ਸਾਲ 2011-12 ਤੋਂ ਬਾਅਦ ਗਿਰਾਵਟ ਆ ਰਹੀ ਹੈ ਅਤੇ ਮੌਜੂਦਾ ਸਮੇਂ ਵਿਚ ਇਹ ਕੁੱਲ ਘਰੇਲੂ ਉਤਪਾਦ (ਜੀ. ਡੀ. ਪੀ.) ਦਾ ਔਸਤਨ ਲਗਭਗ 30 ਫੀਸਦੀ ਹੈ। ਆਨੰਦ ਰਾਠੀ ਸ਼ੇਅਰਸ ਐਂਡ ਸਟਾਕ ਬ੍ਰੋਕਰਸ ਦੇ ਮੁੱਖ ਅਰਥਸ਼ਾਸਤਰੀ ਅਤੇ ਕਾਰਜਕਾਰੀ ਡਾਇਰੈਕਟਰ ਸੁਜਾਨ ਹਾਜਰਾ ਨੇ ਦੱਸਿਆ ਕਿ ਤਾਜਾ ਅੰਕੜਿਆਂ ਮੁਤਾਬਕ ਵਿੱਤੀ ਸਾਲ 2021-22 ਤੱਕ ਮੌਜੂਦਾ ਬੱਚਤ ਦਰ ਕੁੱਲ ਘਰੇਲੂ ਉਤਪਾਦ ਦਾ 30.2



ਫੀਸਦੀ ਹੈ। ਵਿੱਤੀ ਸਾਲ 2011-12 ਤੋਂ ਇਹ ਰੁਝਾਨ ਗਿਰਾਵਟ 'ਤੇ ਹੈ ਜਦੋਂ ਬੱਚਤ ਦਰ ਕੁੱਲ ਘਰੇਲੂ ਉਤਪਾਦ ਦਾ 34.6 ਫੀਸਦੀ ਸੀ। ਪਿਛਲੇ ਦਹਾਕੇ ਵਿਚ ਬੱਚਤ ਦਰ ਔਸਤਨ ਕੁੱਲ ਘਰੇਲੂ ਉਤਪਾਦ ਦਾ ਲਗਭਗ 32 ਫੀਸਦੀ ਸੀ। ਹਾਜਰਾ ਨੇ ਕਿਹਾਂ ਕ ਘਰੇਲੂ ਬੱਚਤ ਅਰਥਵਿਵਸਥਾ ਵਿਚ ਨਿਵੇਸ਼ 'ਚ ਯੋਗਦਾਨ ਕਰਦੀ ਹੈ। ਉੱਚ ਬੱਚਤ ਦਰ ਨਿਵੇਸ਼ ਦੇ ਮਾਹੌਲ ਨੂੰ ਬਾਹਰੀ ਫੰਡਿੰਗ 'ਤੇ ਸੀਮਾਂਤ ਨਿਰਭਰਤਾ ਨਾਲ ਘਰੇਲੂ ਫੰਡਿੰਗ 'ਤੇ ਨਿਰਭਰ ਹੋਣ ਦੀ ਸਹੂਲਤ ਮੁਹੱਈਆ ਕਰਦੀ ਹੈ। ਕੇਅਰ ਰੇਟਿੰਗਸ ਨੇ ਇਕ ਖੋਜ ਰਿਪੋਰਟ 'ਚ ਕਿਹਾ ਕਿ ਬੈਂਕਾਂ ਤੋਂ ਕਰਜਾ ਲੈਣ ਦੀ ਦਰ ਲਗਾਤਾਰ ਵਧ ਰਹੀ ਹੈ। ਸਾਲ ਦਰ ਸਾਲ 20.3 ਫੀਸਦੀ ਦੇ ਵਿਕਾਸ ਨਾਲ ਇਹ 12 ਜਨਵਰੀ 2024 ਨੂੰ ਸਮਾਪਤ ਪੰਦਰਵਾੜੇ ਲਈ 159.7 ਲੱਖ ਕਰੋੜ ਰੁਪਏ 'ਤੇ ਪੁੱਜ ਗਿਆ। ਕੇਅਰ ਰੇਟਿੰਗਸ ਨੇ ਕਿਹਾ ਕਿ ਵਧੀਆਂ ਹੋਈਆਂ ਵਿਆਜ ਦਰਾਂ, ਰੇਪੋ ਰੇਟ ਮਹਿੰਗਾਈ ਵਿਚ ਵਾਧਾ ਅਤੇ ਭੂ-ਸਿਆਸੀ ਮੁੱਦਿਆਂ ਦੇ ਸਬੰਧ ਵਿਚ ਗਲੋਬਲ ਅਨਿਸ਼ਚਿਤਾਵਾਂ ਹੋਰ ਪ੍ਰਮੁੱਖ ਕਾਰਕ ਹਨ ਜੋ ਕ੍ਰੈਡਿਟ ਵਿਕਾਸ 'ਤੇ ਅਸਰ ਪਾ ਸਕਦੇ ਹਨ।

## ਭਾਰਤ-ਪਾਕਿ ਸਰਹੱਦ ਨੇੜਿਓਂ 2 ਪੈਕਟ ਹੈਰੋਇਨ ਬਰਾਮਦ

ਕਲਾਨੌਰ 9 ਫਰਵਰੀ। ਭਾਰਤ ਪਾਕਿਸਤਾਨ ਅੰਤਰਰਾਸਟਰੀ ਸਰਹੱਦ 'ਤੇ ਬੀ. ਐੱਸ. ਐੱਫ. ਅਤੇ ਕਾਊਂਟਰ ਇੰਟੈਲੀਜੈਂਸ ਵੱਲੋਂ ਸਾਂਝੇ ਸਰਚ ਅਭਿਆਨ ਦੌਰਾਨ ਬਲਾਕ ਕਲਾਨੌਰ ਅਧੀਨ ਪੈਂਦੇ ਸਰਹੱਦੀ ਪਿੰਡ ਰੁਡਿਆਣਾ ਦੇ ਖੇਤਾਂ 'ਚੋਂ ਹੈਰੋਇਨ ਦੇ 2 ਪੈਕੇਟ ਬਰਾਮਦ ਕੀਤੇ ਹਨ। ਇਸ ਦੇ ਨਾਲ ਹੀ ਪਾਕਿਸਤਾਨ ਤੋਂ ਡਰੋਨ ਰਾਹੀਂ ਇਹ ਪੈਕੇਟ ਮੰਗਵਾਉਣ ਵਾਲੇ ਨੌਜਵਾਨ ਨੂੰ ਵੀ ਕਾਬੂ ਕੀਤਾ ਹੈ। ਜਾਣਕਾਰੀ ਮੁਤਾਬਕ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਅਤੇ ਡੇਰਾ ਬਾਬਾ ਨਾਨਕ ਨੂੰ ਗੁਪਤ ਸੂਚਨਾ ਮਿਲੀ ਕੇ ਪਿੰਡ ਰੁਡਿਆਣਾ ਦੇ ਨੌਜਵਾਨ ਵੱਲੋਂ ਡਰੋਨ ਜਰੀਏ ਪਾਕਿਸਤਾਨ ਤੋਂ ਹੈਰੋਇਨ ਦੇ ਪੈਕੇਟ ਮੰਗਵਾਏ ਹੋਏ ਹਨ, ਜਿਸ ਦੌਰਾਨ ਬੀ. ਐੱਸ. ਐੱਫ. ਦੀ 27 ਬਟਾਲੀਅਨ ਅਤੇ ਕਾਊਂਟਰ ਇੰਟੈਲੀਜੈਂਸ ਦੇ ਜਵਾਨਾਂ ਵੱਲੋਂ ਸਾਂਝਾ ਸਰਚ ਅਭਿਆਨ ਚਲਾਇਆ ਗਿਆ, ਇਸ ਦੌਰਾਨ ਪਿੰਡ ਰੁਡਿਆਣਾ ਦੇ ਕਿਸਾਨ ਦੇ ਖੇਤਾਂ 'ਚ ਪਏ 2 ਪੈਕੇਟ, ਜਿਨ੍ਹਾਂ ਦਾ ਵਜਨ ਇਕ ਕਿੱਲੋ ਦੱਸਿਆ ਜਾ ਰਿਹਾ ਹੈ, ਬਰਾਮਦ ਕੀਤੇ ਗਏ। ਇਸ ਸਬੰਧੀ ਬੀ. ਐੱਸ. ਐੱਫ. ਤੇ ਕਾਊਂਟਰ ਇੰਟੈਲੀਜੈਂਸ ਵੱਲੋਂ ਪੈਕੇਟ ਮੰਗਵਾਉਣ ਵਾਲੇ ਨੌਜਵਾਨ ਨੂੰ ਵੀ ਕਾਬੂ ਕਰ ਲਿਆ ਹੈ।

# ਸੂਬੇ ਦੀਆਂ ਸੜਕਾਂ ਦਾ ਨਵੀਨੀਕਰਨ ਕਰਨਾ ਪੰਜਾਬ ਸਰਕਾਰ ਦੀ ਮੁਖ ਤਰਜੀਹ : ਹਰਭਜਨ ਸਿੰਘ

**ਕਿਸ਼ਨ ਪਾਲ**

ਹੁਸ਼ਿਆਰਪੁਰ/ਦਸੂਹਾ 9 ਫਰਵਰੀ। ਲੋਕ ਨਿਰਮਾਣ ਮੰਤਰੀ ਅਤੇ ਬਿਜਲੀ ਮੰਤਰੀ ਪੰਜਾਬ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਸੂਬੇ ਦੀਆਂ ਸੜਕਾਂ ਦਾ ਨਵੀਨੀਕਰਨ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਰੋਡ ਨੈਟਵਰਕ ਨੂੰ ਮਜ਼ਬੂਤ ਕਰਨ ਲਈ ਬਹੁਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਸੂਬੇ ਵਿਚ ਕੋਈ ਵੀ ਬਲੈਕ ਸਪਾਟ ਨਹੀਂ ਛੱਡਿਆ ਜਾਵੇਗਾ। ਉਹ ਅੱਜ ਦਸੂਹਾ ਵਿਖੇ ਹਲਕਾ ਵਿਧਾਇਕ ਕਰਮਬੀਰ ਸਿੰਘ ਘੁੰਮਣ ਦੀ ਮੌਜੂਦਗੀ ਵਿਚ 9.50 ਕਰੋੜ ਰੁਪਏ ਦੀ ਲਾਗਤ ਨਾਲ 20.23 ਕਿਲੋਮੀਟਰ ਲੰਮੀ ਬਣਨ ਵਾਲੀ ਦਸੂਹਾ-ਕਮਾਹੀ ਦੇਵੀ ਰੋਡ ਨੂੰ ਮਜ਼ਬੂਤ ਕਰਨ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਦੌਰਾਨ ਇਲਾਕਾ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਲੋਕ ਨਿਰਮਾਣ ਮੰਤਰੀ ਨੇ ਇਸ ਮੌਕੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸੜਕ ਕੰਢੀ ਖੇਤਰ ਦੀ ਕਾਫੀ ਮਹੱਤਵਪੂਰਨ ਸੜਕ ਹੈ ਅਤੇ ਇਹ ਨੈਸ਼ਨਲ ਹਾਈਵੇਅ ਜਲੰਧਰ-ਪਠਾਨਕੋਟ (ਐੱਨ.ਐੱਚ-44) ਦਸੂਹਾ ਤੋਂ ਤਲਵਾੜਾ, ਢੋਲਵਾਹਾ, ਹਰਿਆਣਾ ਸੜਕ ਨੂੰ ਕਮਾਹੀ ਦੇਵੀ ਨਾਲ ਮਿਲਾਉਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ 'ਤੇ ਹੀ ਧਾਰਮਿਕ ਸਥਾਨ ਜਿਵੇਂ ਕਿ ਪਾਂਡਵ ਸਰੋਵਰ ਮੰਦਿਰ, ਮੰਦਿਰ ਬਾਬਾ ਲਾਲ ਦਿਆਲ ਜੀ ਅਤੇ ਕਮਾਹੀ ਦੇਵੀ ਮੰਦਿਰ ਸਥਿਤ ਹਨ, ਜਿਨ੍ਹਾਂ ਦੀ ਪੂਰੇ ਖੇਤਰ ਵਿਚ ਕਾਫੀ ਮਾਨਤਾ ਹੈ। ਇਸ ਤੋਂ ਇਲਾਵਾ ਇਸ ਸੜਕ 'ਤੇ ਕਰੀਬ 30-40 ਪਿੰਡਾਂ ਦਾ ਆਉਣਾ-ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਪਿਛਲੀ ਰਿਪੇਅਰ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਸਾਲ 2013 ਵਿਚ ਹੋਈ ਸੀ ਅਤੇ ਨਿਯਮਾਂ ਦੇ ਮੁਤਾਬਿਕ ਸਾਲ 2018 ਵਿਚ ਇਸ ਦੀ ਰਿਪੇਅਰ ਹੋਣੀ ਸੀ ਪਰ ਪਿਛਲੀਆਂ ਸਰਕਾਰ ਨੇ ਇਸ ਸੜਕ ਦੀ ਕੋਈ ਸੁਧ ਨਹੀਂ ਲਈ ਅਤੇ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿਚ ਸੜਕ ਨੈਟਵਰਕ ਮਜ਼ਬੂਤ ਕਰ ਰਹੀ ਹੈ। ਇਸੇ ਲੜੀ ਵਿਚ ਇਸ ਸੜਕ ਦਾ ਵੀ ਨਿਰਮਾਣ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੜਕ ਦਾ ਨਿਰਮਾਣ ਕਾਰਜ 26 ਸਤੰਬਰ 2024 ਤੱਕ ਪੂਰਾ ਕਰ ਲਿਆ ਜਾਵੇਗਾ। ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਸੜਕ ਨਿਰਮਾਣ ਦੇ ਨਾਲ-ਨਾਲ ਸੂਬੇ ਵਿਚ ਬਿਜਲੀ ਨੈਟਵਰਕ ਨੂੰ ਵੀ ਮਜ਼ਬੂਤ ਬਣਾਇਆ ਗਿਆ ਹੈ।



ਉਨ੍ਹਾਂ ਦੱਸਿਆ ਕਿ ਜਦੋਂ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਪਾਵਰ ਕਾਰਪੋਰੇਸ਼ਨ 1880 ਕਰੋੜ ਰੁਪਏ ਦੇ ਘਾਟੇ ਵਿਚ ਸੀ ਅਤੇ ਸਾਡੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਨੂੰ 600 ਯੂਨਿਟ ਫਰੀ ਬਿਜਲੀ ਦੇਣ ਤੋਂ ਬਾਅਦ ਵੀ ਪਾਵਰ ਕਾਰਪੋਰੇਸ਼ਨ 564 ਕਰੋੜ ਰੁਪਏ ਮੁਨਾਫੇ ਵਿਚ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਬਿਜਲੀ ਦੀ ਸਥਿਤੀ ਕਾਫੀ ਮਜ਼ਬੂਤ ਹੈ ਅਤੇ ਪੰਜਾਬ ਸਰਕਾਰ ਨੇ ਆਪਣੀ ਗਰੰਟੀ ਨੂੰ ਪੂਰਾ ਕਰਦੇ ਹੋਏ ਲੋਕਾਂ ਤੱਕ 600 ਯੂਨਿਟ ਮੁਫ਼ਤ ਬਿਜਲੀ ਪਹੁੰਚਾਈ ਹੈ, ਜਿਸ ਸਦਕਾ ਮੌਜੂਦਾ ਸਮੇਂ ਵਿਚ ਸੂਬੇ ਦੇ 90 ਫੀਸਦੀ ਤੋਂ ਵੱਧ ਲੋਕਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ। ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਨੇ ਲੋਕ ਨਿਰਮਾਣ ਮੰਤਰੀ ਦੇ ਇਸ ਕਾਰਜ 'ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਲਾਕੇ ਵਿਚ ਉਨ੍ਹਾਂ ਦੇ ਯਤਨਾਂ ਨਾਲ ਸੜਕ ਨੈਟਵਰਕ ਮਜ਼ਬੂਤ ਹੋ ਰਿਹਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਦਸੂਹਾ ਵਿਧਾਨ ਸਭਾ ਹਲਕੇ ਦੀ ਹਰ ਮੰਗ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਹੈ। ਇਸ ਮੌਕੇ ਐਕਸੀਅਨ ਲੋਕ ਨਿਰਮਾਣ ਵਿਭਾਗ ਮਨਜੀਤ ਸਿੰਘ, ਐੱਸ.ਡੀ.ਈ ਦਵਿੰਦਰ ਪਾਲ, ਜੇ.ਈ ਯਾਦਵਿੰਦਰ ਸੋਢੀ, ਬਲਦੇਵ ਰਾਜ, ਅਸ਼ੋਕ ਕੁਮਾਰ ਅਤੇ ਹੋਰ ਪਤਵੰਤੇ ਮੌਜੂਦ ਸਨ।

## ਪਤੀ ਨੇ ਡਾਂਟਿਆ ਤਾਂ ਗੁੱਸੇ 'ਚ ਆ ਕੇ ਪਤਨੀ ਨੇ ਚੁੱਕਿਆ ਖੌਫਨਾਕ ਕਦਮ, ਫਾਹਾ ਲੈ ਕੇ ਕੀਤੀ ਜੀਵਨਲੀਲਾ ਸਮਾਪਤ

ਸਾਹਨੇਵਾਲ/ਕੁਹਾੜਾ 9 ਫਰਵਰੀ। ਘਰ 'ਚ ਛੋਟਾ ਜਿਹਾ ਕਲੇਸ ਵੀ ਜਾਨਲੇਵਾ ਸਾਬਿਤ ਹੋ ਸਕਦਾ ਹੈ। ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਾਹਨੇਵਾਲ ਤੋਂ, ਜਿੱਥੇ ਮਾਮੂਲੀ ਝਗੜੇ ਤੋਂ ਤੰਗ ਆ ਕੇ ਇਕ ਵਿਆਹੁਤਾ ਨੇ ਚੁੰਨੀ ਦੇ ਸਹਾਰੇ ਪੱਖੇ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਘਟਨਾ ਥਾਣਾ ਸਾਹਨੇਵਾਲ ਦੀ ਚੌਂਕੀ ਕੰਗਣਵਾਲ ਦੇ ਸਤਿਗੁਰੂ ਨਗਰ ਦੀ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਰਾਮ ਮੂਰਤੀ ਨੇ ਦੱਸਿਆ ਕਿ ਸਤਿਗੁਰੂ ਨਗਰ ਦੀ ਰਹਿਣ ਵਾਲੀ ਇਕ ਵਿਆਹੁਤਾ ਅਰਚਨਾ ਦੇ ਫਾਹਾ ਲੈਣ ਦਾ ਉਸ ਸਮੇਂ ਪਤਾ ਲੱਗਾ, ਜਦੋਂ ਮ੍ਰਿਤਕ ਦਾ ਦਿਓਰ ਰੋਹਨ ਕਮਰੇ 'ਚ ਉਸ ਨੂੰ ਬੁਲਾਉਣ ਲਈ ਗਿਆ ਸੀ। ਉਸ ਸਮੇਂ ਭਰਜਾਈ ਪੱਖੇ ਨਾਲ ਲਟਕ ਰਹੀ ਸੀ ਅਤੇ ਉਸ ਦੀ ਮੌਤ ਹੋ ਚੁੱਕੀ ਸੀ। ਉਸ ਨੇ ਤੁਰੰਤ ਆਪਣੇ ਭਰਾ ਨੂੰ ਦੱਸਿਆ ਤਾਂ ਉਸ ਨੇ ਪੁਲਸ ਨੂੰ ਸੂਚਿਤ ਕੀਤਾ ਤੇ ਇਲਾਕੇ 'ਚ ਰੌਲਾ ਪਾ ਦਿੱਤਾ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾ ਦੇ ਪਤੀ ਸੰਨੀ ਕੁਮਾਰ ਨੇ ਜਾਣਕਾਰੀ ਦਿੱਤੀ ਕਿ ਉਸ ਦਾ ਵਿਆਹ ਨੋਇਡਾ ਦੀ ਰਹਿਣ ਵਾਲੀ ਅਰਚਨਾ ਨਾਲ 14 ਮਹੀਨੇ ਪਹਿਲਾਂ ਹੋਇਆ ਸੀ , ਜਿਸ ਤੋਂ ਉਸ ਦੀ 2 ਮਹੀਨੇ ਦੀ ਬੱਚੀ ਵੀ ਹੈ। ਅਰਚਨਾ ਨੇ ਬੱਚੀ ਦੇ ਗੱਲ੍ਹ 'ਤੇ ਚਪੇੜ ਮਾਰ ਦਿੱਤੀ, ਜਿਸ 'ਤੇ ਉਸ ਦੇ ਪਤੀ ਨੇ ਉਸ ਨੂੰ ਡਾਂਟ ਦਿੱਤਾ, ਇਸੇ ਗੱਲ ਨੂੰ ਲੈ ਕੇ ਸੰਨੀ ਅਤੇ ਅਰਚਨਾ 'ਚ ਬਹਿਸ ਹੋ ਗਈ ਅਤੇ ਅਰਚਨਾ ਨੇ ਗੁੱਸੇ 'ਚ ਆ ਕੇ ਇਹ ਖੌਫਨਾਕ ਕਦਮ ਚੁੱਕ ਲਿਆ। ਉੱਧਰ ਪੁਲਸ ਵੱਲੋਂ ਮ੍ਰਿਤਕਾ ਦੇ ਮਾਪਿਆਂ ਨੂੰ ਸੂਚਿਤ ਕੀਤਾ ਗਿਆ, ਜਿਨ੍ਹਾਂ ਨੇ ਆਪਣੀ ਧੀ ਨਾਲ ਕੁੱਟ-ਮਾਰ ਦੀ ਸ਼ਿਕਾਇਤ ਦਿੱਤੀ। ਇਸ ਸਬੰਧ 'ਚ ਸਾਹਨੇਵਾਲ ਪੁਲਸ ਨੇ ਕਿਹਾ ਕਿ ਮ੍ਰਿਤਕਾ ਦੀ ਲਾਸ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ ਤੇ ਰਿਪੋਰਟ ਆਉਣ ਤੋਂ ਬਾਅਦ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

## ਟਰਾਂਸਪੋਰਟ ਵਿਭਾਗ ਦਾ 400 ਕਰੋੜ ਦਾ ਲੋਨ ਘਪਲਾ, ਮਹਿੰਗੇ ਵਿਆਜ ਨਾਲ 79 ਲੱਖ ਦਾ ਚੂਨਾ

**ਏਜੰਸੀਆਂ**

ਜਲੰਧਰ 9 ਫਰਵਰੀ। ਪੰਜਾਬ ਦੇ ਟਰਾਂਸਪੋਰਟ ਵਿਭਾਗ 'ਚ ਕਰੋੜਾਂ ਦਾ ਲੋਨ ਘਪਲਾ ਬਾਹਰ ਆਉਣ ਲਈ ਤਿਆਰ ਹੈ। ਵਿਭਾਗ ਨੇ 400 ਕਰੋੜ




ਰੁਪਏ ਦਾ ਕਰਜਾ ਜਾਣ-ਬੁੱਝ ਕੇ ਮਹਿੰਗੀ ਵਿਆਜ ਦਰ 'ਤੇ ਲਿਆ, ਜਿਸ ਨਾਲ ਵਿਭਾਗ ਨੂੰ 79 ਲੱਖ ਰੁਪਏ ਦਾ ਸਿੱਧਾ ਨੁਕਸਾਨ ਹੋਇਆ। ਗੰਭੀਰ ਗੱਲ ਇਹ ਵੀ ਸੀ ਕਿ ਵਿਭਾਗ ਦੇ ਹੈੱਡਕੁਆਰਟਰ ਵੱਲੋਂ ਇਸ ਕਰਜੇ 'ਤੇ ਸਹਿਮਤੀ ਦੇਣੀ ਤਾਂ ਦੂਰ ਦੀ ਗੱਲ, ਸਗੋਂ ਆਪਣੀ ਰਾਏ ਦੇਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਦਿਲਚਸਪ ਗੱਲ ਇਹ ਵੀ ਹੈ ਕਿ ਪਨਬੱਸ ਦੇ ਨਾਂ 'ਤੇ ਲਏ ਗਏ ਇਸ ਕਰਜੇ ਦੀ ਕਰੋੜਾਂ ਦੀ ਰਕਮ ਪੀ. ਆਰ. ਟੀ. ਸੀ. 'ਚ ਖਰਚ ਕੀਤੀ ਗਈ, ਜਿਸ ਦਾ ਵੱਖਰੇ ਤੌਰ 'ਤੇ ਲੈਣ-ਦੇਣ ਹੈ ਅਤੇ ਪਨਬੱਸ ਨਾਲ ਕੋਈ ਲੈਣਾ-ਦੇਣਾ ਨਹੀਂ। ਸੂਤਰ ਦੱਸਦੇ ਹਨ ਕਿ ਪਿਛਲੀ ਕਾਂਗਰਸ ਸਰਕਾਰ 'ਚ ਹੋਏ ਇਸ ਘਪਲੇ ਦੀਆਂ ਫਾਈਲਾਂ ਹੁਣ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। 400 ਕਰੋੜ ਰੁਪਏ ਦਾ ਇਹ ਕਰਜਾ 2021 'ਚ ਲਿਆ ਗਿਆ ਸੀ। ਪਹਿਲਾਂ ਇਹ ਬੈਂਕ ਕਰਜਾ ਕੇਨਰਾ ਬੈਂਕ ਤੋਂ ਲੈਣ ਦਾ ਫੈਸਲਾ ਹੋਇਆ ਸੀ। ਕੇਨਰਾ ਬੈਂਕ ਨੇ ਲਿਖਤੀ ਤੌਰ 'ਤੇ ਇਹ ਕਰਜਾ 6.95 ਫੀਸਦੀ ਦੀ ਦਰ ਨਾਲ ਦੇਣਾ ਤੈਅ ਕੀਤਾ ਸੀ। ਕੇਨਰਾ ਬੈਂਕ ਦੀ ਪ੍ਰੋਸੈੱਸਿੰਗ ਫੀਸ 3.69 ਕਰੋੜ ਰੁਪਏ ਸੀ ਪਰ ਪਨਬੱਸ ਨੇ ਇਹ ਗੱਲ ਲਿਖਤੀ ਰੂਪ 'ਚ ਦਿੱਤੀ ਸੀ ਕਿ ਉਹ ਇਸ ਪ੍ਰੋਸੈਸਿੰਗ ਫੀਸ ਦਾ ਭੁਗਤਾਨ ਕਰਨ 'ਚ ਅਸਮਰੱਥ ਹੈ ਕਿਉਂਕਿ ਉਸ ਦੀ ਵਿੱਤੀ ਹਾਲਤ ਠੀਕ ਨਹੀਂ। ਹਾਲਾਂਕਿ ਪ੍ਰੋਸੈਸਿੰਗ ਫੀਸ ਦੀ ਇਹ ਰਕਮ ਕਰਜੇ ਦੀ ਰਕਮ ਵਿਚੋਂ ਵੀ ਅਦਾ ਕੀਤੀ ਜਾ ਸਕਦੀ ਸੀ ਪਰ ਪਨਬੱਸ ਦੇ ਐੱਮ. ਡੀ. ਵਲੋਂ ਇਹ ਕਰਜਾ ਇੰਡੀਅਨ ਬੈਂਕ ਦੀ ਹੁਸ਼ਿਆਰਪੁਰ ਦੇ ਮਾਡਲ ਟਾਊਨ ਦੀ ਬ੍ਰਾਂਚ ਤੋਂ ਲਿਆ ਗਿਆ ਅਤੇ ਉਹ ਵੀ 7.09 ਫੀਸਦੀ ਦੀ ਦਰ 'ਤੇ। ਨਾਲ ਹੀ ਬੈਂਕ ਨੇ ਇਹ ਸ਼ਰਤ ਵੀ ਜੋੜ ਦਿੱਤੀ ਕਿ ਜੇ ਸਮੇਂ 'ਤੇ ਕਿਸ਼ਤ ਅਦਾ ਨਾ ਕੀਤੀ ਗਈ ਤਾਂ 2 ਫੀਸਦੀ ਵਾਧੂ ਵਿਆਜ ਲੱਗੇਗਾ। ਸਿਰਫ ਵਿਆਜ ਦਰ 'ਚ ਫਰਕ ਨਾਲ ਹੀ 79 ਕਰੋੜ ਰੁਪਏ ਦਾ ਫਰਕ ਆ ਗਿਆ ਪਰ ਇਸ ਦੇ ਲਈ ਵਿਆਜ ਦਰ ਘੱਟ ਕਰਨ ਦਾ ਨਾ ਤਾਂ ਕੋਈ ਯਤਨ ਕੀਤਾ ਗਿਆ ਅਤੇ ਨਾ ਹੀ ਬੈਂਕ ਨਾਲ ਕੋਈ ਪੱਤਰ-ਵਿਹਾਰ ਕੀਤਾ ਗਿਆ। ਹਾਲਾਂਕਿ ਇਸ ਗੱਲ ਲਈ ਸਰਕਾਰ ਤੋਂ ਪ੍ਰਵਾਨਗੀ ਲੈਣੀ ਜਰੂਰੀ ਸੀ ਪਰ 3 ਵੱਡੇ ਸਬੰਧਤ ਅਫਸਰਾਂ ਨੇ ਬਿਨਾਂ ਕਿਸੇ ਪ੍ਰਵਾਨਗੀ ਦੇ ਇਹ ਕਰਜਾ ਲੈ ਲਿਆ। ਸੂਚਨਾ ਦੇ ਅਧਿਕਾਰ ਤਹਿਤ ਵੀ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਕਿ ਇਸ ਕਰਜੇ ਦੀ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਕਿੰਨੀ ਅਜੇ ਬਾਕੀ ਹੈ ਪਰ ਸਰਕਾਰ ਦੀਆਂ ਨਜਰਾਂ ਵਿਚ ਆਉਣ ਨਾਲ ਇਸ ਮਾਮਲੇ ਨੂੰ ਖੋਲ੍ਹਣ ਦੀ ਤਿਆਰੀ ਸ਼ੁਰੂ ਹੋ ਗਈ ਹੈ।

# ਪੰਜਾਬ ਪੁਲਸ ਦੀ ਸਾਬਕਾ ਡੀ. ਐੱਸ. ਪੀ. ਰਾਕਾ ਗੇਰਾ ਦੋਸ਼ੀ ਕਰਾਰ

**ਏਜੰਸੀਆਂ**

ਚੰਡੀਗੜ੍ਹ 9 ਫਰਵਰੀ। ਪੰਜਾਬ ਪੁਲਸ ਦੀ ਸਾਬਕਾ ਡੀ. ਐੱਸ. ਪੀ. ਰਾਕਾ ਗੇਰਾ ਨਾਲ ਜੁੜੇ ਇਕ ਲੱਖ



ਰੁਪਏ ਦੇ ਚਰਚਿਤ ਰਿਸ਼ਵਤਕਾਂਡ ਮਾਮਲੇ ਵਿਚ ਸੋਮਵਾਰ ਸੁਣਵਾਈ ਹੋਈ। ਮਾਮਲੇ ਦੀ ਸੁਣਵਾਈ ਕਰਦਿਆਂ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਮੁਲਜ਼ਮ ਸਾਬਕਾ ਡੀ. ਐੱਸ. ਪੀ. ਰਾਕਾ ਗੇਰਾ 'ਤੇ ਲਾਏ ਗਏ ਰਿਸ਼ਵਤ ਦੇ ਦੋਸ਼ਾਂ ਦੇ ਸਹੀ ਸਾਬਤ ਹੋਣ 'ਤੇ ਉਸਨੂੰ ਮੁਲਜ਼ਮ ਕਰਾਰ ਦਿੱਤਾ ਹੈ, ਜਿਸ ਤੋਂ ਬਾਅਦ ਅਦਾਲਤ ਪਹੁੰਚੀ ਸਾਬਕਾ ਡੀ. ਐੱਸ. ਪੀ. ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਰਾਕਾ ਗੇਰਾ ਦੀ ਸਜ਼ਾ 'ਤੇ ਅਦਾਲਤ 9 ਫਰਵਰੀ ਨੂੰ ਫੈਸਲਾ ਸੁਣਾਏਗੀ। 2011 ਵਿਚ ਦਰਜ ਮਾਮਲੇ ਤਹਿਤ ਮੁੱਲਾਂਪੁਰ ਦੇ ਇਕ ਬਿਲਡਰ ਨੇ ਉਸ 'ਤੇ ਰਿਸ਼ਵਤ ਲੈਣ ਦਾ ਦੋਸ਼ ਲਾਇਆ ਸੀ, ਜਿਸ ਤੋਂ ਬਾਅਦ ਸੀ. ਬੀ. ਆਈ. ਨੇ ਟ੍ਰੈਪ ਲਾ ਕੇ ਮੁਲਜ਼ਮ ਕਰਾਰ ਦਿੱਤੀ ਗਈ ਰਾਕਾ ਗੇਰਾ ਨੂੰ ਭ੍ਰਿਸ਼ਟਾਚਾਰ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਦੇ ਹੋਏ ਗ੍ਰਿਫਤਾਰ ਕੀਤਾ ਸੀ। ਉਦੋਂ ਤੋਂ ਹੀ ਉਸਦੇ ਖ਼ਿਲਾਫ ਇਹ ਕੇਸ ਚੰਡੀਗੜ੍ਹ ਦੀ ਅਦਾਲਤ ਵਿਚ ਚੱਲ ਰਿਹਾ ਸੀ। ਹਾਲਾਂਕਿ ਲਗਭਗ 5 ਸਾਲ ਤਕ ਇਸ ਕੇਸ ਦੇ ਟ੍ਰਾਇਲ 'ਤੇ ਪੰਜਾਬ-ਹਰਿਆਣਾ ਹਾਈਕੋਰਟ ਨੇ ਰੋਕ ਲਾ ਦਿੱਤੀ ਸੀ ਪਰ ਅਗਸਤ 2023 ਵਿਚ ਰੋਕ ਹਟਾ ਦਿੱਤੀ ਗਈ ਅਤੇ ਫਿਰ ਲਗਾਤਾਰ ਇਸ ਕੇਸ ਦਾ ਮੁਕੱਦਮਾ ਚੱਲਦਾ ਰਿਹਾ। 13 ਸਾਲ ਪਹਿਲਾਂ ਸੀ. ਬੀ. ਆਈ. ਚੰਡੀਗੜ੍ਹ ਨੇ ਉਸਨੂੰ ਸੈਕਟਰ-15 ਸਥਿਤ ਕੋਠੀ ਤੋਂ ਗ੍ਰਿਫ਼ਤਾਰ ਕੀਤਾ ਸੀ ਪਰ ਇਸ ਮਾਮਲੇ ਦੀ ਸੁਣਵਾਈ ਦੌਰਾਨ ਰਾਕਾ ਗੇਰਾ ਖ਼ਿਲਾਫ ਸ਼ਿਕਾਇਤ ਦੇਣ ਵਾਲਾ ਬਿਲਡਰ ਅਦਾਲਤ ਵਿਚ ਬਿਆਨਾਂ ਤੋਂ ਮੁੱਕਰ ਗਿਆ। ਅਦਾਲਤ ਵਿਚ ਹੋਈ ਬਹਿਸ ਦੌਰਾਨ ਸੀ. ਬੀ. ਆਈ. ਦੇ ਸਰਕਾਰੀ ਵਕੀਲ ਨਰਿੰਦਰ ਸਿੰਘ ਨੇ ਕਿਹਾ ਕਿ ਜਾਂਚ ਏਜੰਸੀ ਕੋਲ ਰਾਕਾ ਗੇਰਾ ਖ਼ਿਲਾਫ਼ ਕਾਫ਼ੀ ਸਬੂਤ ਹਨ। ਸੀ. ਬੀ. ਆਈ. ਕੋਲ ਮੁਲਜ਼ਮ ਰਾਕਾ ਗੇਰਾ ਵਲੋਂ ਰਿਸ਼ਵਤ ਮੰਗਣ ਸਬੰਧੀ ਸ਼ਿਕਾਇਤਕਰਤਾ ਨਾਲ ਕੀਤੀ ਗਈ ਗੱਲਬਾਤ ਦੀ ਟ੍ਰਾਂਸਕ੍ਰਿਪਟ ਅਤੇ ਫੁਟੇਜ ਵੀ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਉਸ ਨੇ ਰਿਸ਼ਵਤ ਮੰਗੀ ਸੀ। ਮੋਹਾਲੀ ਦੇ ਮੁੱਲਾਂਪੁਰ ਵਾਸੀ ਬਿਲਡਰ ਕੇ. ਕੇ. ਮਲਹੋਤਰਾ ਦੀ ਸ਼ਿਕਾਇਤ 'ਤੇ ਸੀ. ਬੀ. ਆਈ. ਨੇ 25 ਜੁਲਾਈ 2011 ਨੂੰ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰਾਕਾ ਗੇਰਾ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਦੌਰਾਨ ਸੀ. ਬੀ. ਆਈ. ਨੇ ਰਾਕਾ ਗੇਰਾ ਦੀ ਸੈਕਟਰ-15 ਸਥਿਤ ਘਰ 'ਤੇ ਵੀ ਰੇਡ ਕੀਤੀ ਸੀ। ਸੀ. ਬੀ. ਆਈ. ਨੇ ਉਸ ਦੇ ਘਰੋਂ ਭਾਰੀ ਮਾਤਰਾ ਵਿਚ ਨਕਦੀ, ਸ਼ਰਾਬ ਦੀਆਂ 53 ਬੋਤਲਾਂ ਤੋਂ ਇਲਾਵਾ ਤਲਾਸ਼ੀ ਦੌਰਾਨ ਏ. ਕੇ.-47 ਦੇ ਕਾਰਤੂਸ, 32 ਬੋਰ ਦਾ ਜਰਮਨ ਮੇਡ ਰਿਵਾਲਵਰ, ਇਕ ਡਬਲ ਬੈਰਲ ਗੰਨ ਅਤੇ ਵੱਡੀ ਗਿਣਤੀ ਵਿਚ ਹਥਿਆਰ ਤੇ ਕਾਰਤੂਸ ਬਰਾਮਦ ਹੋਣ ਦਾ ਦਾਅਵਾ ਕੀਤਾ ਸੀ। ਉਦੋਂ ਰਾਕਾ ਗੇਰਾ ਖ਼ਿਲਾਫ਼ ਚੰਡੀਗੜ੍ਹ ਦੇ ਸੈਕਟਰ-11 ਥਾਣੇ ਵਿਚ ਆਰਮਜ਼ ਐਕਟ ਸਮੇਤ ਹੋਰ ਧਾਰਾਵਾਂ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਪੁਲਸ ਵਲੋਂ ਆਰਮਜ਼ ਐਕਟ ਤਹਿਤ ਦਰਜ ਕੀਤੇ ਇਸ ਕੇਸ ਵਿਚ ਰਾਕਾ ਗੇਰਾ ਨੂੰ 2017 ਵਿਚ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਨੇ ਇਕ ਸਾਲ ਦੀ ਸਜ਼ਾ ਸੁਣਾਈ ਸੀ। ਹਾਲਾਂਕਿ ਉਸ ਨੇ ਸਜ਼ਾ ਖ਼ਿਲਾਫ ਸੈਸ਼ਨ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ, ਜਿਸ 'ਤੇ ਸੁਣਵਾਈ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਨੇ 2019 ਵਿਚ ਉਸ ਨੂੰ ਦੋਸ਼ਮੁਕਤ ਕਰਾਰ ਦਿੰਦਿਆਂ ਬਰੀ ਕਰ ਦਿੱਤਾ ਸੀ।

## ਬਾਬਾ ਰਾਮਦੇਵ ਖਰੀਦਣਗੇ ਇਹ ਸਾਫਟਵੇਅਰ ਕੰਪਨੀ ! ਪਤੰਜਲੀ ਨੇ 830 ਕਰੋੜ ਰੁਪਏ ਦੀ ਕੀਤੀ ਪੇਸਕਸ

**ਏਜੰਸੀਆਂ**

ਨਵੀਂ ਦਿੱਲੀ 9 ਫਰਵਰੀ। ਯੋਗਗੁਰੂ ਬਾਬਾ ਰਾਮਦੇਵ ਹੁਣ ਐਫਐਮਸੀਜੀ ਸੈਕਟਰ ਤੋਂ ਬਾਅਦ ਇੱਕ ਹੋਰ ਕਾਰੋਬਾਰ ਵਿੱਚ ਹੱਥ ਅਜਮਾਉਣ ਦੀ ਤਿਆਰੀ ਕਰ ਰਹੇ ਹਨ। ਪਤੰਜਲੀ ਆਯੁਰਵੇਦ ਸਾਫਟਵੇਅਰ ਦੇ ਖੇਤਰ 'ਚ ਪ੍ਰਵੇਸ ਕਰਨ ਦੀ ਤਿਆਰੀ ਕਰ ਰਹੀ ਹੈ। ਕੰਪਨੀ ਇਸ ਲਈ ਕਰੋੜਾਂ ਰੁਪਏ ਖਰਚਣ ਲਈ ਤਿਆਰ ਹੈ। ਇਕ ਰਿਪੋਰਟ ਮੁਤਾਬਕ ਪਤੰਜਲੀ ਆਯੁਰਵੇਦ ਕਰਜੇ 'ਚ ਡੁੱਬੀ ਸਾਫਟਵੇਅਰ ਕੰਪਨੀ ਰੋਲਟਾ ਇੰਡੀਆ ਨੂੰ ਖਰੀਦਣ 'ਚ ਦਿਲਚਸਪੀ ਦਿਖਾ ਰਹੀ ਹੈ। ਇਸ ਦੇ ਲਈ ਪਤੰਜਲੀ ਆਯੁਰਵੇਦ ਨੇ ਕਰੀਬ 830 ਕਰੋੜ ਰੁਪਏ ਦਾ ਆਫਰ ਪੇਸ ਕੀਤਾ ਹੈ। ਪਤੰਜਲੀ ਦਾ ਇਹ ਆਫਰ ਆਲ-ਕੈਸ ਆਫਰ ਹੈ। ਜੇਕਰ ਪਤੰਜਲੀ ਦੀ ਪੇਸਕਸ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਤੋਂ ਬਾਅਦ ਸਾਫਟਵੇਅਰ ਖੇਤਰ 'ਚ ਇਸ ਦੇ ਦਾਖਲੇ ਲਈ ਰਸਤਾ ਸਾਫ ਹੋ ਜਾਵੇਗਾ। ਪਤੰਜਲੀ ਨੇ ਇਹ ਪੇਸਕਸ ਅਜਿਹੇ ਸਮੇਂ 'ਚ ਪੇਸ ਕੀਤੀ ਹੈ ਜਦੋਂ ਪਿਛਲੇ ਹਫਤੇ ਨੂੰ ਕਰਜ ਦੇਣ ਵਾਲੇ ਬੈਂਕਾਂ ਨੇ ਸਭ ਤੋਂ ਉੱਚੀ ਬੋਲੀ ਦੇਣ ਵਾਲਾ ਐਲਾਨ ਕੀਤਾ ਹੈ। ਪਤੰਜਲੀ ਨੇ  ਦੀ ਮੁੰਬਈ ਬੈਂਚ ਨੂੰ ਆਪਣੀ ਪੇਸਕਸ 'ਤੇ ਵਿਚਾਰ ਕਰਨ ਦੀ



ਅਪੀਲ ਕੀਤੀ, ਜਿਸ ਦਾ  ਨੇ ਵਿਰੋਧ ਕੀਤਾ। ਦੋਵਾਂ ਪੱਖਾਂ ਨੂੰ ਸੁਣਨ ਤੋਂ ਬਾਅਦ,  ਨੇ ਫੈਸਲਾ ਲੈਣਦਾਰਾਂ ਦੀ ਕਮੇਟੀ 'ਤੇ ਛੱਡ ਦਿੱਤਾ ਹੈ। ਰਿਪੋਰਟ 'ਚ ਸੂਤਰਾਂ ਦੇ ਹਵਾਲੇ ਤੋਂ ਕਿਹਾ ਗਿਆ ਹੈ ਕਿ ਕਰਜਦਾਰਾਂ ਦੀ ਕਮੇਟੀ ਪਤੰਜਲੀ ਦੀ ਪੇਸਕਸ 'ਤੇ ਵਿਚਾਰ ਕਰਨ ਬਾਰੇ ਕਾਨੂੰਨੀ ਰਾਏ ਲੈ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪਤੰਜਲੀ ਦਾ ਇਹ ਆਫਰ ਰਿਣਦਾਤਾਵਾਂ ਲਈ ਮੌਜੂਦਾ ਆਫਰ ਤੋਂ ਵੱਡਾ ਅਤੇ ਬਿਹਤਰ ਹੈ। ਅਜਿਹੇ 'ਚ ਪਤੰਜਲੀ ਦੀ ਪੇਸਕਸ 'ਤੇ ਵਿਚਾਰ ਕਰਨਾ ਅਤੇ ਸਵੀਕਾਰ ਕਰਨਾ ਕਰਜ ਦੇਣ ਵਾਲੇ ਬੈਂਕਾਂ ਲਈ ਲਾਭਦਾਇਕ ਸੌਦਾ ਸਾਬਤ ਹੋ ਸਕਦਾ ਹੈ। ਰੋਲਟਾ ਇੰਡੀਆ ਇੱਕ ਸਾਫਟਵੇਅਰ ਕੰਪਨੀ ਹੈ, ਜੋ ਰੱਖਿਆ ਖੇਤਰ ਨਾਲ ਸਬੰਧਤ ਤਕਨੀਕੀ ਸੇਵਾਵਾਂ 'ਤੇ ਧਿਆਨ ਕੇਂਦਰਿਤ ਕਰਦੀ ਹੈ। ਕੰਪਨੀ 'ਤੇ ਯੂਨੀਅਨ ਬੈਂਕ ਆਫ ਇੰਡੀਆ ਦਾ 7,100 ਕਰੋੜ ਰੁਪਏ ਬਕਾਇਆ ਹੈ। ਇਸ ਤੋਂ ਇਲਾਵਾ ਸਿਟੀਗਰੁੱਪ ਸਮੇਤ ਵਿਦੇਸੀ ਬਾਂਡਧਾਰਕਾਂ ਤੋਂ ਵੀ 6,699 ਕਰੋੜ ਰੁਪਏ ਬਕਾਇਆ ਹਨ। ਇਸ ਤਰ੍ਹਾਂ ਰੋਲਟਾ ਇੰਡੀਆ ਦਾ ਕੁੱਲ ਕਰਜਾ ਲਗਭਗ 14 ਹਜਾਰ ਕਰੋੜ ਰੁਪਏ ਬਣਦਾ ਹੈ।

## ਲੁਧਿਆਣਾ ਵਾਸੀਆਂ ਲਈ ਚੰਗੀ ਖਬਰ, 10 ਤਾਰੀਖ ਨੂੰ ਮਿਲਣ ਵਾਲੀ ਹੈ ਵੱਡੀ ਰਾਹਤ

ਲੁਧਿਆਣਾ 9 ਫਰਵਰੀ। ਐਲੀਵੇਟਿਡ ਰੋਡ ਦਾ ਅੱਧ-ਵਿਚਾਲੇ ਲਟਕਿਆ ਪ੍ਰਾਜੈਕਟ ਫਾਈਨਲ ਸਟੇਜ 'ਤੇ ਪੁੱਜ ਗਿਆ ਹੈ। ਇਸ ਦੇ ਤਹਿਤ ਭਾਰਤ ਨਗਰ ਚੌਂਕ ਤੋਂ ਬੱਸ ਸਟੈਂਡ ਵੱਲ ਜਾਣ ਵਾਲੇ ਫਲਾਈਓਵਰ 'ਤੇ ਸੜਕ ਦਾ ਨਿਰਮਾਣ ਸ਼ੁਰੂ ਹੋ ਗਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਨੈਸ਼ਨਲ ਹਾਈਵੇਅ ਅਥਾਰਟੀ ਵਲੋਂ ਐਲੀਵੇਟਿਡ ਰੋਡ ਦੇ ਪ੍ਰਾਜੈਕਟ ਨੂੰ ਫੇਜ ਵਾਈਜ ਚਾਲੂ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਪਹਿਲਾਂ ਫਿਰੋਜ਼ਪੁਰ ਰੋਡ ਤੋਂ ਨਹਿਰ ਤੱਕ ਫਿਰ ਭਾਈਬਾਲਾ ਚੌਂਕ ਤੱਕ ਦੇ ਹਿੱਸੇ ਨੂੰ ਵਾਹਨਾਂ ਦੀ ਆਵਾਜਾਈ ਲਈ ਖੋਲ੍ਹਿਆ ਗਿਆ ਹੈ। ਭਾਵੇਂ ਭਾਈ ਬਾਲਾ ਚੌਂਕ ਤੋਂ ਅੱਗੇ ਜਗਰਾਓਂ ਪੁਲ ਵੱਲ ਜਾਣ ਵਾਲੇ ਫਲਾਈਓਵਰ ਨੂੰ ਵੀ ਦੀਵਾਲੀ ਤੋਂ ਪਹਿਲਾਂ ਚਾਲੂ ਕਰ ਦਿੱਤਾ ਗਿਆ ਸੀ ਪਰ ਭਾਰਤ ਨਗਰ ਚੌਂਕ ਤੋਂ ਬੱਸ ਸਟੈਂਡ ਵੱਲ ਜਾਣ ਵਾਲੇ ਫਲਾਈਓਵਰ ਦਾ ਨਿਰਮਾਣ ਕਾਫੀ ਦੇਰ ਤੋਂ ਅੱਧ-ਵਿਚਾਲੇ ਲਟਕਿਆ ਹੋਇਆ ਹੈ। ਭਾਵੇਂ ਇਸ ਪਲਾਂਟ ਨੂੰ 26 ਜਨਵਰੀ ਨੂੰ ਮੁਕੰਮਲ ਕਰਨ ਦਾ ਟਾਰਗੈੱਟ ਰੱਖਿਆ ਗਿਆ ਸੀ ਪਰ ਘੱਟ ਤਾਪਮਾਨ ਦੌਰਾਨ ਸੜਕ ਨਾ ਬਣਨ ਕਾਰਨ ਇਹ ਟਾਰਗੈੱਟ ਪੂਰਾ ਨਹੀਂ ਹੋ ਸਕਿਆ। ਹੁਣ ਧੁੱਪ ਨਿਕਲਣ ਦੇ ਕੁੱਝ ਦਿਨ ਬਾਅਦ ਸੜਕ 'ਤੇ ਪ੍ਰੀਮਿਕਸ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ 10 ਫਰਵਰੀ ਨੂੰ ਭਾਰਤ ਨਗਰ ਚੌਂਕ ਤੋਂ ਬੱਸ ਸਟੈਂਡ ਵੱਲ ਜਾਣ ਵਾਲੇ ਫਲਾਈਓਵਰ ਦਾ ਟ੍ਰੈਫਿਕ ਲਈ ਖੋਲ੍ਹਣ ਦੀ ਗੱਲ ਕਹੀ ਜਾ ਰਹੀ ਹੈ। ਐਲੀਵੇਟਿਡ ਰੋਡ ਦਾ ਪ੍ਰਾਜੈਕਟ ਪੂਰਾ ਹੋਣ ਤੋਂ ਪਹਿਲਾਂ ਉਸ ਵਿਚ ਤਕਨੀਕੀ ਖਾਮੀਆਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜਿਸ ਵਿਚ ਭਾਰਤ ਨਗਰ ਚੌਂਕ ਦੇ ਡਿਜਾਈਨ ਦਾ ਪਹਿਲੂ ਮੁੱਖ ਰੂਪ 'ਚ ਸ਼ਾਮਲ ਹੈ, ਜਿੱਥੇ ਟ੍ਰੈਫਿਕ ਜਾਮ ਦੀ ਸਮੱਸਿਆ ਆ ਰਹੀ ਹੈ। ਇਸ ਦੇ ਮੱਦੇਨਜ਼ਰ ਰੋਡ ਸੇਫਟੀ ਐਡਵਾਈਜਰ ਨਵਦੀਪ ਅਮੀਜਾ ਵੱਲੋਂ ਮੰਗਲਵਾਰ ਨੂੰ ਸਾਈਟ ਵਿਜ਼ਿਟ ਕੀਤੀ ਗਈ, ਉਨ੍ਹਾਂ ਨਾਲ ਐੱਨ. ਐੱਚ. ਏ. ਆਈ. ਦੇ ਪ੍ਰਾਜੈਕਟ ਡਾਇਰੈਕਟਰ ਅਸ਼ੋਕ ਕੁਮਾਰ, ਏ. ਡੀ. ਸੀ. ਪੀ. ਗੁਰਪ੍ਰੀਤ ਪੁਰੇਵਾਲ ਅਤੇ ਐੱਨ. ਜੀ. ਓ. ਰਾਹੁਲ ਵਰਮਾ ਮੌਜੂਦ ਸਨ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਚੌਂਕ ਦੇ ਚਾਰੇ ਪਾਸੇ ਸੜਕਾਂ ਦੀ ਚੌੜਾਈ ਇਕ ਬਰਾਬਰ ਨਹੀਂ ਹੈ, ਜਿਸ ਨਾਲ ਵਾਹਨਾਂ ਦੀ ਆਵਾਜਾਈ 'ਚ ਸਮੱਸਿਆ ਆ ਰਹੀ ਹੈ, ਜਿਸ ਦੇ ਮੱਦੇਨਜ਼ਰ ਡਿਜਾਈਨ 'ਚ ਬਦਲਾਅ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ ਪਰ ਇਸ ਦਾ ਫੈਸਲਾ ਭਾਰਤ ਨਗਰ ਚੌਂਕ ਤੋਂ ਬੱਸ ਸਟੈਂਡ ਵੱਲ ਜਾਣ ਵਾਲੇ ਫਲਾਈਓਵਰ ਦੇ ਚਾਲੂ ਹੋਣ ਤੋਂ ਬਾਅਦ ਵਾਹਨਾਂ ਦੇ ਲੋਡ ਦੇ ਹਿਸਾਬ ਨਾਲ ਕੀਤਾ ਜਾਵੇਗਾ।

# ਪੈਟਰੋਲੀਅਮ ਕੰਪਨੀਆਂ ਕਰਨਗੀਆਂ 1.2 ਲੱਖ ਕਰੋੜ ਰੁਪਏ ਦਾ ਨਿਵੇਸ

**ਸਰਦੂਲ ਸਿੰਘ**

ਨਵੀਂ ਦਿੱਲੀ 9 ਫਰਵਰੀ। ਤੇਲ ਅਤੇ ਕੁਦਰਤੀ ਗੈਸ ਨਿਗਮ (ਓ. ਐੱਨ. ਜੀ. ਸੀ.) ਅਤੇ ਇੰਡੀਅਨ ਆਇਲ ਕਾਰਪੋਰੇਸਨ (ਆਈ. ਓ. ਸੀ.) ਸਮੇਤ ਜਨਤਕ ਖੇਤਰ ਦੀਆਂ ਪੈਟਰੋਲੀਅਮ ਕੰਪਨੀਆਂ ਅਪ੍ਰੈਲ ਤੋਂ ਸੁਰੂ ਹੋਣ ਵਾਲੇ ਨਵੇਂ ਵਿੱਤੀ ਸਾਲ 'ਚ ਲਗਭਗ 1.2 ਲੱਖ ਕਰੋੜ ਰੁਪਏ ਦਾ ਨਿਵੇਸ ਕਰਨਗੀਆਂ। ਜਨਤਕ ਖੇਤਰ ਦੀਆਂ ਪੈਟਰੋਲੀਅਮ ਕੰਪਨੀਆਂ ਮੁੱਖ ਤੌਰ 'ਤੇ ਤੇਲ ਅਤੇ ਗੈਸ ਦੀ ਖੋਜ, ਰਿਫਾਇਨਰੀ, ਪੈਟਰੋਕੈਮੀਕਲ ਅਤੇ ਪਾਈਪਲਾਈਨ ਕਾਰੋਬਾਰ 'ਚ ਇਹ ਨਿਵੇਸ ਕਰਨਗੀਆਂ, ਜਿਸ ਨਾਲ ਦੇਸ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ 'ਚ ਮਦਦ ਮਿਲੇਗੀ। ਬਜਟ ਦਸਤਾਵੇਜ 2024-25 ਅਨੁਸਾਰ, 2024-25 'ਚ ਪ੍ਰਸਤਾਵਿਤ ਨਿਵੇਸ 31 ਮਾਰਚ ਨੂੰ ਖਤਮ ਹੋਣ ਵਾਲੇ ਮੌਜੂਦਾ ਵਿੱਤੀ ਸਾਲ ਨਾਲੋਂ ਲਗਭਗ 5 ਫੀਸਦੀ ਵੱਧ ਹੋਵੇਗਾ। 2023-24 'ਚ ਪੈਟਰੋਲੀਅਮ ਕੰਪਨੀਆਂ ਦਾ ਨਿਵੇਸ 1.12 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਓ. ਐੱਨ. ਜੀ. ਸੀ. ਨੇ ਅਗਲੇ ਵਿੱਤੀ ਸਾਲ 'ਚ 30,800 ਕਰੋੜ ਰੁਪਏ ਦੇ ਪੂੰਜੀ ਖਰਚ ਦੀ ਯੋਜਨਾ ਬਣਾਈ ਹੈ। ਇਹ 2023-24 ਦੇ 30,500 ਕਰੋੜ ਰੁਪਏ ਦੇ ਪੂੰਜੀਗਤ ਖਰਚ ਤੋਂ ਥੋੜ੍ਹਾ ਵੱਧ ਹੈ। ਕੰਪਨੀ ਦੇਸ ਦੇ ਪੂਰਬੀ ਅਤੇ ਪੱਛਮੀ ਤੱਟਾਂ 'ਤੇ ਖੋਜਾਂ ਦਾ ਵਿਕਾਸ ਕਰ ਰਹੀ ਹੈ। ਇਸੇ ਤਰ੍ਹਾਂ ਓ. ਐੱਨ. ਜੀ. ਸੀ. ਦੀ ਵਿਦੇਸੀ ਇਕਾਈ ਓ. ਐੱਨ. ਜੀ. ਸੀ. ਵਿਦੇਸ਼ ਲਿਮਟਿਡ (ਓ. ਵੀ. ਐੱਲ.) 2024-25 'ਚ 5,580 ਕਰੋੜ ਰੁਪਏ ਦਾ ਨਿਵੇਸ ਕਰੇਗੀ। ਇਹ ਚਾਲੂ ਵਿੱਤੀ ਸਾਲ ਨਾਲੋਂ 68 ਫੀਸਦੀ ਜ਼ਿਆਦਾ ਹੈ। ਭਾਰਤ ਪੈਟਰੋਲੀਅਮ ਕਾਰਪੋਰੇਸਨ ਲਿਮਟਿਡ (ਬੀ. ਪੀ. ਸੀ. ਐੱਲ.) ਨੇ 2024-25 'ਚ 30 ਫੀਸਦੀ ਹੋਰ ਪੂੰਜੀ ਭਾਵ 13,000 ਕਰੋੜ ਰੁਪਏ ਦਾ ਪ੍ਰਸਤਾਵ ਕੀਤਾ ਹੈ। ਗੈਸ ਕੰਪਨੀ ਗੇਲ ਇੰਡੀਆ ਲਿਮਟਿਡ ਦਾ ਯੋਜਨਾਬੱਧ ਨਿਵੇਸ 2024-25 'ਚ ਘਟ ਕੇ 8,000 ਕਰੋੜ ਰੁਪਏ ਤੋਂ ਥੋੜ੍ਹਾ ਵੱਧ ਰਹਿਣ ਦਾ ਅਨੁਮਾਨ ਹੈ। ਓ. ਐੱਨ. ਜੀ. ਸੀ. ਦੀ ਸਹਾਇਕ ਕੰਪਨੀ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸਨ ਲਿਮਟਿਡ (ਐੱਚ . ਪੀ. ਸੀ. ਐੱਲ) ਵਿੱਤੀ ਸਾਲ 2024-25 'ਚ 12,500 ਕਰੋੜ ਰੁਪਏ ਦਾ ਨਿਵੇਸ ਕਰੇਗੀ। ਦੇਸ ਦੀ ਦੂਜੀ ਸਭ ਤੋਂ ਵੱਡੀ ਤੇਲ ਉਤਪਾਦਕ ਕੰਪਨੀ ਆਇਲ ਇੰਡੀਆ ਲਿਮਟਿਡ (ਓ. ਆਈ. ਐੱਲ.) ਚਾਲੂ ਵਿੱਤੀ ਸਾਲ ਦੇ 5,648 ਕਰੋੜ ਰੁਪਏ ਦੇ ਮੁਕਾਬਲੇ ਅਗਲੇ ਸਾਲ 6,880 ਕਰੋੜ ਰੁਪਏ ਦਾ ਨਿਵੇਸ ਕਰੇਗੀ। ਅੰਤ੍ਰਿਮ ਬਜਟ 'ਚ, ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਪੈਟਰੋਲੀਅਮ ਮਾਰਕੀਟਿੰਗ ਕੰਪਨੀਆਂ-ਆਈ. ਓ. ਸੀ., ਬੀ. ਪੀ. ਸੀ. ਐੱਲ. ਤੇ ਐੱਚ. ਪੀ. ਸੀ. ਐੱਲ. ਨੂੰ ਪੂੰਜੀਗਤ ਸਮਰਥਨ ਨੂੰ ਅਗਲੇ ਵਿੱਤੀ ਸਾਲ ਤੱਕ ਮੁਲਤਵੀ ਕਰਨ ਦਾ ਪ੍ਰਸਤਾਵ ਹੈ। ਉਨ੍ਹਾਂ ਨੇ 2023-24 ਦਾ ਸਾਲਾਨਾ ਬਜਟ ਪੇਸ ਕਰਦੇ ਹੋਏ ਆਈ. ਓ. ਸੀ., ਬੀ. ਪੀ. ਸੀ. ਐੱਲ. ਅਤੇ ਐੱਚ. ਪੀ. ਸੀ. ਐੱਲ. ਨੂੰ ਉਨ੍ਹਾਂ ਦੀਆਂ ਬਦਲਾਅ ਯੋਜਨਾਵਾਂ 'ਚ ਸਮਰਥਨ ਕਰਨ ਲਈ 30,000 ਕਰੋੜ ਰੁਪਏ ਦੇ ਇਕੁਇਟੀ ਨਿਵੇਸ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਕਰਨਾਟਕ ਦੇ ਮੰਗਲੌਰ ਅਤੇ ਆਂਧਰਾ ਪ੍ਰਦੇਸ ਦੇ ਵਿਸਾਖਾਪਟਨਮ 'ਚ ਰਣਨੀਤਕ ਭੂਮੀਗਤ ਸਟੋਰੇਜ ਨੂੰ ਭਰਨ ਲਈ ਕੱਚਾ ਤੇਲ ਖਰੀਦਣ ਨੂੰ 5,000 ਕਰੋੜ ਰੁਪਏ ਦਾ ਪ੍ਰਸਤਾਵ ਵੀ ਰੱਖਿਆ ਸੀ। ਪਿਛਲੇ ਸਾਲ ਨਵੰਬਰ 'ਚ ਵਿੱਤ ਮੰਤਰਾਲਾ ਨੇ ਇਕਵਿਟੀ ਸਪੋਰਟ ਨੂੰ ਅੱਧਾ ਕਰ ਦਿੱਤਾ ਸੀ। ਦੇਸ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ ਕੰਪਨੀ ਇੰਡੀਅਨ ਆਇਲ ਕਾਰਪੋਰੇਸਨ (ਆਈ. ਓ. ਸੀ.) 30,910 ਕਰੋੜ ਰੁਪਏ ਦੇ ਨਿਵੇਸ ਦੇ ਨਾਲ ਸਭ ਤੋਂ ਵੱਧ ਖਰਚ ਵਾਲੀ ਕੰਪਨੀ ਹੋਵੇਗੀ। ਆਈ. ਓ. ਸੀ. ਇਹ ਨਿਵੇਸ ਮੁੱਖ ਤੌਰ 'ਤੇ ਵਿਸਤਾਰ ਤੇ ਈਂਧਨ ਪੈਦਾ ਕਰਨ ਵਾਲੀਆਂ ਆਪਣੀਆਂ 7 ਰਿਫਾਇਨਰੀਆਂ ਦੇ ਵਿਸਤਾਰ ਅਤੇ ਅਪਗ੍ਰੇਡ ਕਰਨ 'ਤੇ ਹੋਵੇਗਾ। ਇਸ ਰਕਮ 'ਚੋਂ, 3,299 ਕਰੋੜ ਰੁਪਏ ਕੰਪਨੀ ਪੈਟਰੋਕੈਮੀਕਲ ਕਾਰੋਬਾਰ 'ਤੇ ਅਤੇ ਛੋਟੇ ਤੇਲ ਅਤੇ ਗੈਸ ਖੋਜ ਪੋਰਟਫੋਲੀਓ 'ਤੇ 236.48 ਕਰੋੜ ਰੁਪਏ ਖਰਚ ਕਰੇਗੀ। ਹਾਲਾਂਕਿ, ਆਈ. ਓ. ਸੀ. ਦਾ ਨਿਵੇਸ 2023-24 ਦੇ ਖਰਚ 31,254 ਕਰੋੜ ਰੁਪਏ ਤੋਂ ਥੋੜ੍ਹਾ ਘੱਟ ਹੈ। ਲੋਕ ਸਭਾ 'ਚ ਪੇਸ ਕੀਤੇ 2024-25 ਦੇ ਅੰਤ੍ਰਿਮ ਬਜਟ 'ਚ ਸੀਤਾਰਾਮਨ ਨੇ ਚਾਲੂ ਵਿੱਤੀ ਸਾਲ 'ਚ ਇਕੁਇਟੀ ਨਿਵੇਸ ਲਈ ਕੋਈ ਅਲਾਟਮੈਂਟ ਨਹੀਂ ਦਿਖਾਈ ਹੈ। ਹੁਣ 2024-25 'ਚ ਪੈਟਰੋਲੀਅਮ ਕੰਪਨੀਆਂ ਲਈ 15,000 ਕਰੋੜ ਰੁਪਏ ਰੱਖੇ ਗਏ ਹਨ। ਬਜਟ ਦਸਤਾਵੇਜਾਂ ਅਨੁਸਾਰ, ਰਣਨੀਤਕ ਭੰਡਾਰਾਂ ਨੂੰ ਭਰਨ ਲਈ ਮੌਜੂਦਾ ਵਿੱਤੀ ਸਾਲ ਜਾਂ ਅਗਲੇ ਵਿੱਤੀ ਸਾਲ ਲਈ ਕੋਈ ਰਕਮ ਅਲਾਟ ਨਹੀਂ ਕੀਤੀ ਗਈ ਹੈ। ਉਦਯੋਗਿਕ ਸੂਤਰਾਂ ਨੇ ਕਿਹਾ ਕਿ ਇਸ ਫੈਸਲੇ ਨੂੰ ਮੌਜੂਦਾ ਵਿੱਤੀ ਸਾਲ 'ਚ ਤਿੰਨ ਕੰਪਨੀਆਂ ਦੇ ਮੁਨਾਫੇ 'ਚ ਵਾਧੇ ਨਾਲ ਜੋੜਿਆ ਜਾ ਸਕਦਾ ਹੈ। ਇਨ੍ਹਾਂ ਕੰਪਨੀਆਂ ਨੇ 2022-23 ਦੇ ਵਿੱਤੀ ਸਾਲ ਦੇ ਨੁਕਸਾਨ ਦੀ ਭਰਪਾਈ ਕੀਤੀ ਹੈ। ਇਹ ਤਿੰਨੋਂ ਇਸ ਸਾਲ ਚੰਗਾ ਮੁਨਾਫਾ ਕਮਾ ਰਹੇ ਹਨ ਕਿਉਂਕਿ ਕੱਚੇ ਤੇਲ ਦੀਆਂ ਕੀਮਤਾਂ ਡਿੱਗਣ ਦੇ ਬਾਵਜੂਦ 21 ਮਹੀਨਿਆਂ ਤੋਂ ਪ੍ਰਚੂਨ ਵਿਕਰੀ ਮੁੱਲ 'ਚ ਕੋਈ ਬਦਲਾਅ ਨਹੀਂ ਹੋਇਆ ਹੈ।

